
ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਸਾਲ-1 ਅੰਕ-1 • ਮਾਸਿਕ • ਫ਼ਰਵਰੀ 2012 • ₹ 10



- ਪ੍ਰਚੂਨ ਵਪਾਰ ਵਿੱਚ ਸਿੱਧਾ ਵਿਦੇਸ਼ੀ ਨਿਵੇਸ਼:
  ਹਮਾਇਤ, ਵਿਰੋਧ ਅਤੇ ਸਹੀ ਇਨਕਲਾਬੀ ਪੋਜ਼ੀਸ਼ਨ
- ਵਰਤਮਾਨ ਸੰਕਟ ਅਤੇ ਲੋਕਾਂ ਦਾ ਸੰਘਰਸ਼:
  ਕੀ ਪੂੰਜੀਵਾਦ-ਵਿਰੋਧ ਕਾਫ਼ੀ ਹੈ?
- ਭੁੱਖ, ਉਜਾੜਾ ਅਤੇ ਜਮਹੂਰੀਅਤ ਦਾ ਸੁੰਗੜਦਾ ਦਾਇਰਾ



ਸ਼ਹੀਦ ਚੰਦਰ ਸ਼ੇਖਰ ਅਜ਼ਾਦ

(23 ਜੁਲਾਈ 1906 – 27 ਫ਼ਰਵਰੀ 1931)

81ਵੇਂ ਸ਼ਹਾਦਤ ਦਿਵਸ ਮੌਕੇ

"ਅਮਰ ਸ਼ਹੀਦ ਚੰਦਰ ਸ਼ੇਖਰ ਅਜ਼ਾਦ ਨੇ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ' ਦੇ ਕਮਾਂਡਰ-ਇਨ-ਚੀਫ਼ ਦੇ ਰੂਪ 'ਚ ਇਲਾਹਾਬਾਦ ਦੇ ਅਲਫ਼ਰੇਡ ਪਾਰਕ 'ਚ ਭਾਰਤ ਦੇ ਵਿਦੇਸ਼ੀ ਸਾਮਰਾਜਵਾਦੀ ਜਾਬਰਾਂ ਦੀ ਹਥਿਆਰਬੰਦ ਤਾਕਤ ਨਾਲ਼ ਟੱਕਰ ਲੈਂਦੇ ਹੋਏ ਸ਼ਹਾਦਤ ਹਾਸਲ ਕੀਤੀ। ਪੰਜਾਬ ਕੇਸਰੀ ਲਾਲਾ ਲਾਜਪਤ ਰਾਏ 'ਤੇ ਲਾਠੀਆਂ ਦਾ ਜਾਨਲੇਵਾ ਹਮਲਾ ਕਰਨ ਵਾਲ਼ੇ ਲਾਹੌਰ ਦੇ ਅਸਿਸਟੈਂਟ ਪੁਲਿਸ ਸੁਪਰਇੰਟੈਂਡੈਂਟ ਸਾਂਡਰਸ ਨੂੰ ਮੌਤ ਦੀ ਸਜ਼ਾ ਦੇਣ ਦਾ ਸਫਲ ਪ੍ਰਬੰਧ ਵੀ ਅਜ਼ਾਦ ਨੇ ਕੀਤਾ। ਉਹਨਾਂ ਨੇ ਭਾਰਤ ਦੀ ਕੌਮੀ ਇੱਜਤ ਦੀ ਰੱਖਿਆ 'ਚ ਸੁਚੇਤ ਇਨਕਲਾਬੀਆਂ ਨੂੰ ਜਥੇਬੰਦ ਕੀਤਾ ਅਤੇ ਉਹਨਾਂ ਦੀ ਹੋਂਦ ਤੋਂ ਅਸਰਦਾਰ ਢੰਗ ਨਾਲ ਜਾਣੂ ਕਰਵਾਇਆ। ਉਹ ਘਟਨਾਵਾਂ, ਅਜ਼ਾਦ ਦੇ ਇਤਿਹਾਸਕ ਕੰਮ ਹਨ, ਜਿਹਨਾਂ ਨੇ ਉਹਨਾਂ ਨੂੰ ਭਾਰਤੀ ਮੁਕਤੀ ਸੰਘਰਸ਼ ਦੇ ਇਤਿਹਾਸ 'ਚ ਇੱਕ ਉੱਚੀ ਜਗ੍ਹਾਂ 'ਤੇ ਇੱਜਤ ਦਿੱਤੀ। ਪਰ ਇਸ ਆਦਰਸ਼ ਨੂੰ ਵਿਵਹਾਰਿਕ ਕਦਰ ਪ੍ਦਾਨ ਕਰਨ ਵਾਲ਼ਾ ਉਹਨਾਂ ਦਾ ਉਹ ਵਿਅਕਤੀਗਤ ਵਿਵਹਾਰ ਹੀ ਸੀ, ਜਿਸਨੇ ਉਹਨਾਂ ਨੂੰ ਆਪਣੇ ਸਾਥੀਆਂ ਦਾ ਪਿਆਰਾ ਲੀਡਰ ਬਣਾ ਦਿੱਤਾ, ਜਿਸਨੇ ਸਾਥੀਆਂ ਦੇ ਦਿਲ 'ਚ ਉਹਨਾਂ ਲਈ ਅਜਿਹਾ ਵਿਸ਼ਵਾਸ ਉਤੰਪਨ ਕਰ ਦਿੱਤਾ ਕਿ ਸਿਰਫ਼ ਉਹਨਾਂ ਦੇ ਇੱਕ ਇਸ਼ਾਰੇ 'ਤੇ ਉਹ ਸਾਥੀ ਜਾਨ ਦੇਣ ਨੂੰ ਤਿਆਰ ਰਹਿੰਦੇ ਸਨ ਅਤੇ ਸੱਭ ਤੋਂ ਵੱਧ ਮਹੱਤਵਪੂਰਨ ਹਨ ਉਹ ਗੱਲਾਂ, ਜਿਹੜੀਆਂ ਸਾਨੂੰ ਵਿਸ਼ਵਾਸ ਦਿਵਾਉਂਦੀਆਂ ਹਨ ਕਿ ਅਜ਼ਾਦ ਸਾਡੇ ਜਿਹੇ ਹੀ ਸਨ, ਸਾਡੇ 'ਚੋਂ ਇਕ ਹੀ ਸਨ, ਸਾਡੇ ਸਨ।

ਅਮਰ ਸ਼ਹੀਦ ਇਨਕਲਾਬੀ ਸੇਨਾਨੀ ਚੰਦਰਸ਼ੇਖਰ ਆਜਾਦ ਦਾ ਸਮਾਰਕ ਅਸਿੱਖਿਅਤ, ਕੁਸੰਸਕਾਰ ਗ੍ਰਸਤ, ਗਰੀਬੀ 'ਚ ਪਏ ਹੋਏ ਲੋਕਾਂ ਦਾ ਇਨਕਲਾਬ ਦੇ ਰਾਹ 'ਤੇ ਦਿਨ-ਬ-ਦਿਨ ਵੱਧਦੇ ਜਾਣ ਦਾ ਸਮਾਰਕ ਹੈ, ਦ੍ਰਿੜ ਸਾਹਸ, ਵਿਵਹਾਰਕ ਸੂਝਬੂਝ ਅਤੇ ਸਾਥੀਆਂ ਲਈ ਦਿਲੀ ਸਨੇਹ, ਤਿਆਗ ਅਤੇ ਕੁਰਬਾਨੀ ਲਈ ਲਗਾਤਾਰ ਸਰਗਰਮੀ ਦੁਆਰਾ ਹਾਸਲ ਅਗਵਾਈ ਦਾ ਸਮਾਰਕ ਹੈ ਅਤੇ ਹੈ ਸਾਮਰਾਜਵਾਦ ਦੇ ਵਿਰੁੱਧ ਜ਼ਿੰਦਗੀ ਭਰ ਦ੍ਰਿੜ ਫੈਸਲਾਕੁੰਨ ਜੰਗ ਅਤੇ ਸਮਾਜਵਾਦ ਦੀ ਸਥਾਪਨਾ ਲਈ ਨਿਡਰਤਾ ਨਾਲ ਵੱਧਦੇ ਜਾਣ ਦਾ ਸਮਾਰਕ।"

-ਭਗਵਾਨ ਦਾਸ ਮਹੌਰ

'ਲਲਕਾਰ' ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ 'ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। "ਲਲਕਾਰ" ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। "ਲਲਕਾਰ" ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੇਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ 'ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ 'ਲਲਕਾਰ' ਦਾ ਬੇਖੌਫ਼ ਐਲਾਨ ਹੈ।

ਇਸ ਅੰਕ 'ਚ

ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ

ਸਾਲ 1 ਅੰਕ 1

ਫਰਵਰੀ 2012

ਸੰਪਾਦਕ
ਲਖਵਿੰਦਰ

ਇੱਕ ਕਾਪੀ ਦਾ ਮੁੱਲ
ਦਸ ਰੁਪਏ
ਸਾਲਾਨਾ ਚੰਦਾ
120 ਰੁਪਏ
(ਡਾਕ ਰਾਹੀਂ 150 ਰੁਪਏ)

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ.ਐੱਸ.ਐੱਨ.ਐੱਲ. ਟੈਲੀਫੋਨ ਐਕਸਚੇਂਜ਼, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ-140406, ਪੰਜਾਬ।

ਫੋਨ ਨੰ. - 9646150249 ਈਮੇਲ: **lalkaar08@rediffmail.com**

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ-140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ

ਵਿਧਾਨ ਸਭਾ ਚੋਣਾਂ

ਲੋਕਾਂ ਨੂੰ ਲੁੱਟਣ ਤੇ ਕੁੱਟਣ ਵਾਲ਼ਿਆਂ ਦੀਆਂ ਚੋਣਾਂ

ਦੇਸ਼ ਦੇ ਪੰਜ ਰਾਜਾਂ ਵਿੱਚ ਵਿਧਾਨ ਸਭਾ ਚੋਣਾਂ ਦੀ ਪ੍ਰਕਿਰਿਆ ਚੱਲ ਰਹੀ ਹੈ। 06 ਮਾਰਚ ਨੂੰ ਇਹ ਪਤਾ ਲੱਗ ਜਾਵੇਗਾ ਕਿ ਕਿਨ੍ਹਾਂ ਪਾਰਟੀਆਂ ਅਤੇ ਲੀਡਰਾਂ ਨੂੰ ਸੱਤਾ ਦੀਆਂ ਕੁਰਸੀਆਂ 'ਤੇ ਬੈਠਣ ਦਾ ਮੌਕਾ ਮਿਲਣ ਜਾ ਰਿਹਾ ਹੈ। ਇਹਨਾਂ ਵਿਧਾਨ ਸਭਾ ਚੋਣਾਂ ਵਿੱਚ ਵੀ ਧਨ ਅਤੇ ਨਸ਼ੇ ਤੋਂ ਇਲਾਵਾ ਧਰਮ, ਜਾਤ, ਇਲਾਕਾ, ਬਿਰਾਦਰੀ ਆਦਿ ਅਧਾਰਿਤ ਸਭ ਹਥਕੰਡੇ ਵੱਡੇ ਪੱਧਰ 'ਤੇ ਵਰਤੇ ਗਏ ਹਨ। ਲੋਕਾਂ ਦੀਆਂ ਸਮੱਸਿਆਵਾਂ, ਦੁੱਖਾਂ-ਦਰਦਾਂ ਨੂੰ ਭਾਸ਼ਣਾਂ ਦਾ ਸ਼ਿੰਗਾਰ ਬਣਾ ਕੇ ਅਤੇ ਤਰ੍ਹਾਂ-ਤਰ੍ਹਾਂ ਦੇ ਲਾਰੇ ਲਾ ਕੇ ਸਭਨਾਂ ਚੋਣ ਮਦਾਰੀਆਂ ਨੇ ਲੋਕਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਵਿੱਚ ਇਸ ਵਾਰ ਵੱਡੀ ਪੱਧਰ 'ਤੇ ਵੋਟਿੰਗ ਹੋਈ ਹੈ, ਜਿਸਨੂੰ ਪੂੰਜੀਵਾਦੀ ਮੀਡੀਆ ਵੱਲੋਂ ਇੱਕ ਰਿਕਾਰਡ ਸਥਾਪਤ ਹੋਣ ਵਜੋਂ ਪ੍ਰਚਾਰਿਆ। ਇਹ ਵੋਟਿੰਗ ਦਰਸਾਉਂਦੀ ਹੈ ਕਿ ਇਸ ਅਖੌਤੀ ਲੋਕਤੰਤਰ ਪ੍ਰਤੀ ਲੋਕਾਂ 'ਚ ਅਜੇ ਵੀ ਵੱਡੀ ਪੱਧਰ 'ਤੇ ਭਰਮ ਭੁਲੇਖੇ ਬਣੇ ਹੋਏ ਹਨ। ਪੰਜਾਬ ਵਿੱਚ ਪਿਛਲੇ ਲਗਭਗ ਛੇ ਦਹਾਕਿਆਂ ਤੋਂ ਕਾਂਗਰਸ ਅਤੇ ਅਕਾਲੀ ਪਾਰਟੀ ਨੇ ਵਾਰੀ ਵਾਰੀ ਰਾਜ ਕੀਤਾ ਹੈ। ਪੰਜਾਬ ਦੇ ਲੋਕਾਂ ਨੇ ਅਕਸਰ ਚੋਣਾਂ ਮੌਕੇ ਹਕੂਮਤ ਕਰਦੀ ਪਾਰਟੀ ਦੇ ਵਿਰੁੱਧ ਫਤਵਾ ਦਿੱਤਾ ਹੈ। ਪਰ ਇਸ ਨਾਲ਼ ਲੋਕੰ ਦੀ ਭੁੱਖ ਨੰਗ, ਗਰੀਬੀ ਬੇਰੁਜ਼ਗਾਰੀ ਦੀ ਹਾਲਤ ਵਿੱਚ ਕੋਈ ਫਰਕ ਨਹੀਂ ਪਿਆ ਅਤੇ ਨਾ ਹੀ ਇਸ ਜਾਂ ਉਸ ਧਨਾਢ ਦੀ ਪਾਰਟੀ ਨੂੰ ਵੋਟ ਦੇਣ ਨਾਲ਼ ਇਸ ਹਾਲਤ ਵਿੱਚ ਕੋਈ ਫਰਕ ਪਵੇਗਾ। ਪਿਛਲੇ ਛੇ ਦਹਾਕਿਆਂ ਦਾ ਤਜ਼ਰਬਾ ਇਸ ਦਾ ਗਵਾਹ ਹੈ। ਇਹੋ ਗੱਲ ਪੂਰੇ ਦੇਸ਼ ਉੱਪਰ ਵੀ ਲਾਗੂ ਹੁੰਦੀ ਹੈ। ਭਾਰਤ ਵਿੱਚ ਹੁਣ ਤੱਕ ਬਣਨ ਵਾਲ਼ੀਆਂ ਸਾਰੀਆਂ ਸਰਕਾਰਾਂ ਨੇ ਬਿਨਾਂ ਕਿਸੇ ਛੋਟ ਤੋਂ ਲੋਕਾਂ ਨੂੰ ਲੁੱਟਣ ਅਤੇ ਕੁੱਟਣ ਦਾ ਕੰਮ ਕੀਤਾ ਹੈ। ਮੌਜੂਦਾ ਵਿਧਾਨ ਸਭਾ ਚੋਣਾਂ ਵਿੱਚ ਕੁਝ ਵੀ ਅਜਿਹਾ ਨਹੀਂ ਜਿਸ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੋਵੇ ਕਿ ਇਹ ਚੋਣਾਂ ਲੋਕਾਂ ਲਈ ਕੋਈ ਸਾਰਥਕ ਨਤੀਜੇ ਲੈ ਕੇ ਆਉਣਗੀਆਂ।

ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ ਲਈ 30 ਜਨਵਰੀ ਨੂੰ ਵੋਟਾਂ ਪੈ ਚੁੱਕੀਆਂ ਹਨ। ਪੂਰਾ ਇੱਕ ਮਹੀਨਾ ਬਰਸਾਤੀ ਡੱਡੂਆਂ ਦੀ ਟੈਂ-ਟੈਂ ਸੁਣਾਈ ਦਿੰਦੀ ਰਹੀ। ਬਾਦਲਾਂ ਦੇ ਅਕਾਲੀ ਦਲ, ਭਾਜਪਾ, ਕਾਂਗਰਸ ਤੋਂ ਲੈ ਕੇ ਪੀ.ਪੀ.ਪੀ, ਬਸਪਾ, ਨਕਲੀ ਲਾਲ ਝੰਡੇ ਵਾਲ਼ੀਆਂ ਪਾਰਟੀਆਂ, ਆਦਿ ਛੋਟੀਆਂ-ਵੱਡੀਆਂ ਪਾਰਟੀਆਂ ਦੇ ਸੈਂਕੜੇ ਲੀਡਰਾਂ ਨੇ ਇਹ ਚੋਣਾਂ ਲੜੀਆਂ। ਅਨੇਕਾਂ ਅਜ਼ਾਦ ਉਮੀਦਵਾਰਾਂ ਨੇ ਜੋਰ ਅਜਮਾਇਸ਼ ਕੀਤੀ ਜਿਨ੍ਹਾਂ ਵਿੱਚੋਂ ਜਿਆਦਾਤਰ ਪਾਰਟੀ ਵੱਲੋਂ ਟਿਕਟ ਨਾ ਮਿਲਣ ਕਰਕੇ ਰੁੱਸ ਕੇ 'ਅਜ਼ਾਦ' ਹੋ ਗਏ। ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਲਈ ਕੁਲ 1078 ਉਮੀਦਵਾਰਾਂ ਨੇ ਚੋਣ ਲੜੀ ਹੈ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੋ ਵੱਡੀਆਂ ਪਾਰਟੀਆਂ ਹਨ। ਤੀਸਰੇ ਨੰਬਰ 'ਤੇ ਭਾਰਤੀ ਜਨਤਾ ਪਾਰਟੀ ਆਉਂਦੀ ਹੈ। ਬਾਕੀ ਛੋਟੀਆਂ ਛੋਟੀਆਂ ਪਾਰਟੀਆਂ ਹਨ ਜੋ ਪੰਜਾਬ ਵਿਧਾਨ ਸਭਾ ਚੋਣਾਂ ਦੇ ਰੁਝਾਨ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਤੋਂ ਵਿਹੂਣੀਆਂ ਹਨ। ਕਾਂਗਰਸ ਭਾਰਤ ਦੀ ਸਰਮਾਏਦਾਰ ਜਮਾਤ ਦੀ ਸਭ ਤੋਂ ਪੁਰਾਣੀ ਅਤੇ ਭਰੋਸੇਯੋਗ ਪਾਰਟੀ ਹੈ। ਭਾਰਤ 'ਤੇ ਸਭ ਤੋਂ ਲੰਬਾ ਸਮਾਂ ਇਸੇ ਪਾਰਟੀ ਨੇ ਹਕੂਮਤ ਕੀਤੀ ਹੈ। ਯਾਨੀ ਭਾਰਤ ਦੇ ਕਿਰਤੀ ਲੋਕਾਂ ਦੀ ਖ਼ੂਨ ਪਸੀਨੇ ਦੀ ਕਮਾਈ ਇੱਥੋਂ ਦੇ ਸਰਮਾਏਦਾਰ ਬੇਰੋਕ-ਟੋਕ ਹੜੱਪਦੇ ਰਹਿਣ ਇਸਦੀ ਸਭ ਤੋਂ ਵੱਧ ਗਰੰਟੀ ਇਸੇ ਪਾਰਟੀ ਨੇ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਪੇਂਡੂ ਸਰਮਾਏਦਾਰਾਂ (ਖੇਤੀ ਅਧਾਰਤ) ਦੀ ਪਾਰਟੀ ਹੈ। ਇਸਦੇ ਜ਼ਿਆਦਾਤਰ ਲੀਡਰ ਵੀ ਵੱਡੇ ਲੈਂਡਲਾਰਡ ਹਨ, ਇਹ ਪਾਰਟੀ ਮੁੱਖ ਤੌਰ 'ਤੇ ਇਸੇ ਜਮਾਤ ਦੇ ਹਿੱਤਾਂ 'ਚ ਕੰਮ ਕਰਦੀ ਹੈ। ਭਾਰਤੀ ਜਨਤਾ ਪਾਰਟੀ ਭਾਰਤ ਦੀ ਸਰਮਾਏਦਾਰ ਜਮਾਤ ਦਾ ਫਾਸੀਵਾਦੀ ਵਿੰਗ। ਇਹ ਹਿੰਦੂ ਫਾਸੀਵਾਦੀ ਜਥੇਬੰਦੀ ਰਾਸ਼ਟਰੀ ਸਵੈ ਸੇਵਕ ਸੰਘ (ਆਰ. ਐੱਸ. ਐੱਸ.) ਦਾ ਸਿਆਸੀ ਵਿੰਗ ਹੈ। ਇਸ ਪਾਰਟੀ ਦੇ ਨਾਇਕ ਹਿਟਲਰ, ਮੁਸੋਲਿਨੀ ਆਦਿ ਹਨ। ਦੇਸ਼ ਦੇ ਵੱਖ ਵੱਖ ਹਿੱਸਿਆਂ ਧਾਰਮਿਕ ਦੰਗੇ ਫਸਾਦ ਕਰਾਉਣ, ਧਾਰਮਿਕ ਘੱਟ ਗਿਣਤੀਆਂ ਦੇ ਬਰਾਬਰ ਕਤਲੇਆਮ ਜਥੇਬੰਦ ਕਰਨ ਇਸ ਸੰਘੀ ਲਾਣੇ ਦਾ ਮੁੱਖ ਕੰਮ ਹੈ। ਪੰਜਾਬ ਵਿੱਚ ਇਸ ਪਾਰਟੀ ਨੇ (ਬੀਜੇਪੀ) ਨੇ ਆਪਣਾ ਅਧਾਰ ਲਗਾਤਾਰ ਵਧਾਇਆ ਹੈ ਜੋ ਕਿ ਚਿੰਤਾ ਦੀ ਗੱਲ ਹੈ।

ਸੱਨਅਤੀ ਮਜ਼ਦੂਰ, ਖੇਤ ਮਜ਼ਦੂਰ, ਗਰੀਬ ਕਿਸਾਨ, ਪੇਂਡੂ ਅਤੇ ਸ਼ਹਿਰੀ ਮੱਧ ਵਰਗ ਇਸ ਦੇਸ਼ ਅਤੇ ਪੰਜਾਬ ਦੀ ਅਬਾਦੀ ਦਾ ਸਭ ਤੋਂ ਵੱਡਾ ਹਿੱਸਾ ਬਣਦੇ ਹਨ। ਇਹਨਾਂ ਦੇ ਹਿੱਤਾਂ ਦੀ ਗੱਲ ਕੋਈ ਵੀ ਸੰਸਦੀ ਪਾਰਟੀ ਨਹੀਂ

ਕਰਦੀ। ਇਹਨਾਂ ਗਰੀਬ ਕਿਰਤੀਆਂ ਨੂੰ ਸਭ ਵੋਟ ਪਾਰਟੀਆਂ ਲਾਰੇ ਲਾਉਂਦੀਆਂ ਨੇ, ਵੋਟਾਂ ਲੈਂਦੀਆਂ ਨੇ ਅਗਲੇ ਪੰਜ ਸਾਲ ਇਹਨਾਂ ਗਰੀਬ ਕਿਰਤੀਆਂ ਦੀ ਕਿਰਤ ਦੀ ਸਰਮਾਏਦਾਰ ਹੱਥੋਂ ਲੁੱਟ ਦੀ ਜ਼ਾਮਨੀ ਕਰਦੀਆਂ ਹਨ ਅਤੇ ਕਿਰਤੀ ਲੋਕਾਂ ਦੇ ਲੁੱਟ, ਜ਼ਬਰ, ਅਨਿਆਂ ਵਿਰੁਧ ਹਰ ਰੋਸ ਨੂੰ ਡਾਂਗ, ਗੋਲ਼ੀ ਦੇ ਜ਼ੋਰ ਦਬਾਉਂਦੀਆਂ ਹਨ।

ਅੱਜ ਰਾਜਨੀਤੀ ਬੇਹੱਦ ਮੁਨਾਫ਼ੇ ਵਾਲ਼ਾ ਧੰਦਾ ਬਣ ਚੁੱਕੀ ਹੈ। ਹਰ ਕੋਈ ਇਸ ਧੰਦੇ 'ਚੋਂ ਵੱਧ ਤੋਂ ਵੱਧ ਖੱਟਣ ਲਈ ਕਾਹਲ਼ਾ ਹੈ। ਪਿਛਲੀ ਵਿਧਾਨ ਸਭਾ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਦੇ 77 ਵਿਧਾਇਕਾਂ ਦੀ ਦੌਲਤ ਵਿੱਚ ਪਿਛਲੇ ਪੰਜ ਸਾਲਾਂ ਵਿੱਚ 133 ਫੀਸਦੀ ਵਾਧਾ ਹੋਇਆ ਹੈ। ਭਾਰਤੀ ਜਨਤਾ ਪਾਰਟੀ ਦੇ ਜਿਹੜੇ ਦਸ ਵਿਧਾਇਕਾਂ ਨੇ ਇਸ ਵਾਰ ਦੁਬਾਰਾ ਤੋਂ ਚੋਣ ਲੜੀ ਹੈ ਉਹ ਪੰਜਾਂ ਸਾਲਾਂ ਵਿੱਚ 236 ਫੀਸਦੀ ਅਮੀਰ ਹੋ ਗਏ। ਕਾਂਗਰਸ ਦੇ 37 ਵਿਧਾਇਕ ਸਨ। ਉਹਨਾਂ ਦੀ ਕੁੱਲ ਦੌਲਤ ਪੰਜ ਸਾਲ ਪਹਿਲਾਂ 4.29 ਕਰੋੜ ਸੀ ਜੋ ਹੁਣ 11.11 ਕਰੋੜ ਹੋ ਚੁੱਕੀ ਹੈ ਭਾਵ 159 ਫੀਸਦੀ ਵਾਧਾ। ਸ਼੍ਰੋਮਣੀ ਅਕਾਲੀ ਦਲ ਦੇ 28 ਵਿਧਾਇਕਾਂ ਦੀ ਜਾਇਦਾਦ ਵਿੱਚ 86 ਫੀਸਦੀ ਵਾਧਾ ਹੋਇਆ ਹੈ। ਭੁਲੱਥ ਤੋਂ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦੀ ਜਾਇਦਾਦ ਪੰਜ ਵਰ੍ਹਿਆਂ ਵਿੱਚ 2.21 ਕਰੋੜ ਤੋਂ ਵੱਧ ਕੇ 52.66 ਕਰੋੜ ਹੋ ਚੁੱਕੀ ਹੈ ਭਾਵ ਕਿ 2282 ਫੀਸਦੀ ਵਾਧਾ! ਬਰਨਾਲੇ ਤੋਂ ਵਿਧਾਇਕ ਰਹੇ ਕਾਂਗਰਸੀ ਲੀਡਰ ਕੇਵਲ ਸਿੰਘ ਢਿੱਲੋਂ ਜਿਸਨੇ ਹੁਣ ਵੀ ਚੋਣ ਲੜੀ ਹੈ, ਦੀ ਦੌਲਤ ਵਿੱਚ ਪੰਜ ਸਾਲਾਂ ਵਿੱਚ ਇੱਕ ਹਜ਼ਾਰ ਫੀਸਦੀ ਵਾਧਾ ਹੋਇਆ। ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਲੋਕਾਂ ਤੋਂ ਵੋਟਾਂ ਮੰਗਣ ਵਾਲੇ ਸਾਂਝੇ ਮੋਰਚੇ ਦੇ ਆਗੂ ਮਨਪ੍ਰੀਤ ਸਿੰਘ ਬਾਦਲ ਦੀ ਜਾਇਦਾਦ ਵਿੱਚ 205 ਫੀਸਦੀ ਵਾਧਾ ਹੋਇਆ ਹੈ। ਸੁਖਬੀਰ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਵਰਗੇ ਵੱਡੇ ਪਾਰਟੀ ਲੀਡਰਾਂ ਦੀ ਜਾਇਦਾਦ 'ਚ ਵੀ ਵੱਡਾ ਵਾਧਾ ਹੋਇਆ ਹੈ। ਪਿਛਲੀ ਸਰਕਾਰ ਦੇ 83 ਫੀਸਦੀ ਮੰਤਰੀ ਕਰੋੜਪਤੀ ਸਨ। ਧਿਆਨ ਰਹੇ ਕਿ ਇਹ ਅੰਕੜੇ ਇਹਨਾਂ ਲੀਡਰਾਂ ਵਲੋਂ ਚੋਣ ਕਮਿਸ਼ਨ ਨੂੰ ਖੁਦ ਦਰਜ਼ ਕਰਵਾਈ ਗਈ ਜਾਣਕਾਰੀ ਦੇ ਅਧਾਰ 'ਤੇ ਹਨ। ਇਹ ਏਨੇ ਭਲੇਮਾਨਸ ਨਹੀਂ ਕਿ ਆਪਣੀ ਕੁਲ ਜਾਇਦਾਦ ਦੇ ਸਹੀ ਵੇਰਵੇ ਲੋਕਾਂ ਸਾਹਮਣੇ ਲੈ ਆਉਣ। ਇਸ ਲਈ ਜੋ ਉਪਰੋਕਤ ਜਾਣਕਾਰੀ ਸਾਹਮਣੇ ਆਈ ਹੈ ਉਹ ਤਾਂ ਸੱਚ ਦਾ ਇੱਕ ਹਿੱਸਾ ਹੀ ਹੈ। ਜਿੱਥੇ ਕਿਰਤੀ ਲੋਕਾਂ ਦੀਆਂ ਗਰੀਬੀ, ਬਦਹਾਲੀ, ਦੁੱਖਾਂ-ਦਰਦਾਂ ਵਿੱਚ ਕੋਈ ਕਮੀ ਆਉਣੀ ਤਾਂ ਦੂਰ ਰਹੀ ਸਗੋਂ ਵਾਧਾ ਹੋਇਆ ਹੈ ਉੱਥੇ ਇਹਨਾਂ ਵਿਧਾਇਕਾਂ-ਮੰਤਰੀਆਂ ਦੀਆਂ ਜਾਇਦਾਦਾਂ ਦਾ ਏਨੀ ਤੇਜੀ ਨਾਲ਼ ਵਧਣਾ ਪੂੰਜੀਵਾਦੀ ਰਾਜਨੀਤੀ ਦਾ ਚਿਹਰਾ ਇੱਕਦਮ ਨੰਗਾ ਕਰ ਦਿੰਦਾ ਹੈ। ਪੂੰਜੀਵਾਦੀ ਪ੍ਰਬੰਧ ਵਿੱਚ ਚੋਣਾਂ ਧਨ-ਦੌਲਤ ਦੀ ਤਾਕਤ ਨਾਲ਼ ਹੀ ਲੜੀਆਂ ਅਤੇ ਜਿੱਤੀਆਂ ਜਾ ਸਕਦੀਆਂ ਹਨ। ਲੱਖਾਂ-ਕਰੋੜਾਂ ਰੁਪਏ ਖਰਚ ਕੇ ਜਿਹੜੇ ਲੀਡਰ ਕੁਰਸੀਆਂ 'ਤੇ ਬਿਰਾਜਮਾਨ ਹੁੰਦੇ ਹਨ ਉਹਨਾਂ ਤੋਂ ਹੋਰ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ।

ਭਾਰਤ ਦੀ ਚੋਣ ਪ੍ਰਣਾਲੀ ਦੇ ਕਲੰਕਿਤ ਚਿਹਰੇ ਤੋਂ ਚੋਣ ਕਮਿਸ਼ਨ ਨੇ ਕੁਝ ਦਾਗ ਮਿਟਾਉਣ ਦੀ ਕੋਸ਼ਿਸ਼ ਕੀਤੀ ਹੈ ਸਗੋਂ ਕਿਹਾ ਜਾਣਾ ਚਾਹੀਦਾ ਹੈ ਕਿ ਦਾਗ ਲੁਕਾਉਣ ਦੀ ਕੋਸ਼ਿਸ਼ ਕੀਤੀ ਹੈ। 'ਸਖਤ' ਚੋਣ ਜਾਬਤੇ ਰਾਹੀਂ ਲੀਡਰਾਂ ਦੇ ਚੋਣ ਖਰਚਿਆਂ ਨੂੰ ਕੰਟਰੋਲ ਕਰਨ, ਨਸ਼ੇ-ਪੈਸੇ ਆਦਿ ਰਾਹੀਂ ਵੋਟਰਾਂ ਨੂੰ ਖਰੀਦਣ 'ਤੇ ਰੋਕ ਲਾਉਣ, ਸ਼ੋਰ-ਸ਼ਰਾਬਾ ਰੋਕਣ ਆਦਿ 'ਕੋਸ਼ਿਸ਼' ਕੀਤੀ ਗਈ। ਇਸ ਦਾ ਕੁਝ ਅਸਰ ਵੀ ਦੇਖਣ ਨੂੰ ਮਿਲ਼ਿਆ ਜਿਸਤੋਂ ਕੋਈ ਚੋਣ ਕਮਿਸ਼ਨ ਦੇ ਲੋਕ ਪੱਖੀ ਹੋਣ ਅਤੇ ਭਵਿੱਖ ਵਿੱਚ ਸਾਫ਼-ਸੁਥਰੀਆਂ ਚੋਣਾਂ ਹੋਣ ਸਕਣ ਦੀ ਭਵਿੱਖਬਾਣੀ ਕਰਨ ਦੀ ਹਿੰਮਤ ਕਰ ਸਕਦਾ ਹੈ। ਪਰ ਸਾਨੂੰ ਅਜਿਹਾ ਕੋਈ ਭੁਲੇਖਾ ਨਹੀਂ। ਚੋਣ ਕਮਿਸ਼ਨ ਪੂੰਜੀਵਾਦੀ ਢਾਂਚੇ ਦਾ ਇੱਕ ਅੰਗ ਹੈ। ਚੋਣ ਕਮਿਸ਼ਨ ਨੇ ਜੋ ਵੀ ਕੀਤਾ ਹੈ ਉਹ ਪੂੰਜੀਵਾਦੀ ਢਾਂਚੇ ਦੇ ਹਿੱਤ ਵਿੱਚ ਕੀਤਾ ਹੈ। ਲੋਕਾਂ ਦੇ ਮਨਾਂ ਵਿੱਚ ਪੂੰਜੀਵਾਦੀ ਰਾਜਨੀਤਕ ਢਾਂਚੇ ਪ੍ਰਤੀ ਲਗਾਤਾਰ ਵੱਧ ਰਹੇ ਅਸੰਤੋਸ਼ ਨੂੰ ਘੱਟ ਕਰਨ ਦੀ ਕੋਸ਼ਿਸ਼ ਵਜੋਂ ਹੀ ਚੋਣ ਕਮਿਸ਼ਨ ਨੇ ਸਾਰਾ ਜ਼ੋਰ ਲਾਇਆ ਹੈ। ਇਹ ਵੀ ਸੱਚਾਈ ਹੈ ਕਿ ਇਹਨਾਂ ਚੋਣਾਂ ਵਿੱਚ ਸਭ ਵਿਖਾਵਿਆਂ ਦੇ ਬਾਵਜੂਦ ਚੋਣ ਜਾਬਤੇ ਦੀਆਂ ਧੱਜੀਆਂ ਉਡੀਆਂ ਹਨ। ਨਾ ਨਸ਼ਿਆਂ ਦੀ ਵਰਤੋਂ ਰੁਕੀ ਹੈ, ਅਤੇ ਨਾ ਹੀ ਪੈਸੇ ਨਾਲ਼ ਵੋਟਰਾਂ ਨੂੰ ਖਰੀਦਣ ਤੋਂ ਰੋਕਿਆ ਜਾ ਸਕਿਆ ਹੈ। ਕਾਗਜਾਂ ਵਿੱਚ ਭਾਂਵੇ ਚੋਣ ਖਰਚੇ 4-5 ਲੱਖ ਤੋਂ ਵੱਧ ਨਹੀਂ ਦਰਸਾਏ ਗਏ ਪਰ ਚੋਣ ਜਾਬਤੇ 'ਚ ਤੈਅ ਕੀਤੀ 16 ਲੱਖ ਦੀ ਸੀਮਾ ਨੂੰ ਅਸਲ ਵਿੱਚ ਜਿਆਦਾਤਰ ਲੀਡਰਾਂ ਨੇ ਟਿੱਚ ਕਰਕੇ ਜਾਣਿਆ ਹੈ। ਰਾਜਨੀਤੀ ਆਰਥਿਕਤਾ ਦਾ ਹੀ ਸੰਘਣਾ ਇਜ਼ਹਾਰ ਹੁੰਦੀ ਹੈ। ਅਨਿਆਂਪੂਰਣ ਪੂੰਜੀਵਾਦੀ ਆਰਥਿਕ ਢਾਂਚਾ ਜਿਸਦੇ ਕੇਂਦਰ ਵਿੱਚ ਲੋਕ ਨਹੀਂ ਸਗੋਂ ਮੁਨਾਫ਼ਾ ਹੈ ਇਹੋ ਜਿਹੀ ਹੀ ਰਾਜਨੀਤੀ ਸਿਰਜ ਸਕਦਾ ਹੈ। ਇਹੋ ਜਿਹੀ ਗਲੀ-ਸੜੀ ਰਾਜਨੀਤੀ ਹੀ ਇਸ ਆਰਥਿਕ ਢਾਂਚੇ ਦੀ ਸੇਵਾ ਕਰ ਸਕਦੀ ਹੈ। ਇਸ ਰਾਜਨੀਤੀ 'ਚ ਕਿਸੇ ਸੁਧਾਰ ਦੀ ਕੋਈ ਉਮੀਦ ਕਰਨਾ ਸਿਰੇ ਦੀ ਮੂਰਖਤਾ ਹੋਵੇਗੀ। ਦੂਜੀ ਗੱਲ ਜੇ ਕੋਈ ਸੁਧਾਰ ਹੋ ਜਾਵੇ ਤਾਂ ਵੀ ਜੋ ਸਰਕਾਰਾਂ ਬਣਨਗੀਆਂ ਉਹ ਵੀ ਲੋਕਾਂ ਦੀ ਹਿੱਤਾਂ ਦੀ ਪੂਰਤੀ ਨਹੀਂ ਕਰਨਗੀਆਂ ਕਿਉਂਕਿ ਪੂੰਜੀਵਾਦੀ ਢਾਂਚੇ ਵਿੱਚ ਸਰਕਾਰ ਪੂੰਜੀਪਤੀ ਜਮਾਤ ਦੀ ਮੈਨੇਜਿੰਗ ਕਮੇਟੀ ਤੋਂ ਵੱਧ ਕੁੱਝ ਵੀ ਨਹੀਂ ਹੁੰਦੀ।

ਪੂੰਜੀਵਾਦੀ ਆਰਥਿਕ-ਰਾਜਨੀਤਿਕ ਪ੍ਰਬੰਧ ਦੇ ਖਾਤਮੇ ਰਾਹੀਂ ਹੀ ਦੇਸ਼ ਦੇ ਕਰੋੜਾਂ ਮਜ਼ਦੂਰਾਂ-ਕਿਰਤੀਆਂ ਦੇ ਹਿੱਤਾਂ ਦੀ ਪੂਰਤੀ ਹੋ ਸਕਦੀ ਹੈ। ਪਰ ਪੂੰਜੀਵਾਦੀ ਚੋਣਾਂ ਰਾਹੀਂ ਲੋਕਾਂ ਦੀ ਮੁਕਤੀ ਕੋਈ ਵੀ ਪ੍ਰੋਜੈਕਟ ਅੱਗੇ ਨਹੀਂ ਵਧਾਇਆ ਜਾ ਸਕਦਾ। ਮਜ਼ਦੂਰਾਂ-ਕਿਰਤੀਆਂ ਦੇ ਜੁਝਾਰੂ ਏਕੇ ਰਾਹੀਂ ਹੋਣ ਵਾਲ਼ਾ ਇਨਕਲਾਬ ਹੀ ਇਸ ਕੰਮ ਨੂੰ ਅੰਜਾਮ ਦੇਵੇਗਾ। •

ਸਮਕਾਲ

ਵਰਤਮਾਨ ਸੰਕਟ ਅਤੇ ਲੋਕਾਂ ਦੇ ਸੰਘਰਸ਼: ਕੀ ਪੂੰਜੀਵਾਦ-ਵਿਰੋਧ ਕਾ.ਫ਼ੀ ਹੈ ?

ਹੁਣ ਵਾਰ-ਵਾਰ ਕਹਿਣ ਦੀ ਲੋੜ ਨਹੀਂ ਕਿ ਪੂਰਾ ਪੂੰਜੀਵਾਦੀ ਸੰਸਾਰ 1930 ਦੇ ਦਹਾਕੇ ਦੀ ਮਹਾਂਮੰਦੀ ਤੋਂ ਬਾਅਦ ਸਭ ਤੋਂ ਭਿਅੰਕਰ ਅਤੇ ਲੰਬੀ ਮੰਦੀ ਦੀ ਗਵਾਹੀ ਭਰਦਾ ਹੈ। 2006 ਦੇ ਅਖੀਰ ਵਿੱਚ ਅਮਰੀਕਾ ਵਿਚਲੇ ਸਬਪ੍ਰਾਈਮ ਸੰਕਟ ਦੇ ਰੂਪ ਵਿੱਚ ਸ਼ੁਰੂ ਹੋਏ ਆਰਥਿਕ ਸੰਕਟ ਨੇ ਕਰਜ਼ ਸੰਕਟ ਦਾ ਰੂਪ ਧਾਰਣ ਕਰਕੇ ਪੂੰਜੀਵਾਦ ਨੂੰ ਤਸੀਹੇ ਦੇਣੇ ਜ਼ਾਰੀ ਰੱਖੇ। ਯੂਨਾਨ ਅਤੇ ਇਟਲੀ ਵਿੱਚ ਹਾਲ ਵਿੱਚ ਹੋਏ ਸੱਤਾ ਪਰਿਵਰਤਨ ਅਤੇ ਯੂਰੋਜ਼ੋਨ 'ਤੇ ਮੰਡਰਾ ਰਹੇ ਖਤਰੇ ਦੇ ਬੱਦਲ ਇਸ ਮੰਦੀ ਦੀ ਗੰਭੀਰਤਾ ਨੂੰ ਹੀ ਦਰਸਾਉਂਦੇ ਹਨ। ਆਪਣੇ ਪੰਜਵੇਂ ਸਾਲ ਵਿੱਚ ਦਾਖਲ ਹੋ ਰਹੀ ਮੰਦੀ ਨੇ ਪਿਛਲੇ 9 ਦਹਾਕਿਆਂ ਵਿੱਚ ਸਰਵ-ਉੱਚ ਬੇਰੁਜ਼ਗਾਰੀ ਦਰ, ਨਿਵੇਸ਼ 'ਚ ਗਿਰਾਵਟ, ਅਰਥਚਾਰਿਆਂ ਦੇ ਅਕਾਰ ਵਿੱਚ ਕਮੀ ਨੂੰ ਪੈਦਾ ਕੀਤਾ ਹੈ ਅਤੇ ਇਹ ਪ੍ਰਕਿਰਿਆ ਆਉਣ ਵਾਲ਼ੇ ਸਮੇਂ ਵਿੱਚ ਹੋਰ ਵੀ ਡਰਾਉਣਾ ਰੂਪ ਧਾਰਣ ਕਰਨ ਵਾਲ਼ੀ ਹੈ। ਵਿੱਤੀ ਪੂੰਜੀ ਦੀਆਂ ਦਿਓਕੱਦ ਸੰਸਥਾਵਾਂ ਅਤੇ ਬੈਂਕਾਂ ਰਾਹੀਂ ਸੱਟੇਬਾਜ਼ੀ ਅਤੇ ਵਿੱਤੀ ਬਜ਼ਾਰ ਵਿੱਚ ਊਲ-ਜਲੂਲ ਰੀਤਾਂ ਨੂੰ ਲਾਗੂ ਕਰਨ ਦੇ ਨਤੀਜੇ ਵਜੋਂ ਪੈਦਾ ਹੋਏ ਇਸ ਸੰਕਟ ਨੇ ਛੇਤੀ ਹੀ ਵਿਖਾ ਦਿੱਤਾ ਸੀ ਕਿ ਇਹ ਕੇਵਲ ਵਿੱਤੀ ਸੰਕਟ ਨਹੀਂ ਹੈ; ਇਹ ਵਿੱਤੀ ਪੂੰਜੀ ਦੀ ਅਜਾਰੇਦਾਰੀ ਦੇ ਦੌਰ ਵਿੱਚ ਪੈਦਾ ਹੋਏ ਆਰਥਿਕ ਸੰਕਟ ਦਾ ਅਦਭੁਤ ਪ੍ਰਗਟਾਵਾ ਸੀ। ਇਹ ਸੱਚ ਹੈ ਕਿ ਸੰਸਾਰ ਵਿੱਤੀ ਜਾਲ ਵਿੱਚ ਏਕੀਕਰਨ ਦਾ ਪੱਧਰ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਘੱਟ ਹੋਣ ਅਤੇ "ਕਲਿਆਣਕਾਰੀ" ਪਬਲਿਕ ਸੈਕਟਰ ਪੂੰਜੀਵਾਦ ਦੇ (ਭਾਵੇਂ ਕਾਫ਼ੀ ਕਮਜ਼ੋਰ ਹੋ ਚੁੱਕੇ) ਢਾਂਚੇ ਦੀ ਮੌਜੂਦਗੀ ਦੇ ਕਾਰਨ ਭਾਰਤ ਵਰਗੇ ਕੁੱਝ ਦੇਸ਼ਾਂ ਵਿੱਚ ਇਸ ਮੰਦੀ ਦਾ ਅਸਰ ਉਨਾ ਭਿਅੰਕਰ ਨਹੀਂ ਹੈ ਜਿੰਨ੍ਹਾਂ ਕਿ ਅਮਰੀਕਾ, ਯੂਰਪ ਅਤੇ ਜਪਾਨ ਵਿੱਚ ਹੈ। ਚੀਨ ਵੀ ਸਮਾਜਵਾਦ ਦੇ ਅੰਦਰੂਨੀ ਤੌਰ 'ਤੇ ਪਤਨ ਦੇ ਬਾਅਦ ਹੋਂਦ ਵਿੱਚ ਆਈ ਇੱਕ ਖਾਸ ਕਿਸਮ ਦੀ ਪੂੰਜੀਵਾਦੀ ਸੰਰਚਨਾ ਦੇ ਕਾਰਨ ਇਸ ਮੰਦੀ ਦੇ ਕਹਿਰ ਦਾ ਵਿਕਸਿਤ ਦੇਸ਼ਾਂ ਦੇ ਮੁਕਾਬਲੇ ਘੱਟ ਸ਼ਿਕਾਰ ਹੋਇਆ ਹੈ। ਇਸ ਗੱਲ ਨੂੰ ਇਹਨਾਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਕਾਫ਼ੀ ਪ੍ਰਚਾਰ ਰਹੀਆਂ ਹਨ ਅਤੇ ਜੀ-20 ਵਰਗੇ ਸੰਮੇਲਨਾਂ ਵਿੱਚ ਵਿਕਸਿਤ ਦੇਸ਼ਾਂ ਦੇ ਪੂੰਜੀਵਾਦੀ ਆਗੂਆਂ ਨੂੰ ਆਪਣੀ ਇਸ 'ਪ੍ਰਾਪਤੀ' ਦੇ ਬਾਬਤ ਪ੍ਰਵਚਨ ਵੀ ਦੇ ਰਿਹਾ ਹੈ, ਜਿਵੇਂ ਕਿ ਮਨਮੋਹਨ ਸਿੰਘ ਹੁਣੇ-ਹੁਣੇ ਕਰਕੇ ਆਏ ਹਨ। ਪਰ ਮੌਜੂਦਾ ਸੰਕਟ ਦੇ ਇਹਨਾਂ ਦੇਸ਼ਾਂ ਵਿੱਚ ਤੁਲਨਾਤਮਕ ਰੂਪ ਤੋਂ ਘੱਟ ਅਸਰ ਦਾ ਕਾਰਨ ਸੰਸਾਰਿਕ ਵਿੱਤੀ ਜਾਲ ਵਿੱਚ ਘੱਟ ਏਕੀਕਰਨ ਅਤੇ ਪਬਲਿਕ ਸੈਕਟਰ ਢਾਂਚੇ ਤੇ ਪੂੰਜੀਵਾਦੀ "ਕਲਿਆਣਵਾਦ" ਦੀ ਇੱਕ ਹੱਦ ਤੱਕ ਲਮੇਰੀ ਜ਼ਿੰਦਗੀ ਹੈ, ਜੋ ਕਿ ਨਵਉਦਾਰਵਾਦ ਅਤੇ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਨਤੀਜੇ ਵਜੋਂ ਤੇਜੀ ਨਾਲ਼ ਖਤਮ ਹੋ ਰਹੀ ਹੈ। ਇਸ ਲਈ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਹੋਰ ਵੀ ਵਿਆਪਕ ਹੋਣ ਦੇ ਨਾਲ਼ ਹੀ ਇਹ ਜ਼ਿਆਦਾ ਤੋਂ ਜ਼ਿਆਦਾ ਅਸੰਭਵ ਹੁੰਦਾ ਜਾਵੇਗਾ।

ਸੰਸਾਰ ਮੰਦੀ ਦੇ ਦਬਾਅ ਵਿੱਚ ਸਾਰੇ ਸਾਮਰਾਜਵਾਦੀ ਗੁੱਟਾਂ ਅਤੇ ਸਮੂਹਾਂ ਦੇ ਵਿਚਲਾ ਅੰਤਰ-ਸਾਮਰਾਜਵਾਦੀ ਭੇੜ ਹੋਰ ਵੀ ਤਿੱਖਾ ਹੋ ਗਿਆ ਹੈ। ਇਸ ਭੇੜ ਵਿੱਚ ਤੇਲ ਤੇ ਕੁਦਰਤੀ ਗੈਸ ਸ੍ਰੋਤਾਂ ਦਾ ਕੇਂਦਰੀ ਮਹੱਤਵ ਹੈ, ਕਿਉਂਕਿ ਆਧੁਨਿਕ ਪੂੰਜੀਵਾਦ ਕਾਫ਼ੀ ਹੱਦ ਤੱਕ ਆਪਣੇ ਪੂੰਜੀ ਸੰਗ੍ਰਹਿ ਦੇ ਲਈ ਇਸ 'ਤੇ ਨਿਰਭਰ ਹੈ; ਚਾਹੇ ਉਹ ਸਿੱਧੇ ਉਪਭੋਗ ਦੇ ਰੂਪ ਵਿੱਚ ਹੋਵੇ ਜਾਂ ਉਸ ਅਸਿੱਧੇ ਉਪਭੋਗ ਦੇ ਲਈ ਜੋ ਕਿ ਪੈਟਰੋ ਉਤਪਾਦਾਂ ਦੀ ਵਿਚੋਲਗੀ ਤੋਂ ਬਿਨ੍ਹਾਂ ਸੰਭਵ ਨਹੀਂ। ਕਿਉਂਕਿ ਊਰਜਾ ਦਾ ਸਵਾਲ ਪੂੰਜੀਵਾਦ ਲਈ ਅੱਜ ਕੇਂਦਰੀ ਸਵਾਲ ਹੈ ਅਤੇ ਕਿਉਂਕਿ ਊਰਜਾ ਦਾ ਪ੍ਰਮੁੱਖ ਸੋਮਾ ਅੱਜ ਪੈਟਰੋਲਿਅਮ ਉਤਪਾਦ ਹਨ ਅਤੇ ਇਸ ਲਈ ਇਸਦੇ ਲਈ ਹੋਣ ਵਾਲ਼ਾ ਅੰਤਰ-ਸਾਮਰਾਜਵਾਦੀ ਭੇੜ ਸਾਮਰਾਜਵਾਦੀ ਲੁੱਟ ਦਾ ਪ੍ਰਮੁੱਖ ਥਿਏਟਰ ਪੱਛਮੀ ਏਸ਼ੀਆ ਬਣ ਜਾਂਦਾ ਹੈ। ਜਿਵੇਂ ਕਿ ਲੈਨਿਨ ਨੇ ਕਿਹਾ ਸੀ, **ਰਾਜਨੀਤੀ ਅਰਥਸ਼ਾਸਤਰ ਦਾ ਹੀ ਬਹੁਤ ਗਹਿਰਾ ਪ੍ਰਗਟਾਵਾ ਹੁੰਦੀ ਹੈ।** ਅੱਜ ਦੇ ਸੰਕਟਗ੍ਰਸਤ ਪੂੰਜੀਵਾਦ ਦਾ ਇਹ ਅਰਥਸ਼ਾਸਤਰ ਜਿਸ ਰੂਪ ਵਿੱਚ ਰਾਜਨੀਤੀ ਵਿੱਚ ਤਬਦੀਲ ਹੋਕੇ ਪੱਛਮੀ ਏਸ਼ੀਆ ਵਿੱਚ ਪ੍ਰਗਟ ਹੋ ਰਿਹਾ ਹੈ ਉਹ ਸਾਡੇ ਸਾਹਮਣੇ ਹੈ: **ਅਰਬ ਲੋਕਉਭਾਰ**।

ਅੱਜ ਜਿਹੜਾ ਅਰਬ ਲੋਕਉਭਾਰ ਸਾਡੇ ਸਾਹਮਣੇ ਹੈ ਉਸਦੇ ਚਾਰ ਪ੍ਰਮੁੱਖ ਕਾਰਨ ਹਨ। **ਪਹਿਲਾ ਕਾਰਨ ਹੈ ਸਾਮਰਾਜਵਾਦ ਅਤੇ ਬਸਤੀਵਾਦ ਦੇ ਵਿਰੁੱਧ ਅਰਬ ਲੋਕਾਂ ਦੀ ਪੁਰਾਣੀ ਨਫਰਤ**। ਤੇਲ ਸ੍ਰੋਤਾਂ ਦੀ ਖੋਜ ਦੇ ਬਾਅਦ ਤੋਂ ਹੀ ਪੱਛਮੀ ਏਸ਼ੀਆ ਸਾਮਰਾਜਵਾਦੀ ਲੁੱਟ, ਯੁੱਧ ਅਤੇ ਭੇੜ ਦਾ ਕੇਂਦਰ ਬਣਿਆ ਰਿਹਾ ਹੈ। ਦੂਜੀ ਸੰਸਾਰ ਜੰਗ ਦੇ ਬਾਅਦ ਅਮਰੀਕਾ ਦੇ ਸੰਸਾਰ ਪੂੰਜੀਵਾਦ ਦੇ ਸਰਦਾਰ ਬਣਨ ਦੇ ਨਾਲ਼ ਹੀ ਇਹ ਪ੍ਰਕਿਰਿਆ ਹੋਰ ਜ਼ਿਆਦਾ ਭਿਅੰਕਰ ਹੋ ਗਈ ਅਤੇ ਉਦੋਂ ਤੋਂ ਹੁਣ ਤੱਕ ਜ਼ਿਆਦਾ ਤੋਂ ਜ਼ਿਆਦਾ ਭਿਅੰਕਰ ਹੁੰਦੀ ਗਈ ਹੈ। ਅੱਜ ਦੇ ਅਰਬ ਲੋਕਉਭਾਰ ਦਾ ਇੱਕ ਪੱਖ ਸਾਮਰਾਜਵਾਦ ਦੇ ਖਿਲਾਫ਼ ਇਹ ਵਿਸਫ਼ੋਟਕ ਗੁੱਸਾ ਵੀ ਹੈ। **ਦੂਜਾ ਕਾਰਨ ਹੈ ਫ਼ਲਿਸਤੀਨ ਦਾ ਸਵਾਲ** ਜਿਹੜਾ ਅਲੱਗ ਤੋਂ ਚਰਚਾ ਦੀ ਮੰਗ ਕਰਦਾ ਹੈ। ਫ਼ਲਿਸਤੀਨ ਦਾ ਸਵਾਲ ਅਰਬ ਲੋਕਾਂ ਲਈ ਬਹੁਤ ਅਹਿਮ ਹੈ ਜਿਸਨੂੰ ਬਸਤੀਵਾਦ ਨੇ ਕਈ ਦੇਸ਼ਾਂ ਵਿੱਚ ਵੰਡ ਦਿੱਤਾ ਸੀ। ਅਸਲ 'ਚ ਪੂਰੇ ਪੱਛਮੀ ਏਸ਼ੀਆ ਵਿੱਚ ਸੁਭਾਵਿਕ ਰੂਪ ਤੋਂ ਦੋ ਰਾਜਾਂ ਦੀ ਹੀ ਜ਼ਮੀਨ ਹੈ: ਇੱਕ ਅਰਬ ਰਾਜ ਅਤੇ ਦੂਜਾ ਯਹੂਦੀ ਰਾਜ। ਅਮਰੀਕੀ ਸਾਮਰਾਜਵਾਦ ਦੀ ਹਿਮਾਇਤ ਦੇ ਸਹਾਰੇ 'ਤੇ ਇਜ਼ਰਾਇਲ ਦੁਆਰਾ ਦਹਾਕਿਆਂ ਤੋਂ ਅਰਬ ਵਿੱਚ ਜਾਰੀ ਘ੍ਰਿਣਤ ਨਸਲਕੁਸ਼ੀ ਅਤੇ ਅਮਾਨਵਤਾ ਨੇ ਅਰਬ ਲੋਕਾਂ ਦੇ ਸਬਰ ਦਾ ਪਿਆਲਾ ਭਰ ਦਿੱਤਾ ਹੈ। ਮੌਜੂਦਾ ਅਰਬ ਲੋਕਉਭਾਰ ਵਿੱਚ ਇੱਕ ਪੱਖ ਇਹ ਵੀ ਸੀ। **ਤੀਜਾ ਪੱਖ ਹੈ ਅਰਬ ਦੇਸ਼ਾਂ ਵਿਚਲੇ ਨਿੱਘਰੀ ਕੌਮੀ ਸਰਮਾਏਦਾਰ ਜਮਾਤ ਦੇ ਹਾਕਮਾਂ ਦੀ ਤਾਨਾਸ਼ਾਹੀ, ਸਰਵਸੱਤਾਵਾਦ ਅਤੇ ਲੁੱਟ-ਜ਼ਬਰ**। ਧਿਆਨ ਦੇਣਯੋਗ ਗੱਲ ਇਹ ਵੀ ਹੈ ਕਿ ਮਿਸਰ ਦੇ ਨਾਸਿਰ ਦੇ ਨਾਲ਼ ਹੋਂਦ ਵਿੱਚ ਆਇਆ ਸਰਵ-ਅਰਬ ਕੌਮਵਾਦ ਜਿਹੜਾ ਇੱਕ ਦੌਰ ਵਿੱਚ ਸਾਮਰਾਜਵਾਦ ਦੇ ਵਿਰੁੱਧ ਰੈਡੀਕਲ ਪੋਜ਼ੀਸ਼ਨ ਅਪਣਾਉਂਦਾ ਰਿਹਾ ਸੀ, ਅੱਜ ਪੂਰੀ ਤਰ੍ਹਾਂ ਭ੍ਰਿਸ਼ਟ ਅਤੇ ਨਿੱਘਰਕੇ ਸਾਮਰਜਾਵਾਦ ਨਾਲ਼ ਸ਼ਰਮਨਾਕ ਸਮਝੌਤੇ ਕਰ ਰਿਹਾ ਹੈ। ਉਸਦੇ ਚਰਿੱਤਰ ਵਿੱਚ ਕੁੱਝ ਵੀ 'ਕੌਮੀ' ਜਾਂ ਲੋਕਪੱਖੀ ਨਹੀਂ ਰਹਿ ਗਿਆ ਹੈ ਅਤੇ ਉਹ ਲੋਕਾਂ ਦੇ ਸਾਰੇ ਜਮਹੂਰੀ ਹੱਕਾਂ ਨੂੰ ਖੋਹਕੇ ਉਹਨਾਂ ਨੂੰ ਨਿਰੰਕੁਸ਼ ਤਾਨਾਸ਼ਾਹੀ ਹੇਠ ਦਬਾਕੇ ਹਕੂਮਤ ਕਰਨ ਵਿੱਚ ਯਕੀਨ ਰੱਖਦਾ ਹੈ ਅਤੇ ਅਰਬ ਦੇ ਹਾਕਮਾਂ ਦੀਆਂ ਸੱਤਾਵਾਂ ਬਾਰੇ ਤਾਂ ਕਹਿਣਾ ਹੀ ਕੀ! ਉਹ ਤਾਂ ਖੁੱਲ੍ਹੇ ਤੌਰ 'ਤੇ ਸਾਮਰਾਜਵਾਦ ਦੇ ਟੱਟੂਆਂ ਦੇ ਰੂਪ ਵਿੱਚ ਕੰਮ ਕਰਦੇ ਹਨ। **ਅਤੇ ਆਖਰੀ ਕਾਰਨ ਹੈ, ਜਿਸਨੇ ਇਹਨਾਂ ਸਾਰੇ ਕਾਰਨਾਂ ਨੂੰ ਹੋਰ ਵਧਾ ਦਿੱਤਾ, ਉਹ ਹੈ ਮੌਜੂਦਾ ਸੰਸਾਰ ਪੂੰਜੀਵਾਦੀ ਸੰਕਟ**। ਇਹੀ ਉਹ ਕਾਰਨ ਹਨ ਜਿਨ੍ਹਾਂ ਨੇ ਮੌਜੂਦਾ ਅਰਬ ਲੋਕਉਭਾਰ ਨੂੰ ਜਨਮ ਦਿੱਤਾ।

ਅਸੀਂ ਵੇਖ ਸਕਦੇ ਹਾਂ ਕਿ 2006 ਵਿੱਚ ਸ਼ੁਰੂ ਹੋਈ ਮੰਦੀ ਦੇ ਬਾਅਦ ਜਿੱਥੇ ਅਰਬ ਵਿੱਚ ਲੋਕ ਆਪਣੇ ਦੇਸ਼ਾਂ ਦੇ ਨਿਰੰਕੁਸ਼ ਤਾਨਾਸ਼ਾਹਾਂ ਅਤੇ ਸਾਮਰਾਜਵਾਦ ਦੇ ਵਿਰੁੱਧ ਉੱਠ ਖੜ੍ਹੇ ਹੋਏ (ਧਿਆਨ ਦਿਓ ਕਿ ਲਿਬੀਆ ਇਸ ਲੋਕਉਭਾਰ ਦਾ ਹਿੱਸਾ ਉਸੇ ਸਮੇਂ ਤੋਂ ਹੀ ਨਹੀਂ ਰਹਿ ਗਿਆ ਸੀ ਜਦੋਂ ਵਿਦਰੋਹੀਆਂ ਨੇ ਨਾਟੋ ਦੀ ਦਖਲਅੰਦਾਜ਼ੀ ਨੂੰ ਪ੍ਰਵਾਨ ਕਰ ਲਿਆ ਸੀ), ਉੱਥੇ ਵਿਕਸਿਤ ਦੇਸ਼ਾਂ ਵਿੱਚ ਵੀ ਮੰਦੀ ਕਾਰਨ ਪੈਦਾ ਹੋਈ ਗਰੀਬੀ, ਬੇਰੁਜ਼ਗਾਰੀ, ਛਾਂਟੀ, ਬੇਘਰੀ ਆਦਿ ਨੇ ਲੋਕਾਂ ਨੂੰ ਸੜਕਾਂ 'ਤੇ ਲੈ ਆਂਦਾ। ਅੱਜ ਜੋ **'ਵਾਲ ਸਟਰੀਟ 'ਤੇ ਕਬਜ਼ਾ ਕਰੋ'** ਲਹਿਰ ਅਮਰੀਕਾ ਵਿੱਚ ਚੱਲ ਰਹੀ ਹੈ ਅਤੇ ਜੋ ਬਾਕੀ 'ਕਬਜ਼ਾ ਕਰੋ ਲਹਿਰਾਂ' ਦੁਨੀਆਂ ਦੇ ਕਈ ਬਾਕੀ ਵਿਕਸਿਤ ਦੇਸ਼ਾਂ ਦੇ ਵੱਡੇ ਸ਼ਹਿਰਾਂ ਵਿੱਚ ਸ਼ੁਰੂ ਹੋਈਆਂ ਹਨ ਉਹ ਪੂੰਜੀਵਾਦ ਤੋਂ ਜਨਮੀ ਬੇਰੁਜ਼ਗਾਰੀ, ਅਸੁਰੱਖਿਆ, ਅਨਿਸ਼ਚਿਤਤਾ, ਬੈਂਕਾਂ ਨੂੰ ਲੋਕਾਂ ਦੀ ਕੀਮਤ 'ਤੇ ਬਚਾਏ ਜਾਣ, ਸੱਟੇਬਾਜ਼ਾਂ ਨੂੰ ਬਚਾਏ ਜਾਣ ਕਾਰਪੋਰੇਟ ਅਜਾਰੇਦਾਰ ਪੂੰਜੀਵਾਦ ਦੀ ਮੁਨਾਫ਼ਾਖੋਰੀ ਦੇ ਵਿਰੁੱਧ ਇਹਨਾਂ ਦੇਸ਼ਾਂ ਦੇ ਲੋਕਾਂ ਦਾ ਆਪਮੁਹਾਰਾ ਉਭਾਰ ਹੈ। ਜੇ ਆਪਾਂ ਅਮਰੀਕਾ ਦੀ ਹੀ ਹਾਲਤ 'ਤੇ ਨਿਗ੍ਹਾ ਮਾਰੀਏ ਤਾਂ ਇਹ ਸਾਫ਼ ਹੋ ਜਾਂਦਾ ਹੈ ਕਿ 1930 ਦੇ ਦਹਾਕੇ ਦੀ ਮਹਾਂਮੰਦੀ ਦੇ ਬਾਅਦ ਅਮਰੀਕੀ ਅਰਥਚਾਰਾ ਸਭ ਤੋਂ ਖੋਖਲੀ ਹਾਲਤ ਵਿੱਚ ਹੈ। ਇਸ ਸਮੇਂ ਅਮਰੀਕਾ ਵਿੱਚ ਅਧਿਕਾਰਕ ਬੇਰੁਜ਼ਗਾਰੀ ਦੀ ਦਰ ਲਗਭਗ **9.1 ਫੀਸਦੀ** ਹੈ। ਪਰ ਕਈ ਇਲਾਕਿਆਂ ਵਿੱਚ ਜਿਵੇਂ ਕਿ ਹਾਰਟਫੋਰ ਵਿੱਚ ਬੇਰੁਜ਼ਗਾਰੀ ਦੀ ਦਰ 33 **ਫੀਸਦੀ** ਤੱਕ ਪਹੁੰਚ ਚੁੱਕੀ ਹੈ। ਮਤਲਬ, ਕੰਮ ਕਰਨ ਯੋਗ ਹਰ 3 ਵਿੱਚੋਂ 1 ਵਿਅਕਤੀ ਬੇਰੁਜ਼ਗਾਰ ਹੈ। ਦੋ ਦਹਾਕੇ ਪਹਿਲਾਂ ਅਮਰੀਕੀ ਸਮਾਜ ਵਿੱਚ **ਉੱਪਰ ਦੀ 1 ਫੀਸਦੀ ਧਨੀ ਅਬਾਦੀ ਕੋਲ ਕੁੱਲ ਸ੍ਰੋਤਾਂ ਦਾ 10 ਫੀਸਦੀ ਸੀ, ਪਰ ਹੁਣ ਇਹ ਅੰਕੜਾ 23 ਫੀਸਦੀ ਹੋ ਚੁੱਕਿਆ ਹੈ। ਉੱਪਰ ਦੀ 5 ਫੀਸਦੀ ਅਬਾਦੀ ਕੁੱਲ ਵਿੱਤੀ ਸੰਪਦਾ ਦੇ 75 ਫੀਸਦੀ ਉੱਤੇ ਕੰਟਰੋਲ ਰੱਖਦੀ ਹੈ।** ਬੇਘਰਿਆਂ ਦੀ ਅਬਾਦੀ ਅਮਰੀਕਾ ਵਿੱਚ ਰਿਕਾਰਡ ਤੋੜ ਤੇਜੀ ਨਾਲ਼ ਵਧ ਰਹੀ ਹੈ। ਪਰ ਇਹਨਾਂ ਸਾਰੀਆਂ ਚੀਜ਼ਾਂ ਦੇ ਬਾਵਜੂਦ ਬੈਂਕਾਂ ਅਤੇ ਵਿਸ਼ਾਲ ਕਾਰਪੋਰੇਸ਼ਨਾਂ ਦੇ ਸੀ.ਈ.ਓ. ਪੈਸਾ ਲੁੱਟਣ ਲੱਗੇ ਹੋਏ ਹਨ, ਕਿਉਂਕਿ ਜਦੋਂ-ਜਦੋਂ ਕੈਸੀਨੋ ਅਰਥਚਾਰੇ ਦੇ ਜੂਏ ਵਿੱਚ ਤਬਾਹ ਹੋ ਜਾਂਦੇ ਹਨ, ਤਦ-ਤਦ ਸਰਕਾਰਾਂ ਉਹਨਾਂ ਨੂੰ ਬਚਾਉਣ ਲਈ ਬੇਲਆਊਟ ਪੈਕੇਜ ਲੈਕੇ ਆ ਜਾਂਦੀਆਂ ਹਨ। ਜਿੱਥੇ ਅਮਰੀਕਾ ਭਿਅੰਕਰ ਮੰਦੀ ਦਾ ਸਾਹਮਣਾ ਕਰ ਰਿਹਾ ਹੈ, ਉੱਥੇ ਯੂਰਪ ਦੀ ਕਹਾਣੀ ਕੋਈ ਵੱਖਰੀ ਨਹੀਂ ਹੈ। ਯੂਰਪ ਵਿੱਚ ਮੰਦੀ ਨਾਲ਼ ਸੁਲਝਣ ਲਈ ਵੱਡੇ-ਵੱਡੇ ਬੇਲਆਊਟ ਪੈਕੇਜ ਦਿੱਤੇ ਗਏ। ਪਰ ਇੱਥੋਂ ਦੀਆਂ ਸਰਕਾਰਾਂ ਬੈਂਕਾਂ ਨੂੰ ਬਚਾਉਣ ਦੇ ਚੱਕਰ ਵਿੱਚ ਬਰਬਾਦ ਹੋ ਗਈਆਂ। ਨਤੀਜੇ ਵਜੋਂ 'ਕਿਰਸ' ਦੀਆਂ ਮੁਹਿੰਮਾਂ ਚਲਾਈਆਂ ਗਈਆਂ, ਜਿਨ੍ਹਾਂ ਦਾ ਮਤਲਬ ਸੀ ਸਿੱਖਿਆ, ਚਿਕਿਤਸਾ, ਸਿਹਤ, ਰੁਜ਼ਗਾਰ, ਪੈਨਸ਼ਨ, ਸਮਾਜਿਕ ਸੁਰੱਖਿਆ ਆਦਿ ਵਰਗੀਆਂ ਕਲਿਆਣਕਾਰੀ ਯੋਜਨਾਵਾਂ ਵਿੱਚੋਂ ਰਾਜ ਦਾ ਹੱਥ ਪਿੱਛੇ ਖਿੱਚਣਾ। ਕਾਰਨ ਦੱਸਿਆ ਗਿਆ ਬਜਟ ਘਾਟਾ। ਪਰ ਅਸਲ 'ਚ ਇਹ ਬਜਟ ਘਾਟਾ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਨੂੰ ਬਚਾਉਣ ਦੇ ਕਾਰਨ ਪੈਦਾ ਹੋਇਆ ਸੀ, ਜੋ ਕਿ ਆਪਣੇ ਹੀ ਲਾਲਚ ਦੀ ਘੁੰਮਣਘੇਰੀ ਵਿੱਚ ਫਸਕੇ ਡੁੱਬ ਰਹੇ ਸੀ। ਯੂਨਾਨ ਅਤੇ ਇਟਲੀ ਵਿੱਚ ਤਾਂ ਇਸਦੇ ਕਾਰਨ ਜਿਹੜੀ ਸਿਆਸੀ ਉਥਲ-ਪੁਥਲ ਹੋਈ ਉਹਨਾਂ ਸਰਕਾਰਾਂ ਨੂੰ ਡੇਗ ਦਿੱਤਾ। ਪਰ ਇਹਦੇ ਨਾਲ਼ ਵੀ ਕੋਈ ਖਾਸ ਫ਼ਰਕ ਨਹੀਂ ਪੈਣ ਵਾਲ਼ਾ। ਕਾਰਨ ਇਹ ਕਿ ਇਸ ਮੰਦੀ ਨਾਲ਼ ਨਜਿੱਠਣ ਲਈ ਪੂੰਜੀਵਾਦ ਕੋਲ਼ ਜਿਹੜਾ ਇਕੱਲਾ ਰਾਹ ਹੈ ਉਹ ਹੋਰ ਵੀ ਵੱਧ ਭਿਅੰਕਰ ਮੰਦੀ ਵੱਲ ਲੈ ਜਾਂਦਾ ਹੈ ਅਤੇ ਇਸ ਕਰਕੇ ਨਵੀਆਂ ਸਰਕਾਰਾਂ ਵੀ ਥੋੜ੍ਹੇ ਫੇਰ-ਬਦਲੀ ਨਾਲ਼ ਉਹੀ ਨੀਤੀਆਂ ਜਾਰੀ ਰੱਖਣ ਲਈ ਮਜਬੂਰ ਹਨ। ਮੰਡੀ ਵਿੱਚ

ਮੰਦੀ ਦੇ ਕਾਰਨ ਖਤਮ ਹੁੰਦੀ ਤਰਲਤਾ ਨੂੰ ਘੱਟ ਕਰਨ ਲਈ ਹੋਰ ਜ਼ਿਆਦਾ ਮੁਦਰਾ ਝੋਕੀ ਜਾਂਦੀ ਹੈ; ਪਰ ਅਸਲ ਅਰਥਚਾਰੇ ਵਿੱਚ ਨਹੀਂ ਸਗੋਂ ਸੱਟੇਬਾਜ਼ੀ ਅਤੇ ਜੂਏਬਾਜੀ ਵਿੱਚ ਜਿਹੜੀ ਕਿ ਅਗਲੇ ਗੇੜ ਵਿੱਚ ਲਾਇਲਾਜਤਾ ਦਾ ਸੰਕਟ ਹੋਰ ਵੀ ਭਿਅੰਕਰ ਸ਼ਕਲ 'ਚ ਪੇਸ਼ ਕਰਦੀ ਹੈ। ਹਰ ਵਾਰ ਲੋਕਾਂ ਨੂੰ ਇਸਦੀ ਕੀਮਤ ਆਪਣੇ ਰੁਜ਼ਗਾਰ ਘਰ, ਸੁਰੱਖਿਆ, ਸਿੱਖਿਆ ਅਤੇ ਸਿਹਤ ਸਬੰਧੀ ਸਹੂਲਤਾਂ ਤੋਂ ਗਵਾਕੇ ਚੁਕਾਉਣੀ ਪੈਂਦੀ ਹੈ, ਅਤੇ ਹਰ ਵਾਰ ਪਹਿਲਾਂ ਤੋਂ ਵੱਧ ਭਿਅੰਕਰ ਰੂਪ 'ਚ। ਹੁਣ ਪੱਛਮੀ ਵਿਕਸਿਤ ਦੇਸ਼ਾਂ ਦੇ ਲੋਕਾਂ ਦੇ ਲਈ ਇਹ ਬੋਝ ਉਸ ਹੱਦ ਨੂੰ ਪਾਰ ਕਰ ਗਿਆ ਹੈ, ਜਿਸਨੂੰ ਅਸੀਂ ਸੰਵੇਦਨਸ਼ੀਲਤਾ ਦੀ ਹੱਦ ਕਹਿ ਸਕਦੇ ਹਾਂ। **ਅਤੇ ਇਹੀ ਕਾਰਨ ਹੈ ਕਿ ਅੱਜ ਸਵਰਗਾਂ ਦੇ ਆਪਣੇ ਰਾਜਾਂ ਵਿੱਚ ਉੱਥਲ-ਪੁੱਥਲ ਮੱਚੀ ਹੋਈ ਹੈ।**

ਵਿਕਸਿਤ ਦੇਸ਼ਾਂ ਵਿੱਚ 'ਕਬਜ਼ਾ ਕਰੋ' ਲਹਿਰਾਂ ਅਤੇ ਅਰਬ ਜਗਤ ਵਿੱਚ ਅਰਬ ਲੋਕਉਭਾਰ, ਇਹ ਦੋਵੇਂ ਹੀ ਵੱਖ-ਵੱਖ ਕਾਰਨਾਂ ਤੋਂ ਉਪਜੇ ਵੱਖਰੀ ਕਿਸਮ ਦੇ ਲੋਕਉਭਾਰ ਹਨ, ਪਰ ਇਹ ਦੋਵੇਂ ਹੀ ਇੱਕੋ ਤੱਥ ਵੱਲ ਇਸ਼ਾਰਾ ਕਰਦੇ ਹਨ। ਇਹ ਲੋਕਉਭਾਰ ਸਮਾਜਿਕ-ਆਰਥਿਕ ਢਾਂਚੇ ਦੇ ਰੂਪ ਵਿੱਚ ਪੂੰਜੀਵਾਦ ਦੀ ਅਸਫ਼ਲਤਾ ਨੂੰ ਵਿਖਾ ਰਹੇ ਹਨ। ਇਹਨਾਂ ਨੇ ਪੂੰਜੀਵਾਦ ਦੇ ਜੀਵਨ ਕਾਲ ਨੂੰ ਕਟਿਹਰੇ ਵਿੱਚ ਖੜਾ ਕਰ ਦਿੱਤਾ ਹੈ। ਜੇ ਫਿਲਹਾਲ ਆਪਾਂ ਬਦਲ ਦੇ ਸਵਾਲ ਨੂੰ ਇੱਕ ਪਾਸੇ ਰੱਖ ਦੇਈਏ, ਤਾਂ ਏਨਾ ਤਾਂ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਇਹਨਾਂ ਲਹਿਰਾਂ ਨੇ ਉਹਨਾਂ ਦਾਅਵਿਆਂ ਨੂੰ ਇੱਕ ਵਾਰ ਫਿਰ ਤੋਂ ਹੋਰ ਸਭ ਤੋਂ ਪ੍ਰਭਾਵੀ ਅਤੇ ਅਭਿਆਸ ਵਿੱਚ ਖੋਖਲਾ ਸਾਬਤ ਕਰ ਦਿੱਤਾ ਹੈ ਕਿ ਪੂੰਜੀਵਾਦ ਤੋਂ ਸਿਵਾਏ ਦੁਨੀਆਂ ਕੋਲ ਕੋਈ ਵੀ ਬਦਲ ਨਹੀਂ ਹੈ; ਕਿ ਪੂੰਜੀਵਾਦ ਹੀ ਸਭ ਤੋਂ ਸੁਭਾਵਿਕ ਅਤੇ ਵਿਕਸਿਤ ਪ੍ਰਬੰਧ ਹੈ ਜਿਹੜਾ ਮਨੁੱਖੀ ਸੁਭਾਅ ਦੇ ਅਨੁਕੂਲ ਹੈ: ਕਿ ਉਦਾਰ ਬੁਰਜੂਆ ਜਮਹੂਰੀਅਤ ਹੀ ਉਹ ਸਭ ਤੋਂ ਉੱਚਾ ਸਿਆਸੀ ਢਾਂਚਾ ਹੈ ਜਿਸ ਤੱਕ ਮਨੁੱਖਤਾ ਪਹੁੰਚ ਸਕਦੀ ਹੈ; ਅਤੇ ਇਹ ਕਿ ਪੂੰਜੀਵਾਦ ਦੀ "ਜਿੱਤ"(?) ਨੇ ਵਿਚਾਰਧਾਰਾ, ਇਤਿਹਾਸ, ਕਵਿਤਾ ਸਭ ਦਾ ਅੰਤ ਕਰ ਦਿੱਤਾ ਹੈ ਅਤੇ ਉਦਾਰ ਪੂੰਜੀਵਾਦੀ ਮਨੁੱਖ (ਇੰਡਵਿਜੂਅਲ) ਆਖਿਰੀ ਮਨੁੱਖ ਹੈ! ਹੁਣ ਇਹਨਾਂ ਦਾਅਵਿਆਂ 'ਤੇ ਹੱਸਣ ਨੂੰ ਮਨ ਨਹੀਂ ਕਰਦਾ ਕਿਉਂਕਿ ਹੱਸਣਾ ਵੀ ਉਸ 'ਤੇ ਧਿਆਨ ਦੇਣ ਦੇ ਬਰਾਬਰ ਹੈ। **ਇਤਿਹਾਸ ਨੇ 'ਇਤਿਹਾਸ ਦੇ ਅੰਤ' ਦੇ ਸਾਰੇ ਐਲਾਨਨਾਮਿਆਂ ਨੂੰ ਇਤਿਹਾਸ ਦੇ ਕੂੜੇਦਾਨ ਦੇ ਹਵਾਲੇ ਕਰ ਦਿੱਤਾ ਹੈ।** ਇਹਨਾਂ ਲੋਕਉਭਾਰਾਂ ਨੇ ਦਿਖਾ ਦਿੱਤਾ ਹੈ ਕਿ ਦੁਨੀਆਂ ਦੇ ਲੋਕ ਅਜਿਹੇ ਖੋਖਲੇ, ਮਨੁੱਖਦੋਖੀ, ਘ੍ਰਿਣਤ ਅਤੇ ਅਰਾਜਕ ਢਾਂਚੇ ਨੂੰ ਕਦੇ ਵੀ ਪ੍ਰਵਾਨ ਨਹੀਂ ਕਰ ਸਕਦੇ ਜਿਹੜੇ ਉਹਨਾਂ ਨੂੰ ਪਿਛਲੇ 200 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਭੁੱਖ, ਗਰੀਬੀ, ਬੇਰੁਜ਼ਗਾਰੀ, ਜੰਗ, ਵਾਤਾਵਰਣ ਵਿਨਾਸ਼, ਅਸੁਰੱਖਿਆ, ਅਨਿਸ਼ਚਿਤਤਾ ਅਤੇ ਤਬਾਹੀ ਤੋਂ ਸਿਵਾਏ ਕੁੱਝ ਵੀ ਨਹੀਂ ਦੇ ਸਕਿਆ। ਪੂੰਜੀਵਾਦ ਦੀਆਂ ਸਾਰੀਆਂ ਵਿਕਾਸਸ਼ੀਲ ਸੰਭਾਵਨਾਵਾਂ ਰੱਦ ਹੋ ਚੁੱਕੀਆਂ ਹਨ ਅਤੇ ਇਹ ਲੋਕ-ਉਭਾਰ ਵਿਖਾ ਰਹੇ ਹਨ ਕਿ ਇਸ ਮਨੁੱਖਦੋਖੀ ਢਾਂਚੇ ਤੋਂ ਦੁਨੀਆਂ ਹੁਣ ਅੱਕ ਚੁੱਕੀ ਹੈ।

ਪਰ ਸਵਾਲ ਇਹ ਹੈ ਕਿ ਕੀ ਮੌਜੂਦਾ ਪੂੰਜੀਵਾਦ-ਵਿਰੋਧੀ ਸੰਘਰਸ਼ ਕੋਈ ਬਦਲ ਦੇ ਸਕਣ, ਇਨਕਲਾਬ ਵੱਲ ਜਾ ਸਕਣ ਅਤੇ ਸਿਰਫ਼ ਸੱਤ੍ਹਾ ਪਰਿਵਰਤਨ ਨਹੀਂ ਸਗੋਂ ਢਾਂਚਾ-ਪਰਿਵਰਤਨ ਵਿੱਚ ਤਬਦੀਲ ਹੋਣ ਦੀ ਸੰਭਾਵਨਾ ਰੱਖਦੇ ਹਨ ? ਇਹਨਾਂ ਨੇ ਪੂੰਜੀਵਾਦ ਦੇ ਜੀਵਨ-ਕਾਲ 'ਤੇ ਤਾਂ ਸੱਟ ਮਾਰੀ ਹੈ ਪਰ ਕੀ ਇਹ ਪੂੰਜੀਵਾਦ ਦਾ ਕੋਈ ਬਦਲ ਦੇ ਸਕਦੇ ਹਨ ? ਇਹਨਾਂ ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ ਹੀ ਦੁਨੀਆਂ ਭਰ ਦੇ ਹੁਣ ਤੱਕ (ਹਾਰ ਬੋਧ) ਦੇ ਸ਼ਿਕਾਰ ਇਨਕਲਾਬੀ ਸੰਗਠਨ, ਚਿੰਤਕ ਅਤੇ ਬੁੱਧੀਜੀਵੀ ਜਿਹੜੇ ਲੰਬੇ ਸਮੇਂ ਤੋਂ ਫੈਲੀ ਮੁਰਦਾ ਸ਼ਾਂਤੀ ਅਤੇ ਪੂੰਜੀਵਾਦ ਦੇ ਜੁਝਾਰੂ ਵਿਰੋਧ ਦੇ ਗੈਰਹਾਜ਼ਰੀ ਤੋਂ ਨਿਰਾਸ਼ ਸਨ, ਖੁਸ਼ੀ ਵਿੱਚ ਡੁੱਬ ਗਏ ਹਨ। ਕੁੱਝ ਮਾਰਕਸਵਾਦੀ ਚਿੰਤਕਾਂ ਨੇ ਤਾਂ ਇਹ ਸਿਧਾਂਤ ਵੀ ਦੇ ਦਿੱਤਾ ਹੈ, ਜਾਂ, ਕਮਿਊਨਿਸਟ ਪਾਰਟੀਆਂ ਅਤੇ ਸਮਾਜਵਾਦੀ ਖੇਮੇ ਦੇ ਪਤਨ ਦੇ ਕਾਰਨ ਨਿਰਾਸ਼ ਹੋਕੇ ਪਹਿਲਾਂ ਤੋਂ ਹੀ ਇਹ ਸਿਧਾਂਤ ਦੇ ਰੱਖਿਆ ਸੀ ਕਿ ਇਨਕਲਾਬ ਹੋਣਗੇ ਅਤੇ ਪਾਰਟੀਆਂ ਅਤੇ ਲੀਡਰਸ਼ਿਪ ਦੀ ਇਹਨਾਂ ਵਿੱਚ ਕੋਈ ਭੂਮਿਕਾ ਨਹੀਂ ਹੋਵੇਗੀ, ਸਗੋਂ ਇਹ ਲੋਕਾਂ ਦੁਆਰਾ ਆਪ-ਮੁਹਾਰੇ ਤਰੀਕੇ ਨਾਲ਼ ਅੰਜਾਮ ਦਿੱਤੇ ਜਾਣਗੇ। **ਐਨਟੋਨੀਓ ਨੇਗਰੀ** ਅਤੇ **ਮਾਈਕਲ ਹਾਰਟ** ਵਰਗੇ ਨਵ-"ਮਾਰਕਸਵਾਦੀ" ਚਿੰਤਕ ਅਤੇ **ਐਲੇਨ ਬੈਦਿਯੂ** ਵਰਗੇ "ਉੱਤਰ-ਮਾਓਵਾਦੀ" (ਪਤਾ ਨਹੀਂ ਇਹਦਾ ਕੀ ਮਤਲਬ ਹੁੰਦਾ ਹੈ!) ਵਿਚਾਰਕ ਹੁਣ ਇਸ ਸੋਚ ਨੂੰ ਤਿਆਗ ਚੁੱਕੇ ਹਨ ਕਿ ਮਜ਼ਦੂਰ ਜਮਾਤ ਦੇ ਹਰਾਵਲ ਦਸਤੇ ਦੀ ਅਗਵਾਈ ਵਿੱਚ ਕੋਈ ਇਨਕਲਾਬ ਹੋਵੇਗਾ; ਉਹ ਇਹ ਵੀ ਨਹੀਂ ਮੰਨਦੇ ਕਿ ਮਜ਼ਦੂਰ ਜਮਾਤ ਇਤਿਹਾਸ ਦੀ ਸਭ ਤੋਂ ਇਨਕਲਾਬੀ ਜਮਾਤ ਹੈ ਜਿਹੜੀ ਕਿ ਆਪਣੀ ਮੁਕਤੀ ਦੇ ਨਾਲ਼-ਨਾਲ਼ ਆਪਣੇ ਆਪ ਨੂੰ ਵੀ ਖਤਮ ਕਰੇਗੀ ਅਤੇ ਪੂਰੀ ਮਨੁੱਖਤਾ ਨੂੰ ਮੁਕਤ ਕਰੇਗੀ; ਇਹਨਾਂ "ਮੁਕਤ" ਚਿੰਤਕਾਂ ਦਾ ਖਿਆਲ ਹੈ ਕਿ ਹੁਣ ਹਰਾਵਲ ਦਸਤੇ ਵਰਗੀ ਕਿਸੇ ਚੀਜ਼ ਦੀ ਲੋੜ ਨਹੀਂ; ਇਹਨਾਂ ਦਾ ਇਹ ਵੀ ਮੰਨਣਾ ਹੈ ਕਿ ਹੁਣ ਮਜ਼ਦੂਰ ਜਮਾਤ ਦੀ ਥਾਂ ਆਮ ਤੌਰ 'ਤੇ "ਲੋਕ" ਲੈ ਲੈਣਗੇ ਅਤੇ ਪੂੰਜੀਪਤੀ ਜਮਾਤ ਦੀ ਥਾਂ ਉਹ ਹਾਕਮ ਜਮਾਤ ਸ਼ਬਦ ਪਸੰਦ ਕਰਦੇ ਹਨ; ਬੈਦਿਯੂ ਇੱਕ ਉੱਤਰ-ਮਾਰਕਸਵਾਦੀ ਕਮਿਊਨਿਜ਼ਮ ਦੀ ਗੱਲ ਕਰਦੇ ਹੋਏ ਇਸ ਨਤੀਜੇ 'ਤੇ ਪਹੁੰਚਦਾ ਹੈ ਕਿ ਕਮਿਊਨਿਜ਼ਮ ਦਾ "ਵਿਚਾਰ" ਆਦਿ-ਕਾਲ ਤੋਂ ਮੌਜੂਦ ਹੈ ਅਤੇ ਸਾਰੇ ਇਨਕਲਾਬ ਏਸੇ ਵਿਚਾਰ ਦੀ ਯਾਤਰਾ ਦੇ ਵੱਖ-ਵੱਖ ਪੜਾਅ ਸਨ; ਬੈਦਿਯੂ ਇਹ ਵੀ ਦਾਅਵਾ ਕਰਦਾ ਹੈ ਕਿ ਹੁਣ ਪਾਰਟੀ ਅਤੇ ਰਾਜ ਦਾ ਦੌਰ ਬੀਤ ਚੁੱਕਿਆ ਹੈ ਅਤੇ ਅਸੀਂ ਅਜਿਹੇ ਯੁੱਗ ਵਿੱਚ ਪ੍ਰਵੇਸ਼ ਕਰ ਚੁੱਕੇ ਹਾਂ ਜਿਸ ਵਿੱਚ ਪਾਰਟੀ ਅਤੇ ਰਾਜ ਵਰਗੀਆਂ ਕੋਟੀਆਂ ਅਪ੍ਰਸੰਗਿਕ ਹੋ ਚੁੱਕੀਆਂ ਹਨ; ਇਹ ਸਾਰੀਆਂ ਕੋਟੀਆਂ ਮਾਰਕਸਵਾਦੀ ਕਮਿਊਨਿਜ਼ਮ ਦੀ ਪੈਦਾਵਾਰ ਸਨ ਅਤੇ ਹੁਣ ਜਮਾਤੀ ਵਿਸ਼ਲੇਸ਼ਣ 'ਤੇ ਅਧਾਰਿਤ ਮਾਰਕਸਵਾਦੀ ਕਮਿਊਨਿਜ਼ਮ ਦੀ ਥਾਂ ਸ਼ੁੱਧ ਰੂਪ ਵਿੱਚ ਕਮਿਊਨਿਜ਼ਮ ਦੇ ਪੁਰਾਤਨ ਵਿਚਾਰ ਨੇ ਲੈ ਲਈ ਹੈ। ਅਜਿਹੇ ਧੁਰੀਹੀਣ ਚਿੰਤਕਾਂ ਨੇ ਅਰਬ ਲੋਕਉਭਾਰ ਸ਼ੁਰੂ ਹੋਣ ਦੇ ਨਾਲ਼ ਹੀ ਅਜਿਹੇ ਐਲਾਨ ਕਰਨੇ ਸ਼ੁਰੂ ਕਰ ਦਿੱਤੇ ਸਨ ਕਿ ਉਹਨਾਂ ਦਾ ਪਾਰਟੀ-ਰਹਿਤ, ਅਗਵਾਈ-ਰਹਿਤ, ਉੱਤਰ-

ਮਾਰਕਸਵਾਦੀ ਕਮਿਊਨਿਜ਼ਮ ਦਾ ਸਿਧਾਂਤ ਸਹੀ ਸਿੱਧ ਹੋ ਰਿਹਾ ਹੈ। ਪਰ ਛੇਤੀ ਹੀ ਅਰਬ ਲੋਕਉਭਾਰ ਕਿਸੇ ਇਨਕਲਾਬ ਵਿੱਚ ਤਬਦੀਲ ਹੋਣ ਦੀ ਥਾਂ ਜ਼ਿਆਦਾਤਰ ਥਾਵਾਂ 'ਤੇ ਫ਼ੌਜ ਅਤੇ ਇਸਲਾਮਿਕ ਕੱਟੜਪੰਥੀਆਂ ਦੇ ਗਠਜੋੜ ਦੀ ਹਕੂਮਤ ਦੇ ਰੂਪ ਵਿੱਚ ਸਾਹਮਣੇ ਆ ਗਿਆ, ਅਤੇ ਬਾਕੀ ਥਾਵਾਂ 'ਤੇ ਪੂੰਜੀਪਤੀ ਜਮਾਤ ਦੇ ਕਿਸੇ ਇੱਕ ਵਿਅਕਤੀ ਦੀ ਅਗਵਾਈ ਵਿੱਚ ਚੱਲਣ ਵਾਲ਼ੀ ਨਿਰੰਕੁਸ਼ ਵਿਅਕਤੀਗਤ ਤਾਨਾਸ਼ਾਹੀ ਦੀ ਥਾਂ ਉਦਾਰ ਸੰਸਦੀ ਲੋਕਤੰਤਰ ਦੇ ਰੂਪ ਵਿੱਚ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਨੇ ਲੈ ਲਈ ਹੈ। ਐਨਟੋਨੀਓ ਨੇਗਰੀ ਅਤੇ ਮਾਈਕਲ ਹਾਰਟ ਨੇ ਤਾਂ ਸਮੇਂ ਤੋਂ ਪਹਿਲਾਂ ਹੀ ਬਹੁਤ ਖੁਸ਼ ਹੋਕੇ ਅਖਬਾਰਾਂ ਵਿੱਚ ਆਪਣੇ ਸਿਧਾਂਤ ਦੀ ਪੁਸ਼ਟੀ ਦਾ ਐਲਾਨ ਵੀ ਕਰ ਦਿੱਤਾ। ਪਰ ਅਰਬ ਲੋਕਉਭਾਰ ਤੋਂ ਕੁੱਝ ਸਮਾਂ ਬੀਤਣ ਨਾਲ਼ ਹੀ ਅਜਿਹੇ ਸਾਰੇ ਚਿੰਤਕ ਖੂੰਜੇ ਭਾਲਦੇ ਨਜ਼ਰ ਆ ਰਹੇ ਹਨ। ਅਤੇ ਇਸ ਸਮੇਂ 'ਵਾਲ ਸਟਰੀਟ 'ਤੇ ਕਬਜ਼ਾ ਕਰੋ!' ਲਹਿਰ ਦੇ ਨਾਲ਼ ਇਹਨਾਂ ਚਿੰਤਕਾਂ ਨੇ ਇੱਕ ਵਾਰ ਫਿਰ ਤੋਂ ਆਪਣੀਆਂ-ਆਪਣੀਆਂ ਖੁੱਡਾਂ ਵਿੱਚੋਂ ਬਾਹਰ ਨਿੱਕਲ਼ਕੇ ਇਹ ਐਲਾਨ ਕਰ ਦਿੱਤਾ ਹੈ ਕਿ ਉਹਨਾਂ ਦੇ ਸਿਧਾਂਤ ਸਹੀ ਸਿੱਧ ਹੋ ਰਹੇ ਹਨ ਅਤੇ ਇੱਕ ਵਾਰ ਫਿਰ ਉਹ ਪੜਾਅ ਆ ਰਿਹਾ ਹੈ ਜਦੋਂ ਉਹਨਾਂ ਨੂੰ ਆਪਣੇ ਹੀ ਸ਼ਬਦਾਂ ਨੂੰ ਸਾਬਤ ਨਿਗਲਣਾ ਪਵੇਗਾ।

ਪਰ ਇਹਨਾਂ ਨਵ-ਖੱਬੇਪੱਖ ਦੇ ਸਿਰਜਣਹਾਰਿਆਂ ਨੂੰ ਖਾਰਜ ਕਰਨ ਦੇ ਨਾਲ਼ ਹੀ ਸਾਨੂੰ ਇੱਕ ਸਹੀ ਵਿਗਿਆਨਕ ਨਜ਼ਰੀਏ 'ਤੇ ਖੜ੍ਹੇ ਹੋਕੇ ਇਹਨਾਂ ਸਾਰੇ ਸੰਘਰਸ਼ਾਂ ਦੀ ਨੀਤੀ ਦੀ ਸੰਤੁਲਿਤ ਵਿਆਖਿਆ ਕਰਨੀ ਪਵੇਗੀ। **ਪੂੰਜੀਵਾਦੀ ਢਾਂਚੇ ਨੂੰ ਕਟਿਹਰੇ ਵਿੱਚ ਖੜਾ ਕਰਨ ਦੇ ਬਾਵਜੂਦ ਇਹ ਸੰਘਰਸ਼ ਕਿਉਂ ਬਹੁਤੀ ਉਮੀਦ ਪੈਦਾ ਨਹੀਂ ਕਰਦੇ, ਇਹਦੇ ਵਿਗਿਆਨਕ ਕਾਰਨਾਂ ਦੀ ਵਿਆਖਿਆ ਕਰਨੀ ਹੋਵੇਗੀ। ਇਹਨਾਂ ਅੰਦੋਲਨਾਂ ਦੀਆਂ ਸਮੱਸਿਆਵਾਂ, ਸੀਮਾਵਾਂ ਕੀ ਹਨ, ਇਸਨੂੰ ਸਮਝਣਾ ਪਵੇਗਾ।**

•

ਮੌਜੂਦਾ 'ਵਾਲ ਸਟਰੀਟ ਕਬਜ਼ਾ ਕਰੋ' ਲਹਿਰ ਦੀ ਸ਼ੁਰੂਆਤ ਇੱਕ ਉਪਭੋਗਤਾਵਾਦ-ਵਿਰੋਧੀ ਸੰਗਠਨ **ਐਡਵੈਸਟਰ** ਰਾਹੀਂ ਇੰਟਰਨੈੱਟ ਉੱਤੇ ਦਿੱਤੇ ਗਏ ਸੱਦੇ ਨਾਲ਼ ਹੋਈ। ਤੁਹਾਨੂੰ ਚੇਤੇ ਹੋਵੇਗਾ ਕਿ ਅਰਬ ਲੋਕਉਭਾਰ ਦੀ ਸ਼ੁਰੂਆਤ ਵਿੱਚ ਵੀ ਨਵੇਂ ਸੂਚਨਾਂ ਮਾਧਿਅਮਾਂ ਦਾ ਕਾਫ਼ੀ ਇਸਤੇਮਾਲ ਕੀਤਾ ਗਿਆ ਸੀ। ਅਮਰੀਕਾ ਵਿੱਚ ਇਹ ਲਹਿਰ ਨਿਊਯਾਰਕ ਦੇ ਜ਼ੁਕੋਟੀ ਪਾਰਕ ਵਿੱਚ ਪ੍ਰਦਰਸ਼ਨ ਨਾਲ਼ ਸ਼ੁਰੂ ਹੋਈ ਸੀ। ਤਦ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਇਹ ਇੰਨੇ ਜ਼ਿਆਦਾ ਲੋਕਾਂ ਨੂੰ ਖਿੱਚੇਗੀ। ਪਰ ਸਮਾਜ ਵਿੱਚ ਵੱਖ-ਵੱਖ ਤਬਕਿਆਂ ਦੇ ਲੋਕ ਆਪਣੀਆਂ-ਆਪਣੀਆਂ ਸ਼ਿਕਾਇਤਾਂ ਦੇ ਨਾਲ਼ ਇਸ ਲਹਿਰ ਵਿੱਚ ਜੁੜਨ ਲੱਗੇ। ਵੱਖ-ਵੱਖ ਤਬਕੇ ਕਾਫ਼ੀ ਲੰਬੇ ਸਮੇਂ ਮਗਰੋਂ ਆਪਣੀਆਂ ਵੱਖ-ਵੱਖ ਮੰਗਾਂ ਨੂੰ ਲੈਕੇ ਸੜਕਾਂ 'ਤੇ ਉਤਰ ਰਹੇ ਸਨ। ਇਸਤੋਂ ਪਹਿਲਾਂ ਅਮਰੀਕਾ ਸਮੇਤ ਸਾਰੇ ਪੱਛਮੀ ਦੇਸ਼ਾਂ ਵਿੱਚ ਜੋ ਛੋਟੇ-ਮੋਟੇ ਸੰਘਰਸ਼ ਪਿਛਲੇ ਦੋ-ਤਿੰਨ ਦਹਾਕਿਆਂ ਦੇ ਦੌਰਾਨ ਹੋਏ ਸਨ, ਉਹ ਜ਼ਿਆਦਾਤਰ ਕਿਸੇ ਇੱਕ ਮੁੱਦੇ 'ਤੇ ਕੇਂਦਰਿਤ ਸਨ। ਮਿਸਾਲ ਦੇ ਤੌਰ 'ਤੇ ਸਿੱਖਿਆ ਦੇ ਸਵਾਲ 'ਤੇ, ਪੁਲਸੀਆ ਜ਼ਬਰ ਦੇ ਸਵਾਲ ਉੱਤੇ ਕਈ ਵਾਰ ਸੰਘਰਸ਼ ਹੋਏ ਹਨ। ਪਰ ਇਸ ਵਾਰ ਸਮਾਜ ਦੇ ਵੱਖੋ-ਵੱਖਰੇ ਤਬਕਿਆਂ ਦੇ ਲੋਕ ਆਪੋ-ਆਪਣੀਆਂ ਸ਼ਿਕਾਇਤਾਂ ਦੇ ਨਾਲ਼ ਅਤੇ ਆਪੋ-ਆਪਣੇ ਕਾਰਨਾਂ ਕਰਕੇ ਇਕੱਠੇ ਸੜਕਾਂ 'ਤੇ ਆਏ। **ਵਿਜੇ ਪ੍ਰਸਾਦ** ਵਰਗੇ ਟਿੱਪਣੀਕਾਰ ਇਸ ਵਰਤਾਰੇ ਨੂੰ ਹਾਂਦਰੂ ਮੰਨਦੇ ਹਨ ਅਤੇ ਮੰਨਦੇ ਹਨ ਕਿ ਇਸੇ ਕਾਰਨ ਤੋਂ ਇਸ ਸੰਘਰਸ਼ ਦੇ ਵਿੱਚੋਂ ਫਿਲਹਾਲ ਕਈ ਟੁਕੜਿਆਂ 'ਚ ਵੰਡੇ ਖੱਬੇਪੱਖੀ ਕਿਸੇ ਸਾਂਝੇ ਪ੍ਰੋਗਰਾਮ ਦੇ ਨਾਲ਼ ਉੱਭਰਕੇ ਸਾਹਮਣੇ ਆਉਣਗੇ। ਪਰ ਇਸ ਪ੍ਰੇਖਣ ਦੇ ਨਾਲ਼ ਕਈ ਸਮੱਸਿਆਵਾਂ ਜੁੜੀਆਂ ਹੋਈਆਂ ਹਨ। **ਕੋਈ ਕਮਿਊਨਿਸਟ ਲੀਡਰਸ਼ਿਪ ਤਦ ਹੀ ਸਾਹਮਣੇ ਆ ਸਕਦੀ ਹੈ ਜਦੋਂ ਨਾ ਸਿਰਫ਼ ਉਹਦੇ ਕੋਲ਼ ਕੋਈ ਸਾਂਝਾ ਮੰਗਪੱਤਰ ਹੋਵੇ, ਸਗੋਂ ਉਹਦੇ ਕੋਲ਼ ਇੱਕ ਸੁਨਿਸ਼ਚਿਤ ਵਿਚਾਰਧਾਰਕ ਸਮਝ, ਇੱਕ ਪ੍ਰੋਗਰਾਮ ਦੀ ਸੋਚ, ਯੁੱਧਨੀਤੀ ਅਤੇ ਆਮ ਦਾਅਪੇਚਕ ਸਮਝਦਾਰੀ ਅਤੇ ਇੱਕ ਸੂਝ-ਬੂਝ ਵਾਲ਼ੀ ਲੀਡਰਸ਼ਿਪ ਹੋਵੇ।** ਪਰ ਮੌਜੂਦਾ ਸਮੇਂ ਵਿੱਚ ਮੰਗਾਂ ਜੈਵਿਕ ਤੌਰ 'ਤੇ ਇੱਕ ਮੰਗਪੱਤਰ ਦਾ ਹਿੱਸਾ ਨਹੀਂ ਬਣ ਰਹੀਆਂ ਹਨ ਅਤੇ ਅਜਿਹੇ ਕਿਸੇ ਵੀ ਭਾਵੁਕ ਮੰਗਪੱਤਰ ਦੀਆਂ ਮੰਗਾਂ ਪਿੱਛੇ ਕਿਸੇ ਸਹੀ ਵਿਚਾਰਧਾਰਕ ਸਮਝ ਦੇ ਮੌਜੂਦ ਹੋਣ ਦੀ ਗੁੰਜਾਇਸ਼ ਘੱਟ ਹੀ ਨਜ਼ਰ ਆਉਂਦੀ ਹੈ। ਕਾਰਨ ਇਹ ਹੈ ਕਿ ਵੱਖ-ਵੱਖ ਤਬਕੇ ਜਿਹੜੇ ਆਰਥਿਕ ਸੰਕਟਾਂ ਦੇ ਨਤੀਜੇ ਤੋਂ ਤੰਗ ਆਕੇ ਸੜਕਾਂ 'ਤੇ ਆਪਣੀਆਂ ਮੰਗਾਂ ਨੂੰ ਲੈਕੇ ਉੱਤਰੇ ਹਨ, ਉਹਨਾਂ ਦੀਆਂ ਮੰਗਾਂ ਇੱਕ **ਸਮੂਹਕ** ਢਾਂਚੇ ਦੇ ਰੂਪ ਵਿੱਚ ਸਾਹਮਣੇ ਆ ਰਹੀਆਂ ਹਨ। ਇਸ ਲਈ ਇਹ ਜਿੰਨੀ ਛੇਤੀ ਨਾਲ਼ ਆ ਰਹੇ ਹਨ, ਹਾਕਮ ਜਮਾਤ ਦੁਆਰਾ ਇਹਨਾਂ ਵਿੱਚੋਂ ਕੁੱਝ ਕੁ ਪੂਰਾ ਕੀਤੇ ਜਾਣ ਜਾਂ ਅੰਸ਼ਿਕ ਰੂਪ ਵਿੱਚ ਪੂਰਾ ਕੀਤੇ ਜਾਣ ਨਾਲ਼ ਉਨੀ ਹੀ ਛੇਤੀ ਖਿੰਡ ਵੀ ਸਕਦੇ ਹਨ।

ਸਪਸ਼ਟ ਹੈ ਕਿ ਮੌਜੂਦਾ 'ਕਬਜ਼ਾ ਕਰੋ' ਲਹਿਰ ਕੋਲ਼ ਕੋਈ ਪਰਿਭਾਸ਼ਿਤ ਟੀਚਾ ਜਾ ਉਦੇਸ਼ ਨਹੀਂ ਹੈ। ਇਹਦੇ ਕੋਲ ਮੈਂਬਰਸ਼ਿਪ ਦਾ ਕੋਈ ਵੀ ਰਸਮੀ ਢਾਂਚਾ ਨਹੀਂ ਹੈ ਜਿਹੜਾ ਇਸਨੂੰ ਇੱਕ ਹੱਦ ਤੱਕ ਮਜ਼ਬੂਤੀ ਪ੍ਰਦਾਨ ਕਰੇ। ਅਤੇ ਨਾ ਹੀ ਇਸਦੀ ਕੋਈ ਸਾਫ਼ ਦਿਖਾਈ ਦੇਣ ਵਾਲ਼ੀ ਲੀਡਰਸ਼ਿਪ ਹੈ। ਅਸਲ ਵਿੱਚ, ਹੁਣ ਅਮਰੀਕਾ ਅਤੇ ਦੁਨੀਆ ਦੇ ਕਈ ਵਿਕਸਿਤ ਦੇਸ਼ਾਂ ਦੇ ਵੱਡੇ ਸ਼ਹਿਰਾਂ ਵਿੱਚ ਜੋ ਹੋ ਰਿਹਾ ਉਹ ਵਿੱਤੀ ਅਜਾਰੇਦਾਰ ਪੂੰਜੀਵਾਦੀ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਨਵ-ਉਦਾਰਵਾਦ ਦੀ ਨਗਨ ਨੀਤੀਆਂ ਦੇ ਸਿੱਟੇ ਵਜੋਂ ਪੈਦਾ ਹੋਈ ਮੰਦੀ, ਬੇਰੁਜ਼ਗਾਰੀ, ਤਬਾਹੀ, ਬਰਬਾਦੀ ਦੇ ਵਿਰੁੱਧ ਲੋਕਾਂ ਦੇ ਗੁੱਸੇ ਦਾ ਆਪ-ਮੁਹਾਰਾ ਵਿਸਫੋਟ ਹੈ। ਵੱਖ-ਵੱਖ ਸਮਾਜਿਕ ਜਮਾਤਾਂ ਆਪੋ-ਆਪਣੇ ਕਾਰਨਾਂ ਤੋਂ ਸੜਕਾਂ 'ਤੇ ਹਨ। ਇਹ ਕਾਰਨ ਆਰਥਿਕ ਵੀ ਹਨ, ਅਤੇ ਸਿਆਸੀ ਵੀ। ਪਰ ਉਹਨਾਂ ਦੀਆਂ ਮੰਗਾਂ ਇੱਕ ਸਮੂਹਕ ਸਮੁੱਚਤਾ ਵਿੱਚ ਪ੍ਰਗਟ ਹੋ ਰਹੀਆਂ ਹਨ, ਕਿਸੇ ਨਿਸ਼ਚਿਤ ਉਦੇਸ਼ ਦੀ ਪ੍ਰਾਪਤੀ ਲਈ, ਪ੍ਰੋਗਰਾਮ ਨਾਲ਼ ਬੱਝੇ ਮੰਗ-ਪੱਤਰ ਦੇ ਰੂਪ ਵਿੱਚ ਨਹੀਂ। ਇਹਨਾਂ ਮੁਜ਼ਾਰਿਆਂ ਵਿੱਚ ਵੱਖ-ਵੱਖ ਤਰ੍ਹਾਂ ਦੇ ਸਿਆਸੀ ਸਮੂਹ ਹਿੱਸਾ ਲੈ ਰਹੇ ਹਨ, ਜਿੰਨ੍ਹਾਂ ਵਿੱਚੋਂ ਮਾਰਕਸਵਾਦੀ-ਲੈਨਿਨਵਾਦੀ ਸਮੂਹਾਂ ਤੋਂ ਲੈਕੇ ਅਰਾਜਕਤਾਵਾਦੀ, ਇਸਾਈ ਸਮਾਜਵਾਦੀ, ਕਲਿਆਣਕਾਰੀ ਰਾਜ ਦੇ ਸਮਰਥਕ,

ਚਾਮਸਕੀਪੰਥੀ, ਤਰਾਤਸਕੀਪੰਥੀ, ਸਵੈਸੇਵੀ ਸੰਗਠਨ ਆਦਿ ਤੱਕ ਸ਼ਾਮਲ ਹਨ। ਇਹ ਪੂੰਜੀਵਾਦ-ਵਿਰੋਧੀ ਨਾਅਰੇ ਲਗਾ ਰਹੇ ਹਨ, ਪਰ ਇਹ ਕੋਈ ਨਹੀਂ ਦੱਸ ਰਿਹਾ ਕਿ ਜੋ ਉਹ ਵਾਲ ਸਟਰੀਟ ਦੇ ਹਿਤਾਂ ਨਾਲ਼ ਚੱਲਣ ਵਾਲ਼ੇ ਪੂੰਜੀਵਾਦੀ ਢਾਂਚੇ ਨੂੰ ਨਕਾਰ ਰਹੇ ਹਨ ਤਾਂ ਕੀ ਬਦਲ ਪੇਸ਼ ਕਰ ਰਹੇ ਹਨ ? ਅਕਸਰ ਉਹ ਸਿਰਫ਼ ਪੂੰਜੀਵਾਦ ਦੀ ਨਹੀਂ ਸਗੋਂ ਵਿੱਤੀ ਪੂੰਜੀ ਦੀ ਤਾਨਾਸ਼ਾਹੀ ਦੀ ਗੱਲ ਕਰਦੇ ਹਨ। ਸਿਰਫ਼ ਪੂੰਜੀ ਦੀ ਤਾਨਾਸ਼ਾਹੀ ਕਿਉਂ ਨਹੀਂ ? ਸਿਰਫ਼ ਬੈਂਕਾਂ ਦੀ ਤਾਨਾਸ਼ਾਹੀ ਦਾ ਵਿਰੋਧ ਕਿਉਂ ? ਕਦੇ ਇਹ 'ਕਾਰਪੋਰੇਟ ਵੈਲਫੇਅਰ ਸਟੇਟ' (ਜੋਸੇਫ਼ ਸਟਿਗਲਿਟਜ਼ ਦੇ ਸ਼ਬਦਾਂ ਵਿੱਚ) ਤੋਂ 'ਪਬਲਿਕ ਵੈਲਫੇਅਰ ਸਟੇਟ' ਦੇ ਵੱਲ ਵਾਪਸ ਪਰਤਣ ਦੀ ਚਾਹਤ ਦਾ ਪ੍ਰਗਟਾਵਾ ਤਾਂ ਨਹੀਂ ? ਕਦੇ ਇਹ ਕੈਨੇਡੀ ਦੇ 'ਸਵਰਣ ਯੁੱਗ' ਵੱਲ ਮੁੜਨ ਦੀ ਇੱਛਾ ਤਾਂ ਨਹੀਂ ? ਕਿਉਂਕਿ ਜੇ ਤੁਸੀਂ ਪੂੰਜੀਵਾਦੀ ਬਦਲ ਦੀ ਗੱਲ ਨਹੀਂ ਕਰਦੇ ਤਾਂ ਤੁਹਾਡਾ ਵਜੂਦ ਸਮੋਇਆ ਅਰਥ "ਕਲਿਆਣਕਾਰੀ" ਪੂੰਜੀਵਾਦ ਦੇ ਵੱਲ ਵਾਪਸੀ ਦਾ ਨਾਅਰਾ ਦੇਣਾ ਹੋਵੇਗਾ। ਉਹਨਾਂ ਦੇ ਕੁੱਝ ਨਾਅਰਿਆਂ ਨਾਲ਼ ਵੀ ਇਹ ਗੱਲ ਸਪਸ਼ਟ ਹੁੰਦੀ ਹੈ। ਜਿਵੇਂ ਕਿ **'ਮੇਨ ਸਟਰੀਟ ਨੂੰ ਬਚਾਓ, ਵਾਲ ਸਟਰੀਟ ਨੂੰ ਨਹੀਂ'**; **'99 ਫ਼ੀਸਦੀ ਨੂੰ ਬਚਾਓ 1 ਫੀਸਦੀ ਨੂੰ ਨਹੀਂ'** ਆਦਿ। ਹੁਣ ਸੋਚਣ ਵਾਲ਼ੀ ਗੱਲ ਇਹ ਹੈ ਕਿ ਇਹ ਬਚਾਉਣ ਦੀ ਦੁਹਾਈ ਕਿਸਨੂੰ ਦਿੱਤੀ ਜਾਂਦੀ ਹੈ ? ਨਿਸ਼ਚਿਤ ਰੂਪ ਵਿੱਚ ਰਾਜ ਨੂੰ। ਪਹਿਲਾ ਰਾਜ ਸੁਚੇਤਨ ਤੌਰ 'ਤੇ ਲੋਕਾਂ ਦੇ ਪਿਛੜੇ ਹੋਏ ਹਿੱਸੇ ਦੇ ਹਿੱਤਾਂ ਦੀ ਰਾਖੀ ਲਈ ਦਖਲ ਦਿੰਦਾ ਸੀ। ਇਹ ਬਹੁਤ ਵੱਡਾ ਭਰਮ ਹੈ ਕਿ ਰਾਜ ਨਵ-ਉਦਾਰਵਾਦ ਦੇ ਇਸ ਦੌਰ ਵਿੱਚ ਬੇਦਖ਼ਲ ਹੋ ਗਿਆ ਹੈ। ਅਸਲ ਵਿੱਚ ਰਾਜ ਪਹਿਲਾਂ ਤੋਂ ਵੱਧ ਦਖਲਅੰਦਾਜ਼ੀ ਕਰ ਰਿਹਾ ਹੈ। ਪਰ ਇਹ ਦਖਲਅੰਦਾਜ਼ੀ ਉਹ ਲੋਕਾਂ ਦੇ ਗਰੀਬ, ਕਮਜ਼ੋਰ ਅਤੇ ਪਿਛੜੇ ਹਿੱਸਿਆਂ ਨੂੰ ਭੋਜਨ, ਰਿਹਾਇਸ਼, ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੇਣ ਲਈ ਨਹੀਂ ਸਗੋਂ ਮੰਦੀ ਨਾਲ਼ ਕਰਾਹੁੰਦੇ ਕਾਰਪੋਰੇਸ਼ਨਾਂ ਨੂੰ ਬਚਾਉਣ ਵਾਸਤੇ ਬੇਲ ਆਊਟ ਪੈਕੇਜ ਦੇਣ ਲਈ ਕਰ ਰਿਹਾ ਹੈ। ਮਤਲਬ ਕਿ ਇੱਥੇ ਇਹ ਮੰਗ ਕੀਤੀ ਜਾ ਰਹੀ ਹੈ ਕਿ ਰਾਜ ਜਨਤਾ ਦੇ ਪੱਖ ਵਿੱਚ ਦਖਲਅੰਦਾਜ਼ੀ ਕਰੇ ਅਤੇ ਉਹਨਾਂ ਦੇ ਹਿੱਤਾਂ ਦੀ ਹਿਫ਼ਾਜ਼ਤ ਕਰੇ, ਜਾਂ ਘੱਟ ਤੋਂ ਘੱਟ ਥੋੜਾਂ ਖਿਆਲ ਰੱਖੇ, ਨਾ ਕਿ ਕਾਰਪੋਰੇਸ਼ਨਾਂ ਦੇ ਏਜੰਟ ਦੇ ਤੌਰ 'ਤੇ ਕੰਮ ਕਰੇ। ਪਰ ਪੂੰਜੀਵਾਦੀ ਢਾਂਚਾ ਯਾਨਿ ਕਿ ਨਿੱਜੀ ਮਾਲਕੀ, ਨਿੱਜੀ ਮੁਨਾਫੇ ਅਤੇ ਨਿੱਜੀ ਪੂੰਜੀ ਦੇ ਇਕੱਤਰੀਕਰਨ ਦੇ ਬਲਬੂਤੇ ਚੱਲਣ ਵਾਲ਼ੇ ਪੂਰੇ ਪੂੰਜੀਵਾਦੀ ਢਾਂਚੇ ਨੂੰ ਇੱਕ ਵਿਚਾਰਕ, ਢਾਂਚਾਗਤ ਅਤੇ ਸਿਧਾਂਤਕ ਤੌਰ 'ਤੇ ਕਟਿਹਰੇ ਵਿੱਚ ਨਹੀਂ ਖੜਾ ਕੀਤਾ ਗਿਆ। ਜਿਸ ਚੀਜ਼ 'ਤੇ ਹੱਲਾ ਬੋਲਿਆ ਜਾ ਰਿਹਾ ਹੈ ਉਹ ਸਿਰਫ਼ ਇਸ ਪੂੰਜੀਵਾਦੀ ਢਾਂਚੇ ਦਾ ਲੱਛਣ ਹੈ, ਜਿਸਤੋਂ ਤੰਗ ਆਕੇ ਲੋਕ ਸੜਕਾਂ 'ਤੇ ਉੱਤਰੇ ਹਨ। ਇਸ ਲਈ ਇਹਨਾਂ ਮੁਜ਼ਾਹਰਿਆਂ ਦਾ ਕੋਈ ਹਾਂਦਰੂ ਪੱਖ ਨਹੀਂ ਹੈ। ਇਹ ਪੂੰਜੀਵਾਦੀ ਢਾਂਚੇ ਦੁਆਰਾ ਲੋਕਾਂ ਉੱਤੇ ਥੋਪ ਦਿੱਤੀਆਂ ਗਈਆਂ ਤਬਾਹੀਆਂ ਦਾ ਇੱਕ ਹੱਦ ਪਾਰ ਕਰ ਜਾਣ ਤੋਂ ਬਾਦ ਲੋਕਾਂ ਦਾ ਨਿਰਾਸ਼ ਹੋਕੇ ਸੜਕਾਂ 'ਤੇ ਉੱਤਰਨਾ ਹੈ। ਤੁਸੀਂ ਬੇਰੁਜ਼ਗਾਰੀ, ਗਰੀਬੀ, ਭੁੱਖਮਰੀ, ਬੇਘਰੀ, ਸਿੱਖਿਆ ਅਤੇ ਸਿਹਤ ਦੇ ਹੱਕ ਦੇ ਸਵਾਲ 'ਤੇ ਸੜਕਾਂ 'ਤੇ ਉੱਤਰਦੇ ਹੋ, ਪਰ ਇਹ ਸਾਰੀਆਂ ਸਮੱਸਿਆਵਾਂ ਜਿਸ ਢਾਂਚੇ ਕਰਕੇ ਪੈਦਾ ਹੋ ਰਹੀਆਂ ਹਨ, ਤੁਸੀਂ ਉਸ ਢਾਂਚੇ ਦਾ ਕੋਈ ਬਦਲ ਨਹੀਂ ਪੇਸ਼ ਕਰਦੇ। ਤੁਸੀਂ ਪਹਿਲਾਂ ਪੂਰੇ ਦੇ ਪੂਰੇ ਸਿਆਸੀ-ਆਰਥਿਕ ਤੰਤਰ ਨੂੰ ਦੀਵਾਲੀਆ ਕਹਿੰਦੇ ਹੋ, ਤੁਸੀਂ ਪੂਰੀ ਸਿਆਸੀ ਜਮਾਤ ਨੂੰ ਭ੍ਰਿਸ਼ਟ ਦੱਸਦੇ ਹੋ (ਜਿਹੜਾ ਕਿ ਸੱਚ ਹੈ!); ਪਰ ਆਖਿਰ ਵਿੱਚ ਤੁਸੀਂ ਉਸ ਪੂਰੇ ਢਾਂਚੇ ਅਤੇ ਹਾਕਮ ਜਮਾਤ ਨੂੰ ਉਖਾੜ ਦੇਣ ਦਾ ਸੱਦਾ ਨਹੀਂ ਦਿੰਦੇ ਅਤੇ ਨਾ ਹੀ ਇਸਦਾ ਕੋਈ ਕਾਰਗਰ ਪ੍ਰੋਗਰਾਮ ਪੇਸ਼ ਕਰ ਰਹੇ ਹੋ; **ਤੁਸੀਂ ਜੋ ਕਰ ਰਹੇ ਹੋ ਉਹ ਅੰਤ ਵਿੱਚ ਇੱਕੋ ਮੰਗ ਹੀ ਹੈ ! ਅਤੇ ਕਿਹਨਾਂ ਤੋਂ ? ਉਹਨਾਂ ਤੋਂ ਹੀ ਜਿਨ੍ਹਾਂ ਨੂੰ ਤੁਸੀਂ ਭ੍ਰਿਸ਼ਟ ਅਤੇ ਦੀਵਾਲੀਆ ਐਲਾਨ ਦਿੱਤਾ ਹੈ !** 'ਵਾਲ ਸਟਰੀਟ ਨੂੰ ਨਾ ਬਚਾਕੇ ਮੇਨ ਸਟਰੀਟ ਨੂੰ ਬਚਾਓ' ਉਦੋਂ ਤੱਕ ਇੱਕ ਭੁਲੇਖਾਪਾਊ ਨਾਅਰਾ ਹੈ ਜਦੋਂ ਤੱਕ ਇਸ ਪੂਰੇ ਢਾਂਚੇ ਨੂੰ ਕਟਿਹਰੇ ਵਿੱਚ ਨਾ ਖੜਾ ਕੀਤਾ ਜਾਵੇ ਜਿਹੜਾ ਮੇਨ ਸਟਰੀਟ ਉੱਤੇ ਵਾਲ਼ ਸਟਰੀਟ ਦੀ ਤਾਨਾਸ਼ਾਹੀ ਅਤੇ ਸ੍ਰੇਸ਼ਠਤਾ 'ਤੇ ਅਧਾਰਿਤ ਹੈ। ਇਸ ਲਈ ਮੌਜੂਦਾ ਢਾਂਚੇ ਦੇ ਰਹਿੰਦੇ ਵਾਲ ਸਟਰੀਟ ਨੂੰ ਬਚਾਉਣਾ ਇੱਕ ਮਾਤਰ ਬਦਲ ਹੈ ਅਤੇ ਉਸਦੇ ਬਿਨਾਂ ਮੇਨ ਸਟਰੀਟ ਨੂੰ ਵੀ ਕੋਈ ਰਾਹਤ ਨਹੀਂ ਮਿਲਦੀ। ਨਿੱਜੀ ਮਾਲਕੀ ਅਤੇ ਨਿੱਜੀ ਇਕੱਤਰੀਕਰਨ ਦੇ ਇਸ ਢਾਂਚੇ ਵਿੱਚ ਤੁਸੀਂ ਨਿੱਜੀ ਮਾਲਕੀ ਅਤੇ ਨਿੱਜੀ ਇਕੱਤਰੀਕਰਨ ਨੂੰ ਤਾਂ ਬਚਾਉਂਗੇ ਹੀ ! ਤੁਹਾਡੇ ਕੋਲ ਹੋਰ ਬਦਲ ਵੀ ਕੀ ਹੈ ? ਅੱਜ ਦਾ ਸੰਕਟ ਨਿੱਜੀ ਇਕੱਤਰੀਕਰਨ ਨੂੰ ਹੀ ਖਤਰਨਾਕ ਹੱਦਾਂ ਹੇਠਾਂ ਲਿਜਾਂਦਾ ਗਿਆ ਹੈ ਅਤੇ ਉਸਨੂੰ ਬਚਾਉਣ ਲਈ ਹੀ ਬੇਲਆਊਟ ਤੇ ਸਟਿਮਉਲਸ ਪੈਕਜ ਦਿੱਤੇ ਗਏ, ਜਿਨ੍ਹਾਂ ਦਾ ਵਿਰੋਧ ਇਹਨਾਂ ਲੋਕਾਂ ਦੇ ਸੰਘਰਸ਼ਾਂ ਵਿੱਚ ਹੋ ਰਿਹਾ ਹੈ। ਪਰ ਇਹ ਸਿਰਫ਼ ਟੁਕੜਿਆਂ ਵਿੱਚ ਉਹਨਾਂ ਵੱਖ-ਵੱਖ ਲੱਛਣਾਂ 'ਤੇ ਨਰਾਜ਼ਗੀ ਪ੍ਰਗਟ ਕਰਨਾ ਹੈ ਜਿਸਤੋਂ ਲੋਕਾਂ ਦੇ ਵੱਖ-ਵੱਖ ਹਿੱਸੇ ਪਰੇਸ਼ਾਨ ਹਨ। ਇਸ ਲਈ ਬਿਨ੍ਹਾਂ ਪੂੰਜੀਵਾਦ ਦਾ ਵਿਰੋਧ ਕੀਤੇ ਸਿਰਫ਼ ਉਸਦੇ ਵਿੱਤੀ ਅਜਾਰੇਦਾਰੀ ਦੇ ਦੌਰ ਵਿੱਚ ਪੈਦਾ ਹੋਣ ਵਾਲ਼ੇ ਵੱਖ-ਵੱਖ ਲੱਛਣਾਂ ਦਾ ਵਿਰੋਧ ਕਰਨਾ ਜਾਂ ਤਾਂ ਕਿਸੇ ਯੂਟੋਪੀਆ ਵਿੱਚ ਜਿਉਣ ਦੇ ਬਰਾਬਰ ਹੈ ਜਾਂ ਫਿਰ ਪੂੰਜੀਵਾਦ ਦੇ "ਕਲਿਆਣਕਾਰੀ" ਦੌਰ ਵਿੱਚ ਵਾਪਸ ਜਾਣ ਦੀ ਹਵਾਈ ਮੰਗ ਹੈ, ਜੋ ਕਿ ਪੂੰਜੀਵਾਦ ਦੀ ਅਜਿਹੀ ਚੰਗੀ ਸਿਹਤ ਦੀ ਮੰਗ ਕਰਦਾ ਹੈ, ਜਿਹੜੀ ਹੁਣ ਕਦੇ ਆਉਣ ਵਾਲ਼ੀ ਨਹੀਂ; ਭਾਵੇਂ ਉਹ ਕਿਸੇ ਅਰਥ-ਭਰਪੂਰ ਰੁਕਾਵਟ ਅਤੇ ਇਨਕਲਾਬ ਦੀ ਅਣਹੋਂਦ ਵਿੱਚ ਟਿਕਿਆ ਰਹੇ।

ਅਸਲ ਵਿੱਚ ਜੇ ਕੋਈ ਪੂੰਜੀਵਾਦ ਵਿਰੋਧੀ ਲਹਿਰ ਹਕੂਮਤ ਪਲਟਣ ਵਿੱਚ ਸਫ਼ਲ ਵੀ ਹੋ ਜਾਂਦੀ ਹੈ (ਜਿਵੇਂ ਕਿ ਟਿਊਨੀਸ਼ੀਆ ਅਤੇ ਮਿਸਰ ਵਿੱਚ ਹੋਇਆ ਅਤੇ ਜਿਵੇਂ ਕਿ ਵਿਕਸਿਤ ਪੱਛਮੀ ਦੇਸ਼ਾਂ ਵਿੱਚ ਹੋਣ ਦੀ ਆਸ ਸਾਫ਼ ਹੈ) ਤਾਂ ਅਸਲੀ ਸਵਾਲ ਇਹ ਹੈ ਕਿ **ਹਕੂਮਤ ਦੇ ਪਲਟਣ ਦੇ ਅਗਲੇ ਦਿਨ ਕੀ ਹੁੰਦਾ ਹੈ ?** ਅਤੇ ਇਹ ਸਵਾਲ ਇਸ ਗੱਲ ਨਾਲ਼ ਜੁੜਿਆ ਹੋਇਆ ਹੈ ਕਿ ਇਹ ਪੂਰੀ ਤਬਦੀਲੀ ਕਿਸੇ ਵਿਚਾਰਧਾਰਕ ਤੌਰ 'ਤੇ ਪ੍ਰੇਰਿਤ, ਇੱਕ ਅਨੁਭਵੀ ਲੀਡਰਸ਼ਿਪ ਅਤੇ ਜਥੇਬੰਦੀ ਨਾਲ਼ ਲੈਸ ਲਹਿਰ ਦੇ ਨਤੀਜੇ ਵਜੋਂ ਹੋਇਆ ਹੈ ਜਾਂ ਨਹੀਂ। ਜੇ ਲੋਕ ਆਪ-ਮੁਹਾਰੇ ਢੰਗ ਨਾਲ਼ ਸੜਕਾਂ 'ਤੇ ਉਤਰਕੇ ਹਕੂਮਤ ਨੂੰ ਅਸੰਭਵਤਾ ਦੇ ਨੁਕਤੇ

ਤੱਕ ਪਹੁੰਚਾ ਦਿੰਦੇ ਹਨ ਅਤੇ ਉਸਤੋਂ ਬਾਅਦ ਦੀ ਹਾਲਤ ਵਿੱਚ ਇੱਕ ਵਿਚਾਰਕ ਬਦਲਵੇਂ ਢਾਂਚੇ ਦੀ ਉਸਾਰੀ ਕਰਨ ਲਈ ਜੇ ਕੋਈ ਇਨਕਲਾਬੀ ਸਿਆਸੀ ਅਗਵਾਈ ਅਤੇ ਜਥੇਬੰਦੀਆਂ ਮੌਜੂਦ ਨਹੀਂ ਹਨ ਤਾਂ ਇਸ ਖਾਲੀ ਥਾਂ ਨੂੰ ਕੋਈ ਨਾ ਕੋਈ ਪਿਛਾਖੜੀ ਤਾਕਤ ਜਾਂ ਤਾਕਤਾਂ ਭਰਨਗੀਆਂ ਜੋ ਅਖੀਰੀ ਰੂਪ ਦੇ ਧਰਾਤਲ ’ਤੇ ਕੁੱਝ ਚੀਜ਼ਾਂ ਵਿੱਚ ਬਦਲਾਅ ਕਰਨਗੀਆਂ ਤਾਂ ਕਿ ਲੋਕਾਂ ਦੇ ਆਪਮੁਹਾਰੇ ਗੁੱਸੇ ਦੇ ਵਿਸਫੋਟ ਨੂੰ ਸੋਖਿਆ ਜਾ ਸਕੇ ਅਤੇ ਫੌਰੀ ਤੌਰ ’ਤੇ ਇਸ ਢਾਂਚੇ ਦੇ ਜੀਵਨ ਕਾਲ ਨੂੰ ਸੁਰੱਖਿਅਤ ਕੀਤਾ ਜਾ ਸਕੇ, ਪਰ ਅਜਿਹੀ ਕੋਈ ਵੀ ਤਾਕਤ ਜਾਂ ਤਾਕਤਾਂ ਅਸਲ ਵਿੱਚ ਪੂਰੇ ਪੂੰਜੀਵਾਦੀ ਢਾਂਚੇ ਦੀ ਹੀ ਲੋੜੋਂ ਵੱਧ ਲਮੇਰੀ ਉਮਰ ਵਧਾਉਂਦੀਆਂ ਹਨ। ਮਿਸਰ ਅਤੇ ਟਿਊਨੀਸ਼ੀਆ ਦੀਆਂ ਉਦਾਹਰਨਾਂ ਵੇਖੋ। ਮਿਸਰ ਦੇ ਤਹਿਰੀਰ ਚੌਂਕ ਤੋਂ ਸ਼ੁਰੂ ਹੋਈ ਲਹਿਰ ਨੇ ਅਖੀਰ ਹੁਸਨੀ ਮੁਬਾਰਕ ਨੂੰ ਗੱਦੀਓਂ ਲਾਹ ਦਿੱਤਾ। ਪਰ ਇਸਤੋਂ ਬਾਅਦ ਪੈਦਾ ਹੋਏ ਸਿਆਸੀ ਖਲਾਅ ਨੂੰ ਫੌਜ ਅਤੇ ਇਸਲਾਮਿਕ ਕੱਟੜਪੰਥੀਆਂ ਦੇ ਗਠਜੋੜ ਨੇ ਭਰਿਆ। ਚੋਣਾਂ ਤੋਂ ਬਾਅਦ ਵੀ ਜਿਹੜੀ ਹਕੂਮਤ ਉੱਥੇ ਆਵੇਗੀ ਉਹ ਵੀ ਅਸਲ ਵਿੱਚ ਪੂੰਜੀਵਾਦੀ ਹਕੂਮਤ ਹੀ ਹੋਵੇਗੀ, ਜਿਸਦੀਆਂ ਆਰਥਿਕ ਨੀਤੀਆਂ ਵਿੱਚ ਕੋਈ ਫਰਕ ਨਹੀਂ ਹੋਵੇਗਾ। ਹਾਂ, ਪਰ ਇਹ ਜ਼ਰੂਰ ਹੋਵੇਗਾ ਕਿ ਉਹ ਹਕੂਮਤ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਨੂੰ ਕਿਸੇ ਇਕ ਨਿਰੰਕੁਸ਼ ਬਾਦਸ਼ਾਹ ਦੀ ਨੰਗੀ ਜਾਬਰ ਹਕੂਮਤ ਦੇ ਰੂਪ ਵਿੱਚ ਨਹੀਂ ਸਥਾਪਿਤ ਕਰੇਗੀ, ਸਗੋਂ ਜ਼ਿਆਦਾ ਗਲਬਾਕਾਰੀ ਪੂੰਜੀਵਾਦੀ ਸੰਸਦੀ ਲੋਕਤੰਤਰ ਦੇ ਜ਼ਰੀਏ ਪੂੰਜੀਪਤੀ ਜਮਾਤ ਦੀ ਤਾਨਾਸ਼ਾਹੀ ਦੇ ਰੂਪ ਵਿੱਚ ਲਾਗੂ ਕਰੇਗੀ। ਟਿਊਨੀਸ਼ੀਆ ਵਿੱਚ ਇਹ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਇਹਨਾਂ ਦੋਨਾਂ ਹੀ ਦੇਸ਼ਾਂ ਵਿੱਚ ਮਜ਼ਦੂਰਾਂ ਦੀ ਲਹਿਰ ਹਾਲੇ ਵੀ ਜਾਰੀ ਹੈ ਕਿਉਂਕਿ ਮਜ਼ਦੂਰ ਜਮਾਤ ਨੂੰ ਇਹ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਕਿ ਹਾਲ ਦੀ ਘੜੀ ਹੋਏ ਬਦਲਾਵਾਂ ਨੇ ਉਸਨੂੰ ਕਾਫ਼ੀ ਕੁੱਝ ਨਹੀਂ ਦਿੱਤਾ ਹੈ। ਉਸਨੂੰ ਆਪਣੀ ਮੁਕਤੀ ਲਈ ਜਥੇਬੰਦ ਤੌਰ ’ਤੇ ਲੜਨਾ ਪਵੇਗਾ। ਪਰ ਸਿਆਸੀ ਅਗਵਾਈ ਅਤੇ ਜਥੇਬੰਦੀ ਦੀ ਕਮੀ ਉਹਨਾਂ ਦੇ ਰਾਹ ਦਾ ਸਭ ਤੋਂ ਵੱਡਾ ਪੱਥਰ ਬਣੇ ਹੋਏ ਹਨ।

ਇਹ ਸੰਕਟ ਇਸ ਲਈ ਵੀ ਜ਼ਿਆਦਾ ਡਰਾਉਣਾ ਹੈ ਕਿ ਕਿਸੇ ਸਿਆਸੀ ਅਗਵਾਈ ਅਤੇ ਜਥੇਬੰਦੀ ਦੀ ਅਣਹੋਂਦ ਇੱਥੇ ਸਬੱਬੀ ਹੋਣ ਵਾਲ਼ੀ ਦੁਰਘਟਨਾ ਦੇ ਰੂਪ ਵਿੱਚ ਵੀ ਮੌਜੂਦ ਨਹੀਂ ਹੈ। ਉਸ ਹਾਲਤ ਵਿੱਚ ਅਸੀਂ ਉਹਨੂੰ ਸਿਆਸੀ ਚੇਤਨਾ ਦੀ ਅਣਹੋਂਦ ਮੰਨਦੇ ਅਤੇ ਸਿਆਸੀਕਰਨ ਦੀ ਲਗਾਤਾਰ ਪ੍ਰਕਿਰਿਆ ਚਲਾਕੇ ਇਸਨੂੰ ਦੂਰ ਕਰਨ ਲਈ ਅਸੀਂ ਕੁੱਝ ਕਰ ਸਕਦੇ ਸੀ। **ਪਰ ਅਸੀਂ ਇਹਨਾਂ ਲਹਿਰਾਂ ਵਿੱਚ ਜਥੇਬੰਦੀ, ਵਿਚਾਰਧਾਰਾ ਅਤੇ ਅਗਵਾਈ ਵੱਲ ਇੱਕ ਸਚੇਤਨ ਦੂਰੀ ਅਤੇ ਐਲਰਜੀ ਦਾ ਰੋਸ ਵੇਖ ਸਕਦੇ ਹਾਂ।** ‘ਕਬਜ਼ਾ ਕਰੋ’ ਲਹਿਰ ਵਿੱਚ ਵੀ ਅਜਿਹੀਆਂ ਸਿਆਸੀ ਤਾਕਤਾਂ ਪ੍ਰਮੁੱਖਤਾ ਨਾਲ਼ ਮੌਜੂਦ ਸਨ ਜਿਹੜੀਆਂ ਕਿਸੇ ਵੀ ਕਿਸਮ ਦੀ ਜਥੇਬੰਦ ਸਿਆਸੀ ਅਗਵਾਈ ਦੀ ਅਣਹੋਂਦ ਦਾ ਜਸ਼ਨ ਮਨਾ ਰਹੀਆਂ ਸਨ। ਜੋ ਕੁੱਝ ਚੱਲ ਰਿਹਾ ਹੈ ਉਸਨੂੰ ਕਈਆਂ ਨੇ “ਬਿਨਾਂ ਅਗਵਾਈ ਦੇ ਇਨਕਲਾਬ” ਦਾ ਨਾਂ ਦੇ ਦਿੱਤਾ। ਪਰ ਇਹ ਨਾਮ ਹੀ ਆਪਣੇ ਆਪ ਵਿੱਚ ਗਲਤ ਅਤੇ ਆਪਾ-ਵਿਰੋਧੀ ਹੈ। **ਜੋ ਕੁੱਝ ਹੋ ਰਿਹਾ ਹੈ ਉਹ ਬਿਨ੍ਹਾਂ ਅਗਵਾਈ ਤੋਂ ਹੈ ਇਸ ਲਈ ਉਹ ਇਨਕਲਾਬ ਨਹੀਂ ਹੈ।** ਅਸਲ ਵਿੱਚ ਜੋ ਕੁੱਝ ਹੋ ਰਿਹਾ ਹੈ ਉਸਨੂੰ ਇੱਕ ਲਹਿਰ ਕਹਿਣਾ ਵੀ ਠੀਕ ਨਹੀਂ ਹੋਵੇਗਾ, ਸਗੋਂ ਉਹਦਾ ਚਰਿੱਤਰ ਇੱਕ ਆਪ-ਮੁਹਾਰੇ ਉਭਾਰ ਜਿਹਾ ਜ਼ਿਆਦਾ ਹੈ। ਲਹਿਰ ਵਿੱਚ ਵੀ ਵਿਚਾਰ ਅਤੇ ਜਥੇਬੰਦੀ ਦਾ ਪੱਖ ਆ ਜਾਂਦਾ ਹੈ। ਪਰ ਹੁਣ ਜੋ ਕੁੱਝ ਚੱਲ ਰਿਹਾ ਹੈ, ਉਸ ਵਿੱਚ ਅਜਿਹਾ ਕੁੱਝ ਵੀ ਨਜ਼ਰ ਨਹੀਂ ਆ ਰਿਹਾ। ਇਹਨਾਂ ਪ੍ਰਦਰਸ਼ਨਾਂ ਵਿੱਚ ਨਿਓਮ ਚੌਮਸਕੀ, ਸਲਾਵੋਜ਼ ਜ਼ਿਜ਼ੇਕ, ਨਿਓਮੀ ਕਲੇਨ ਆਦਿ ਵਰਗੇ ਸਾਰੇ ਅਰਾਜਕਤਾਵਾਦੀ ਨਵ-ਮਾਰਕਸਵਾਦੀ ਅਤੇ ਰੈਡੀਕਲ ਬੁੱਧੀਜੀਵੀਆਂ ਨੇ ਭਾਸ਼ਣ ਦਿੱਤੇ। ਪਰ ਇਸ ਸਭ ਦੇ ਬਾਵਜੂਦ ਇਸ ਪੂਰੇ ਉਭਾਰ ਦਾ ਗੈਰ-ਜਥੇਬੰਦ ਅਤੇ ਅਵਿਵਸਥਿਤ ਖਾਸਾ ਅਤੇ ਅਗਵਾਈ ਤੇ ਜਥੇਬੰਦੀ ਵੱਲ ਇੱਕ ਸਚੇਤਨ ਐਲਰਜੀ ਇਸਨੂੰ ਕੋਈ ਬਦਲ ਪੇਸ਼ ਨਹੀਂ ਕਰਨ ਦੇਵੇਗਾ। ਇਹ ਬਦਲ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿੱਚ ਤੁਰੰਤ ਲਾਗੂ ਹੋ ਸਕੇਗਾ ਜਾਂ ਨਹੀਂ ਇਹ ਇੱਕ ਦੂਰਰਸ ਸਵਾਲ ਹੈ। **ਪਰ ਕੋਈ ਵੀ ਇਨਕਲਾਬੀ ਸਿਆਸੀ ਲਹਿਰ ਪੂੰਜੀਵਾਦ ਨੂੰ ਸਿਧਾਂਤਕ ਵਿਚਾਰਧਾਰਕ ਅਤੇ ਸਿਆਸੀ ਤੌਰ ’ਤੇ ਕਟਿਹਰੇ ਵਿੱਚ ਖੜ੍ਹਾ ਕਰੇਗੀ, ਸਿਰਫ਼ ਉਸਦੇ ਲੱਛਣਾਂ ਨੂੰ ਨਹੀਂ ਅਤੇ ਇਸ ਵੇਲੇ ਇਹ ਵੀ ਨਹੀਂ ਹੋ ਰਿਹਾ ਹੈ।** ਇਸਤੋਂ ਸਾਫ਼ ਤੌਰ ’ਤੇ ਉਭਾਰ ਦੀ ਇੱਕ ਗੰਭੀਰ ਹੱਦ ਦਾ ਪਤਾ ਲੱਗਦਾ ਹੈ। ਬਿਨ੍ਹਾਂ ਸਿਰ ਦੇ ਕੋਈ ਮਨੁੱਖ ਨਹੀਂ ਹੁੰਦਾ ਅਤੇ ਬਿਨਾਂ ਸੈਨਾਪਤੀ ਦੇ ਕੋਈ ਫ਼ੌਜ ਨਹੀਂ ਲੜ ਸਕਦੀ।

ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਇਹ ਸਾਰੇ ਸੰਘਰਸ਼ ਪੂੰਜੀਵਾਦ ਦੀ ਅਮਰਤਾ ਦੇ ਮੂਰਖਤਾਪੂਰਨ ਦਾਅਵਿਆਂ ਨੂੰ ਤਾਂ ਪਦਾਰਥਕ ਤੌਰ ’ਤੇ ਰੱਦ ਕਰਦੇ ਹਨ, ਪਰ ਇਹ ਪੂੰਜੀਵਾਦ ਦਾ ਕੋਈ ਬਦਲ ਨਹੀਂ ਪੇਸ਼ ਕਰਦੇ। ਇਹ ਪੂੰਜੀਵਾਦ ਦੇ ਲੱਛਣਾਂ ਦੇ ਆਪ-ਮੁਹਾਰੇ ਵਿਰੋਧ ’ਤੇ ਜਾਕੇ ਖਤਮ ਹੋ ਜਾਂਦੇ ਹਨ, ਜੋ ਨਿਸ਼ਚਿਤ ਤੌਰ ’ਤੇ ਅੱਜ ਬਹੁਤ ਵੱਡਾ ਰੂਪ ਲੈ ਚੁੱਕੇ ਹਨ। ਪਰ ਇਹ ਪੂੰਜੀਵਾਦ-ਵਿਰੋਧ ਕਾਫੀ ਨਹੀਂ ਹਨ। ਬਿਨ੍ਹਾਂ ਕਿਸੇ ਪਰਿਭਾਸ਼ਿਤ ਅਤੇ ਵਿਚਾਰਕ ਟੀਚੇ ਜਾਂ ਉਦੇਸ਼ ਦੇ; ਬਿਨਾਂ ਕਿਸੇ ਜਥੇਬੰਦੀ ਦੇ; ਬਿਨਾਂ ਕਿਸੇ ਸਪਸ਼ਟ ਵਿਚਾਰਧਾਰਾ ਦੇ; ਬਿਨ੍ਹਾਂ ਕਿਸੇ ਤਜ਼ਰਬੇਕਾਰ ਲੀਡਰਸ਼ਿਪ ਦੇ, ਮੌਜੂਦਾ ਪੂੰਜੀਵਾਦ ਵਿਰੋਧੀ ਸੰਘਰਸ਼ ਅਸਲੀ ਸਵਾਲ ਤੱਕ ਪਹੁੰਚ ਹੀ ਨਹੀਂ ਸਕਦੇ। ਕਿ ਪੂੰਜੀਵਦ ਅਮਰ ਨਹੀਂ ਹੈ, ਇਹ ਪਹਿਲਾਂ ਵੀ ਸਾਬਿਤ ਹੋ ਚੁੱਕਿਆ ਹੈ। ਹੁਣ ਇਸਨੂੰ ਫਿਰ ਤੋਂ ਸਾਬਿਤ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਅੱਜ ਜ਼ਰੂਰਤ ਹੈ ਕਿ ਅਸੀਂ ਬਦਲ ਦਾ ਇਕ ਕਾਰਗਰ ਮਾਡਲ ਪੇਸ਼ ਕਰੀਏ ਅਤੇ ਉਸਨੂੰ ਲਾਗੂ ਕਰਨ ਦੀ ਜੁਅੱਰਤ ਰੱਖਣ ਵਾਲ਼ੀ ਇੱਕ ਲੀਡਰਸ਼ਿਪ ਅਤੇ ਜਥੇਬੰਦੀ ਖੜਾ ਕਰੀਏ। ਇਸਦੇ ਬਿਨ੍ਹਾਂ ਪੂੰਜੀਵਾਦ ਵਾਰ-ਵਾਰ ਅਸੰਭਵਤਾ ਦੇ ਬਿੰਦੂ ਤੱਕ ਪਹੁੰਚੇਗਾ, ਪਰ ਸਿਆਸੀ ਖਲਾਅ ਦਾ ਫਾਇਦਾ ਲੈਕੇ ਅਤੇ ਕੁੱਝ ਮੰਗਾਂ ਨੂੰ ਅੰਸ਼ਕ ਤੌਰ ’ਤੇ ਪੂਰਾ ਕਰਕੇ ਆਪਣੇ ਆਪ ਨੂੰ ਦੁਬਾਰਾ ਜਥੇਬੰਦ ਕਰ ਲਵੇਗਾ, ਜਿਵੇਂ ਕਿ ਮਿਸਰ ਤੇ ਟਿਊਨੀਸ਼ੀਆ ਵਿੱਚ ਹੋ ਰਿਹਾ ਹੈ। ਸਾਨੂੰ ਗੈਰ-ਪਾਰਟੀਵਾਦ, ਗੈਰ-ਸਿਆਸੀਕਰਨ ਅਤੇ ਆਪ ਮੁਹਾਰਤਾ ਦੇ

ਆਲੋਚਨਾਤਮਕ ਰੂਪ ਨਾਲ਼ ਜਸ਼ਨ ਮਨਾਏ ਜਾਣ ਦੀ ਪ੍ਰਵਿਰਤੀ ਦੇ ਵਿਰੁੱਧ ਸੰਘਰਸ਼ ਕਰਨਾ ਪਵੇਗਾ। ਨਵੇਂ ਸਿਰੇ ਤੋਂ ਇੱਕ ਇਨਕਲਾਬੀ ਪਾਰਟੀ ਦੀ ਉਸਾਰੀ ਅੱਜ ਇਹਨਾਂ ਸਾਰੇ ਦੇਸ਼ਾਂ ਵਿੱਚ ਸਭ ਤੋਂ ਬੁਨਿਆਦੀ ਅਤੇ ਜ਼ਰੂਰੀ ਕਾਰਜ ਹੈ। ਜਦੋਂ ਤੱਕ ਇੱਕ ਅਜਿਹੀ ਪਾਰਟੀ ਨਹੀਂ ਖੜੀ ਹੋਵੇਗੀ ਤਦ ਤੱਕ ਇਨਕਲਾਬੀ ਹਾਲਾਤ ਪੈਦਾ ਹੁੰਦੇ ਰਹਿਣਗੇ ਅਤੇ ਲੰਘਦੇ ਰਹਿਣਗੇ। ਅਤੇ ਹਰ ਵਾਰ ਇਨਕਲਾਬ ਦਾ ਸਮਾਂ ਬੀਤ ਜਾਣ ਦੇ ਨਾਲ਼ ਲੋਕਾਂ ਨੂੰ ਭਾਰੀ ਕੀਮਤ ਚੁਕਾਉਣੀ ਪੈਂਦੀ ਹੈ। ਜਦੋਂ ਮੌਜੂਦਾ ਪੂੰਜੀਵਾਦ-ਵਿਰੋਧੀ ਨਾਅਰਿਆਂ ਦੀ ਗੂੰਜ ਸ਼ਾਂਤ ਹੋਵੇਗੀ ਤਾਂ ਨਵੇਂ ਸਿਰੇ ਤੋਂ ਨਿਰਾਸ਼ਾ ਪਸਰੇਗੀ। ਲੋਕ ਹਰ ਵਾਰ ਨਿਰਾਸ਼ ਹੋਕੇ ਸੜਕਾਂ 'ਤੇ ਆਉਣਗੇ। ਪਰ ਵਿਚਾਰਧਾਰਾ, ਜਥੇਬੰਦੀ ਅਤੇ ਅਗਵਾਈ ਦੀ ਘਾਟ ਵਿੱਚ ਹਾਲਤ ਫਿਰ ਉਹੀ ਬਣੀ ਰਹੇਗੀ। ਇਸ ਲਈ ਇਸ ਗੱਲ ਨੂੰ ਸਮਝਣਾ ਅੱਜ ਬੇਹੱਦ ਜ਼ਰੂਰੀ ਹੈ ਕਿ 20ਵੀਂ ਸਦੀ ਦੇ ਇਨਕਲਾਬਾਂ ਦੇ ਬਾਅਦ ਇਨਕਲਾਬੀ ਪਾਰਟੀਆਂ ਦੁਆਰਾ ਹੋਈਆਂ ਕੁੱਝ ਗਲਤੀਆਂ ਅਤੇ ਬਾਅਦ ਦੇ ਨਾਮਧਰੀਕ ਸਮਾਜਵਾਦ ਦੇ ਹੇਠ ਇੱਕ ਸਮਾਜਿਕ ਫਾਸੀਵਾਦੀ ਪਾਰਟੀ ਦੀ ਤਾਨਾਸ਼ਾਹੀ ਦੇ ਅਨੁਭਵਾਂ ਤੋਂ ਨਿਰਾਸ਼ ਹੋਕੇ ਅਤੇ ਪ੍ਰਤੀਕਿਰਿਆ ਵਿੱਚ ਆਕੇ ਪਾਰਟੀ ਦੇ ਸੰਕਲਪ ਦਾ ਹੀ ਤਿਆਗ ਕਰ ਦੇਣਾ, ਲੋਕਾਂ ਦੀ ਇਨਕਲਾਬੀ ਲਹਿਰ ਲਈ ਬੇਹੱਦ ਆਤਮਘਾਤੀ ਸਿੱਧ ਹੋਵੇਗਾ ਇਹੀ ਤਾਂ ਸਾਮਰਾਜਵਾਦ ਚਾਹੁੰਦਾ ਹੈ ਕਿ ਉਸਨੂੰ ਟੱਕਰ ਦੇਣ ਵਾਲ਼ੀ ਤਾਕਤ ਬਿਨ੍ਹਾਂ ਜਥੇਬੰਦੀ, ਸਮਝ ਅਤੇ ਅਗਵਾਈ ਦੇ ਹਨੇਰੀ ਗੁਫ਼ਾ ਵਿੱਚ ਭਟਕਦੀ ਰਹੇ। ਜਦੋਂ ਤੱਕ ਹਰਾਵਲ ਦਸਤਾ ਨਹੀਂ ਹੋਵੇਗਾ ਉਹ ਅਜਿਹੀ ਕਿਸੇ ਵੀ ਚੁਣੌਤੀ ਦਾ ਸਾਹਮਣਾ ਨਹੀਂ ਕਰ ਸਕਦਾ ਹੈ ਅਤੇ ਇਹੀ ਸਮਕਾਲੀਨ ਘਟਨਾਚੱਕਰ ਤੋਂ ਵੀ ਸਾਬਿਤ ਹੋ ਰਿਹਾ ਹੈ।

ਅਜਿਹਾ ਕੋਈ ਵੀ ਜਥੇਬੰਦਕ ਅਤੇ ਸਿਆਸੀ ਬਦਲ ਤਿਆਰ ਕਰਨ ਦੇ ਲਈ ਦੁਨੀਆਂ ਭਰ ਦੇ ਕਮਿਊਨਿਸਟ ਇਨਕਲਾਬੀਆਂ ਨੂੰ ਆਪਣੇ ਕਠਮੁੱਲਾਵਾਦ ਅਤੇ ਹਠਧਰਮਿਤਾ ਨੂੰ ਛੱਡਕੇ ਆਪਣੇ-ਆਪਣੇ ਦੇਸ਼ਾਂ ਦਾ ਨਵੇਂ ਸਿਰੇ ਤੋਂ ਰਚਨਾਤਮਕ ਮਾਰਕਸਵਾਦੀ ਵਿਸ਼ਲੇਸ਼ਣ ਕਰਨਾ ਹੋਵੇਗਾ; ਉਸਨੂੰ ਅਤੀਤ ਦੇ ਇਨਕਲਾਬਾਂ ਅਤੇ ਮਹਾਨ ਲੀਡਰਸ਼ਿਪਾਂ ਤੋਂ ਸਿੱਖਣਾ ਜ਼ਰੂਰ ਹੋਵੇਗਾ, ਪਰ ਅਤੀਤਗ੍ਰਸਤ ਹੋਏ ਬਿਨ੍ਹਾਂ ਅਤੇ ਵਿਗਿਆਨ ਨੂੰ ਆਪਣੇ ਸਮੇਂ ਦੇ ਯਥਾਰਥ ਉੱਤੇ ਰਚਨਾਤਮਕ ਢੰਗ ਨਾਲ਼ ਲਾਗੂ ਕਰਨ ਦੀ ਸਮਝ ਨੂੰ ਛੱਡੇ ਬਿਨ੍ਹਾਂ। ਅੱਜ ਆਪਣੇ ਕਠਮੁੱਲਾਵਾਦ ਅਤੇ ਅਤੀਤਗ੍ਰਸਤਤਾ ਦੇ ਕਾਰਨ ਅਤੇ ਨਾਲ਼ ਹੀ ਵਿਚਾਰਧਾਰਕ ਅਤੇ ਸਿਆਸੀ ਸਮਝਦਾਰੀ ਦੀ ਘਾਟ ਕਾਰਨ ਦੁਨੀਆਂ ਭਰ ਦੇ ਕਮਿਊਨਿਸਟ ਇਨਕਲਾਬੀ ਬਦਲ ਦਾ ਕੋਈ ਕਾਰਗਰ ਢਾਂਚਾ ਪੇਸ਼ ਕਰ ਸਕਣ ਵਿੱਚ ਅਸਫ਼ਲ ਰਹੇ ਹਨ। ਜਦੋਂ ਤੱਕ ਇਹਨਾਂ ਖਾਮੀਆਂ ਨੂੰ ਦੂਰ ਨਹੀਂ ਕੀਤਾ ਜਾਂਦਾ ਤਦ ਤੱਕ ਇੱਕ ਸੱਚੀ ਇਨਕਲਾਬੀ ਕਮਿਊਨਿਸਟ ਲੀਡਰਸ਼ਿਪ ਦਾ ਜਥੇਬੰਦ ਹੋਣਾ ਮੁਸ਼ਕਿਲ ਹੈ। ਅਤੇ ਜਦੋਂ ਤੱਕ ਅਜਿਹਾ ਨਹੀਂ ਹੁੰਦਾ ਤਦ ਤੱਕ ਲੋਕ ਤਾਂ ਆਪਣੀ ਬਦਹਾਲੀ ਅਤੇ ਤਬਾਹੀ ਤੋਂ ਪਰੇਸ਼ਾਨ ਹੋਕੇ ਵਾਰ-ਵਾਰ ਆਪ ਮੁਹਾਰੇ ਤਰੀਕੇ ਨਾਲ਼ ਸੜਕਾਂ 'ਤੇ ਉਤਰਦੇ ਰਹਿਣਗੇ, ਕਿਉਂਕਿ ਪੂੰਜੀਵਾਦ ਉਹਨੂੰ ਕੁੱਝ ਹੋਰ ਦੇ ਵੀ ਨਹੀਂ ਸਕਦਾ। ਪਰ ਹਰ ਅਜਿਹੇ ਉਭਾਰ ਦਾ ਹਾਲ ਉਹੀ ਹੋਵੇਗਾ ਜੋ ਸਮਕਾਲੀਨ ਪੂੰਜੀਵਦ-ਵਿਰੋਧੀ ਆਪ-ਮੁਹਾਰੇ ਉਭਾਰਾਂ ਦਾ ਹੋ ਰਿਹਾ ਹੈ।

ਪਰ ਚਲਦੇ-ਚਲਦੇ ਇੱਕ ਮਜ਼ਾਕੀਆ ਵਰਤਾਰੇ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। 'ਵਾਲ ਸਟਰੀਟ ਕਬਜ਼ਾ ਕਰੋ' ਦੀ ਧੁਨ 'ਤੇ ਉਹਨਾਂ ਸਾਰੇ ਸੰਕਟ ਪੀੜਿਤ ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਸ਼ਹਿਰਾਂ ਵਿੱਚ ਵੀ 'ਕਬਜ਼ਾ ਕਰੋ' ਅੰਦੋਲਨ ਸ਼ੁਰੂ ਹੋਇਆ। ਪਰ ਭਾਰਤ ਵਿੱਚ ਅਜਿਹੇ ਕਿਸੇ ਆਪਮੁਹਾਰੇ ਲੋਕਉਭਾਰ ਦੀ ਅਣਹੋਂਦ ਦੇ ਬਾਵਜੂਦ ਕੁੱਝ ਸਾਈਬਰ "ਖੱਬੂ" ਇਨਕਲਾਬੀਆਂ ਨੇ 'ਦਿੱਲੀ ਕਬਜ਼ਾ ਕਰੋ', 'ਕਲਕੱਤਾ ਕਬਜ਼ਾ ਕਰੋ' ਅਤੇ 'ਦਲਾਲ ਸਟਰੀਟ ਕਬਜ਼ਾ ਕਰੋ' ਵਰਗੀਆਂ ਮੁਹਿੰਮਾਂ ਛੇੜ ਦਿੱਤੀਆਂ ਹਨ। ਜਿਵੇਂ ਕਿ ਤੁਸੀਂ ਆਸ ਕਰ ਸਕਦੇ ਹੋ ਕਿ ਨਤੀਜਾ ਸ਼ਰਮਨਾਕ ਅਤੇ ਮਜ਼ਾਕੀਆ ਹੈ! **ਇਹ ਦੇਖਕੇ ਅਜੀਬ ਲੱਗਦਾ ਹੈ ਕਿ ਅਸੀਂ ਨਾ ਸਿਰਫ਼ ਉਪਭੋਗਤਾਵਾਦ, ਬਜ਼ਾਰਵਾਦ, ਵਿਅਕਤੀਵਾਦ ਅਤੇ ਬਾਕੀ ਪੂੰਜੀਵਾਦੀ ਸਨਕਾਂ ਦੇ ਮਾਮਲੇ ਵਿੱਚ ਪੱਛਮੀ ਵਿਕਸਿਤ ਦੇਸ਼ਾਂ ਦੀ ਨਕਲ ਕਰਦੇ ਹਾਂ, ਸਗੋਂ ਇਹਨਾਂ ਸਨਕਾਂ ਦੇ ਪ੍ਰਤੀਰੋਧ ਦੇ ਮਾਮਲੇ ਵਿੱਚ ਵੀ ਅਸੀਂ ਨਕਲਚੀ ਸਾਬਿਤ ਹੋ ਰਹੇ ਹਾਂ!** ਇਹ ਆਪਣਾ ਮਜ਼ਾਕ ਉਡਵਾਉਣ ਵਰਗਾ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਅਜਿਹੀਆਂ ਸਾਇਬਰ ਮੁਹਿੰਮਾਂ ਨੂੰ ਬੰਦ ਕਰ ਦੇਣਾ ਹੀ ਖੱਬੇਪੱਖੀਆਂ ਦੇ ਆਦਰ-ਮਾਣ ਲਈ ਸਭ ਤੋਂ ਚੰਗਾ ਹੋਵੇਗਾ!

ਆਖਰ 'ਚ ਅਸੀਂ ਬਸ ਏਨਾ ਹੀ ਕਹਿ ਸਕਦੇ ਹਾਂ ਕਿ ਬਿਹਤਰ ਹੋਵੇਗਾ ਕਿ ਅਸੀਂ ਆਪਣੀ ਊਰਜਾ ਇੱਕ ਇਨਕਲਾਬੀ ਪਾਰਟੀ ਦੀ ਨਵੇਂ ਸਿਰੇ ਤੋਂ ਉਸਾਰੀ ਵਿੱਚ ਝੋਕ ਦੇਈਏ। ਆਉਣ ਵਾਲ਼ਾ ਸਮਾਂ ਪੂੰਜੀਵਾਦ ਲਈ ਹੋਰ ਵੀ ਜ਼ਿਆਦਾ ਭਿਅੰਕਰ ਮੰਦੀ ਅਤੇ ਉਥਲ-ਪੁਥਲ ਨਾਲ਼ ਭਰਿਆ ਹੋਵੇਗਾ। ਉਸਦੇ ਕੋਲ਼ ਹੋਰ ਕੋਈ ਰਾਹ ਨਹੀਂ ਹੈ। ਅੱਜ ਜਿੰਨਾ ਖੋਖਲਾ ਅਤੇ ਕਮਜ਼ੋਰ ਇਹ ਕਦੇ ਨਹੀਂ ਸੀ। ਬਿਨ੍ਹਾਂ ਕਿਸੇ ਸਿਆਸੀ ਢੰਗ ਨਾਲ਼ ਸਚੇਤ ਅਤੇ ਜਥੇਬੰਦ ਇਨਕਲਾਬੀ ਮਜ਼ਦੂਰ ਲਹਿਰ ਅਤੇ ਅਗਵਾਈ ਦੀ ਘਾਟ ਦੇ ਕਾਰਨ ਇਹ ਆਪਣੇ ਜੀਵਨ-ਕਾਲ ਨੂੰ ਬਰਕਰਾਰ ਰੱਖਣ ਵਿੱਚ ਕਾਮਯਾਬ ਹੋ ਰਿਹਾ ਹੈ। ਇਸ ਪ੍ਰਕਿਰਿਆ ਵਿੱਚ ਉਹ ਜੰਗ ਦੀਆਂ ਅਲਾਮਤਾਂ ਮਾਨਵਤਾ 'ਤੇ ਥੋਪ ਰਿਹਾ ਹੈ, ਅਤੇ ਦੁਨੀਆਂ ਦੇ 80 ਫ਼ੀਸਦੀ ਲੋਕਾਂ ਦੀ ਜ਼ਿੰਦਗੀ ਨੂੰ ਇੱਕ ਜਿਉਂਦੇ-ਜਾਗਦੇ ਨਰਕ ਵਿੱਚ ਤਬਦੀਲ ਕਰ ਰਿਹਾ ਹੈ। ਇਸ ਤੋਂ ਛੁਟਕਾਰਾ ਪਾਉਣ ਦਾ ਸਵਾਲ ਅੱਜ ਸਾਡੀ ਹੋਂਦ ਦਾ ਸਵਾਲ ਬਣਦਾ ਜਾ ਰਿਹਾ ਹੈ। ਮੌਜੂਦਾ ਪੂੰਜੀਵਾਦ-ਵਿਰੋਧੀ ਲਹਿਰਾਂ ਦੁਆਰਾ ਚੁੱਪ ਦਾ ਟੁੱਟਣਾ ਇੱਕ ਹਾਂਦਰੂ ਪੱਖ ਅਤੇ ਸਵਾਗਤ ਕਰਨ ਯੋਗ ਤਬਦੀਲੀ ਹੈ। ਪਰ ਨਾਲ਼ ਹੀ ਇਹ ਵੀ ਸਮਝਣਾ ਪਵੇਗਾ ਕਿ ਇਹ ਪੂੰਜੀਵਾਦ-ਵਿਰੋਧ ਕਾਫ਼ੀ ਨਹੀਂ ਹੈ। ਅੱਜ ਦੀ ਜ਼ਰੂਰਤ ਹੈ ਕਿ ਅਸੀਂ ਇੱਕ ਇਨਕਲਾਬੀ ਲੀਡਰਸ਼ਿਪ ਨੂੰ ਜਥੇਬੰਦ ਕਰਨ ਵੱਲ ਅੱਗੇ ਵਧੀਏ।

•

ਸਮਕਾਲ

ਪ੍ਰਚੂਨ ਵਪਾਰ 'ਚ ਸਿੱਧਾ ਵਿਦੇਸ਼ੀ ਨਿਵੇਸ਼:

ਹਮਾਇਤ, ਵਿਰੋਧ ਅਤੇ ਸਹੀ ਇਨਕਲਾਬੀ ਪੋਜ਼ੀਸ਼ਨ

ਸੰਸਦ ਸੈਸ਼ਨ ਦੌਰਾਨ ਹੀ ਮੌਜੂਦਾ ਸਰਕਾਰ ਦੀ ਕੈਬਨਿਟ ਵੱਲੋਂ ਪ੍ਰਚੂਨ ਵਪਾਰ ਦੇ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਮਨਜ਼ੂਰੀ ਦੇ ਮੁੱਦੇ 'ਤੇ ਖੂਬ ਰੌਲਾ ਪਿਆ। ਹੁਣ ਇਸ ਮੁੱਦੇ 'ਤੇ ਸਰਕਾਰ ਰੱਖਿਆਤਮਕ ਸਥਿਤੀ 'ਚ ਆ ਗਈ ਹੈ ਅਤੇ ਆਖ ਰਹੀ ਹੈ ਕਿ ਪ੍ਰਚੂਨ ਵਪਾਰ ਸਿੱਧੇ ਵਿਦੇਸ਼ੀ ਨਿਵੇਸ਼ ਦੀ ਮਨਜ਼ੂਰੀ ਰਾਜ ਸਰਕਾਰਾਂ ਦੇ ਉੱਪਰ ਹੋਵੇਗਾ ਕਿ ਉਹ ਆਗਿਆ ਦੇਂਦੇ ਹਨ ਜਾਂ ਨਹੀਂ ਅਤੇ ਕੌਮੀ ਪੱਧਰ 'ਤੇ ਸੰਸਦ 'ਚ ਵਿਚਾਰ-ਚਰਚਾ ਤੋਂ ਬਾਅਦ ਹੀ ਇਸ 'ਤੇ ਫੈਸਲਾ ਲਿਆ ਜਾਵੇਗਾ। ਇਸ ਮੁੱਦੇ 'ਤੇ ਡੱਡੂ ਟਪੂਸੀਆਂ ਹਾਲੇ ਵੀ ਜਾਰੀ ਹਨ। ਭਾਜਪਾ ਅਤੇ ਸੰਸਦੀ ਖੱਬੇਪੱਖੀਆਂ ਸਮੇਤ ਸਾਰੀਆਂ ਖੇਤਰੀ ਪਾਰਟੀਆਂ ਇਸ ਪ੍ਰਸਤਾਵ ਦੇ ਵਿਰੋਧ 'ਚ ਕਵਾਇਤ ਸ਼ੁਰੂ ਕਰ ਚੁੱਕੇ ਹਨ। ਯਾਦ ਹੋਵੇ ਤਾਂ 2002 ਵਿੱਚ ਭਾਜਪਾ ਸਰਕਾਰ ਨੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਪ੍ਰਸਤਾਵ ਪਾਸ ਕਰਾਉਣ ਦੀ ਗੱਲ ਕਹੀ ਸੀ। ਇਸ ਤੋਂ ਬਾਅਦ 2004 'ਚ ਆਪਣੇ ਚੋਣ ਮੈਨੀਫੈਸਟੋ 'ਚ ਕੌਮੀ ਜਮਹੂਰੀ ਗੱਠਜੋੜ ਨੇ ਇਹ ਵਾਅਦਾ ਵੀ ਕੀਤਾ ਸੀ ਚੋਣਾਂ ਜਿੱਤਣ 'ਤੇ ਉਹ ਪ੍ਰਚੂਨ ਖੇਤਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਖੁੱਲ੍ਹ ਦੇਵੇਗੀ। ਅਤੇ ਹੁਣ ਭਾਜਪਾ ਕਹਿ ਰਹੀ ਹੈ ਕਿ ਇਹ ਉਸ ਦੀ ਗਲਤੀ ਸੀ! ਖੈਰ, ਭਾਜਪਾ ਦਾ ਕੀ ਕਹੀਏ! ਸਾਰੇ ਫਾਸੀਵਾਦੀਆਂ ਵਾਂਗ ਇਹ ਆਪਣੀ ਗੱਲਾਂ ਨੂੰ ਹਮੇਸ਼ਾ ਹੀ ਬਦਲਦੀ ਅਤੇ ਤਰੋੜਦੀ-ਮਰੋੜਦੀ ਰਹੀ ਹੈ।

ਜਿੱਥੋਂ ਤੱਕ ਸੰਸਦੀ ਖੱਬੇਪੱਖੀਆਂ ਦਾ ਸਵਾਲ ਹੈ, ਉਹ ਹਮੇਸ਼ਾ ਹੀ ਛੋਟੀ ਪੂੰਜੀ ਨੂੰ ਬਚਾਉਣ ਦੀ ਕੋਸ਼ਿਸ਼ 'ਚ ਲੱਗੇ ਰਹਿੰਦੇ ਹਨ। ਉਹ ਪੂੰਜੀਵਾਦ ਦਾ ਕੋਈ ਬਦਲ ਨਾ ਦੇ ਸਕਦੇ ਹਨ ਅਤੇ ਨਾ ਹੀ ਦੇਣਾ ਚਾਹੁੰਦੇ ਹਨ। ਇਸ ਲਈ ਉਹਨਾਂ ਦੀ ਪੂਰੀ ਕੋਸ਼ਿਸ਼ ਇਹ ਰਹਿੰਦੀ ਹੈ ਕਿ ਪੂੰਜੀਵਾਦ ਦੀ ਪੂੰਜੀ ਸੰਗ੍ਰਹਿ ਦੀ ਹਵਸ ਅਤੇ ਮਾਰੂ ਰਫਤਾਰ 'ਤੇ ਥੋੜੀ ਲਗਾਮ ਕੱਸੀ ਜਾਵੇ ਜੋ ਕਿ ਉਸ ਲਈ ਆਤਮ ਘਾਤੀ ਸਿੱਧ ਹੋ ਸਕਦੀ ਹੈ। ਇਸ ਲਈ ਸੰਸਦੀ ਖੱਬੇਪੱਖੀ ਵੀ ਪ੍ਰਚੂਨ ਵਪਾਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਵਿਰੋਧ ਕਰ ਰਹੇ ਹਨ। ਇਤਿਹਾਸ ਦਸਦਾ ਹੈ ਕਿ ਸਮਾਜਿਕ ਜਮਹੂਰੀਅਤ ਹੀ ਮਜ਼ਦੂਰ ਲਹਿਰ ਨੂੰ ਉਸ ਨਿਰਾਸ਼ਾਜਨਕ ਅੰਤ 'ਤੇ ਲੈ ਜਾਂਦੀ ਹੈ, ਜਿੱਥੋਂ ਪ੍ਰਤੀਕਿਰਿਆ ਵਜੋਂ ਫਾਸੀਵਾਦ ਦਾ ਜਨਮ ਹੁੰਦਾ ਹੈ। ਸਮਾਜਿਕ ਜਮਹੂਰੀਅਤ ਅਤੇ ਫਾਸੀਵਾਦ ਦਾ ਇਹ ਇਤਿਹਾਸਕ ਸਬੰਧ ਸਮਕਾਲੀ ਭਾਰਤੀ ਸਿਆਸਤ 'ਚ ਸਾਫ਼ ਤੌਰ 'ਤੇ ਉੱਭਰ ਕੇ ਆ ਰਿਹਾ ਹੈ। ਇੱਕ ਤੋਂ ਬਾਅਦ ਇੱਕ ਹਰ ਮੁੱਦੇ 'ਤੇ ਸੰਸਦ 'ਚ ਮੌਜੂਦ ਫਾਸੀਵਾਦੀ ਅਤੇ ਸੰਸਦੀ ਖੱਬੇਪੱਖੀ ਇੱਕ ਮੰਚ 'ਤੇ ਨਜ਼ਰ ਆ ਰਹੇ ਹਨ। ਸਾਫ਼ ਹੈ, ਦੋਨਾਂ ਦਾ ਜਮਾਤੀ ਅਧਾਰ ਆਮ ਤੌਰ 'ਤੇ ਨਿੱਕ-ਪੂੰਜੀਪਤੀ ਜਮਾਤ ਦੇ ਵੱਖ ਵੱਖ ਹਿੱਸਿਆ 'ਚੋਂ ਆਂਦਾ ਹੈ। ਫਰਕ ਸਿਰਫ਼ ਏਨਾ ਹੁੰਦਾ ਹੈ ਕਿ ਫਾਸੀਵਾਦ ਦੇ ਇਸ ਜਮਾਤੀ ਅਧਾਰ ਦੇ ਬਾਵਜੂਦ ਸੱਤਾ 'ਚ ਆਉਣ ਤੋਂ ਬਾਅਦ ਵੱਡੀ ਪੂੰਜੀ ਦੀ ਖੁੱਲ੍ਹੇ ਰੂਪ 'ਚ ਸੇਵਾ ਕਰਦਾ ਹੈ ਅਤੇ ਸਮਾਜਿਕ ਜਮਹੂਰੀਅਤ ਜਿੱਥੇ ਕਿਤੇ ਵੀ ਸੱਤਾ 'ਚ ਆਉਂਦੀ ਹੈ ਤਾਂ ਛੋਟੀ ਪੂੰਜੀ ਅਤੇ ਵੱਡੀ ਪੂੰਜੀ ਦੇ ਵਿੱਚ ਇਸ ਪ੍ਰਕਾਰ ਸੰਤੁਲਨ ਬਣਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਪੂੰਜੀਵਾਦ ਦੀ ਉੱਮਰ ਲੰਬੀ ਹੋਵੇ। ਭਾਕਪਾ (ਮਾ. ਲੇ.) ਲਿਬਰੇਸ਼ਨ ਵੀ ਪ੍ਰਚੂਨ ਵਪਾਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਵਿਰੋਧ ਵੀ ਇਸੇ ਨਿੱਕੇ ਪੂੰਜੀਪਤੀ ਸਟੈਂਡ ਤੋਂ ਕਰ ਰਹੀ ਹੈ। ਅਤੇ ਉਸ ਦੇ ਪਾਰਟੀ ਦਸਤਾਵੇਜਾਂ ਤੋਂ ਲੈ ਕੇ ਮੁੱਖ ਪੱਤਰਾਂ ਤੱਕ 'ਚ ਇਸ ਮੁੱਦੇ 'ਤੇ ਮਾਕਪਾ ਦੇ ਪਾਰਟੀ ਦਸਦਾਵੇਜਾਂ, ਮੁੱਖ ਪੱਤਰਾਂ ਅਤੇ ਮਾਕਪਾ ਦੇ ਹੀ ਬੁੱਧੀਜੀਵੀਆਂ-ਅਰਥਸ਼ਾਸਤਰੀਆਂ ਦੇ ਲੇਖਾਂ ਦੇ (ਸ਼ਬਦਾਂ 'ਚ ਕੁਝ ਹੇਰ-ਫੇਰ ਕਰਕੇ) ਪੈਰ੍ਹੇ ਚੁੱਕ ਕੇ ਕੰਮ ਚਲਾ ਲਿਆ ਗਿਆ ਹੈ।

ਇਨਕਲਾਬੀ ਖੱਬੇ ਖੇਮੇ 'ਚ ਜ਼ਿਆਦਾਤਰ ਪਾਰਟੀਆਂ ਦੀ ਪੋਜ਼ੀਸ਼ਨ ਛੋਟੀ ਪੂੰਜੀ ਦੇ ਤਬਾਹ ਹੋਣ 'ਤੇ ਪਿੱਟ ਸਿਆਪੇ ਦੀ ਹੈ। ਜ਼ਿਆਦਾਤਰ ਅਜਿਹੀਆਂ ਜੱਥੇਬੰਦੀਆਂ ਅਤੇ ਗਰੁੱਪ ਛੋਟੀ ਪੂੰਜੀ ਦਾ ਨੁਮਾਇੰਦਾ "ਕੌਮੀ ਪੂੰਜੀਪਤੀ ਜਮਾਤ" ਨੂੰ ਮੰਨਦੇ ਹਨ ਅਤੇ ਇਹ ਮੰਨਦੇ ਹਨ ਕਿ ਭਾਰਤ ਦੀ "ਵੱਡੀ, ਨੌਕਰਸ਼ਾਹ, ਦਲਾਲ ਪੂੰਜੀਪਤੀ ਜਮਾਤ" ਆਪਣੇ ਸਾਮਰਾਜਵਾਦੀ ਪ੍ਰਭੂਆਂ ਦੇ ਇਸ਼ਾਰੇ 'ਤੇ ਪ੍ਰਚੂਨ ਵਪਾਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਹਲਾਸ਼ੇਰੀ ਦੇ ਰਹੀ ਹੈ ਅਤੇ ਅਸਲੀਅਤ 'ਚ ਸਰਕਾਰ ਦੇ ਇਸ ਪ੍ਰਸਤਾਵ ਦੇ ਪਿੱਛੇ "ਬਾਹਰੀ ਸਾਮਰਾਜਵਾਦੀ ਦਬਾਅ" ਦਾ ਹੱਥ ਹੈ। ਉਹਨਾਂ ਮੁਤਾਬਕ, ਇਸ ਨੀਤੀ ਨਾਲ਼ ਇਸ ਦੇਸ਼ ਦਾ ਕਿਸਾਨ ਤਬਾਹ ਹੋਵੇਗਾ, ਛੋਟਾ ਵਪਾਰੀ ਅਤੇ ਛੋਟਾ ਫੈਕਟਰੀ ਮਾਲਕ ਤਬਾਹ ਹੋਵੇਗਾ, ਅਤੇ ਇਸ ਦਾ ਅਸਰ ਦੇਸ਼ ਦੇ ਮਜ਼ਦੂਰਾਂ 'ਤੇ ਵੀ ਹੋਵੇਗਾ। ਜ਼ਿਆਦਾਤਰ ਇਨਕਲਾਬੀ ਖੱਬੀਆਂ ਜੱਥੇਬੰਦੀਆਂ ਅਤੇ ਗਰੁੱਪਾਂ ਦੀ ਇਹ ਪੂਰੀ ਪੋਜ਼ੀਸ਼ਨ ਅੱਜ ਤੋਂ 40 ਸਾਲ ਪਹਿਲਾਂ ਵੀ ਇਹੀ ਹੁੰਦੀ! ਕਾਰਨ ਇਹ ਕਿ ਭਾਰਤ ਦੇ ਖਿੰਡਦੇ ਇਨਕਲਾਬੀ ਖੱਬੇ ਖੇਮੇ ਦੇ ਜ਼ਿਆਦਾਤਰ ਗਰੁੱਪਾਂ ਤੇ ਜੱਥੇਬੰਦੀਆਂ ਅੱਜ ਵੀ ਭਾਰਤ ਨੂੰ ਇੱਕ ਅਰਧ-ਜਗੀਰੂ ਅਰਧ-ਬਸਤੀ ਦੇਸ਼ ਮੰਨਦੇ ਹਨ, ਜਿਸ 'ਚ ਇਕ ਦਲਾਲ ਨੌਕਰਸ਼ਾਹ ਪੂੰਜੀਪਤੀ ਜਮਾਤ ਜਗੀਰੂ ਭੂ-ਮਾਲਕਾਂ ਦੀ ਜਮਾਤ ਨਾਲ਼ ਮਿਲ ਕੇ ਰਾਜ ਕਰਦੀ ਹੈ, ਅਤੇ ਆਪਣੇ ਸਾਮਰਾਜਵਾਦੀ ਪ੍ਰਭੂਆਂ ਦੇ ਇਸ਼ਾਰੇ 'ਤੇ ਫੈਸਲੇ ਲੈਂਦੇ ਹਨ। ਅਤੇ ਦੇਸ਼ ਦਾ ਕੌਮੀ

ਬੁਰਜੂਆ, ਸਾਰੀ ਕਿਸਾਨ ਜਮਾਤ, ਮਜ਼ਦੂਰ ਜਮਾਤ ਅਤੇ ਮੱਧਵਰਗ ਇਸ ਦੀਆਂ ਨੀਤੀਆਂ ਤੋਂ ਤਬਾਹ ਹੁੰਦਾ ਹੈ ਅਤੇ ਅੱਜ ਦੇਸ਼ 'ਚ ਇਨ੍ਹਾਂ ਚਾਰ ਜਮਾਤਾਂ ਨੂੰ ਮਿਲ ਕੇ ਸਾਮਰਾਜਵਾਦ ਅਤੇ ਅਰਧ-ਜਗੀਰੂ-ਅਰਧ-ਬਸਤੀਵਾਦ ਵਿਰੋਧੀ ਨਵ-ਜਮਹੂਰੀ ਇਨਕਲਾਬ ਕਰਨਾ ਹੋਵੇਗਾ। ਕੋਈ ਇਸ ਲਈ ਫੌਰੀ ਹਥਿਆਰਬੰਦ ਘੋਲ਼ ਦੀ ਗੱਲ ਕਰਦਾ ਹੈ, ਤਾਂ ਕੋਈ ਇਸ ਤੋਂ ਪਹਿਲਾਂ ਲੋਕ ਲਹਿਰ ਖੜ੍ਹੀ ਕਰਨ ਅਤੇ ਫਿਰ ਲਮਕਵੇਂ ਲੋਕ ਯੁੱਧ ਕਰਨ ਦੀ ਗੱਲ ਕਰਦਾ ਹੈ, ਤਾਂ ਕੋਈ ਦੋਵੇਂ ਨਾਲ਼ ਨਾਲ਼ ਕਰਨ ਦੀ ਗੱਲ ਕਰਦਾ ਹੈ। **ਪਰ ਜ਼ਿਆਦਾਤਰ ਇਨਕਲਾਬੀ ਜੱਥੇਬੰਦੀਆਂ ਦੀ ਇਹ ਪੋਜ਼ੀਸ਼ਨ ਬਹੁਤ ਹੀ ਤਰਾਸਦੀਪੂਰਨ ਸਥਿਤੀ ਪੈਦਾ ਕਰਦੀ ਹੈ। ਕਾਰਨ ਇਹ ਹੈ ਕਿ ਇਹ ਪੂਰੀ ਪੋਜ਼ੀਸ਼ਨ 1963 'ਚ ਚੀਨ ਦੀ ਕਮਿਊਨਿਸਟ ਪਾਰਟੀ ਵੱਲੋਂ ਦਿੱਤੀ ਗਈ ਕੌਮਾਂਤਰੀ ਆਮ ਕੰਮ ਲੀਹ ਦੇ ਅਨੁਸਾਰ ਹੁਣ ਤੱਕ ਸਾਡੇ ਦੇਸ਼ ਦੇ ਇਨਕਲਾਬ ਦੀ ਯੁੱਧਨੀਤੀ ਅਤੇ ਆਮ ਦਾਅਪੇਚਾਂ ਨੂੰ ਤੈਅ ਕਰਦੀ ਹੈ। ਇਹ ਹੋਰ ਕੁਝ ਨਹੀਂ ਸਗੋਂ ਇਹ ਦਿਖਾਂਦਾ ਹੈ ਕਿ ਭਾਰਤ ਦੇ ਇਨਕਲਾਬੀ ਖੱਬੇ ਖੇਮੇ ਦੇ ਜ਼ਿਆਦਾਤਰ ਹਿੱਸੇ ਇੱਕ 'ਟਾਈਮ ਕੈਪਸੂਲ' 'ਚ ਕੈਦ ਰਹਿ ਗਏ ਹਨ।** ਦੁਨੀਆਂ 2011 'ਚ ਪਹੁੰਚ ਗਈ ਹੈ ਅਤੇ ਉਹ ਹਾਲੇ ਤੱਕ 1960 ਦੇ ਦਹਾਕੇ 'ਚ ਹੀ ਜੀਅ ਰਹੇ ਹਨ। (ਜਦੋਂ ਕਿ , ਉਸ ਹਾਲਤ 'ਚ ਵੀ ਭਾਰਤ ਦੀ ਸਮਾਜਿਕ ਬਣਤਰ ਨੂੰ ਅਰਧ-ਜਗੀਰੂ ਅਰਧ ਬਸਤੀ ਐਲਾਨਣ 'ਤੇ ਵੀ ਕਈ ਸਹੀ ਅਤੇ ਤਾਕਤਵਰ ਸਵਾਲ ਖੜ੍ਹੇ ਕੀਤੇ ਜਾ ਸਕਦੇ ਸੀ)। ਆਪਣੇ ਦੇਸ਼ ਦੀਆਂ ਠੋਸ ਹਾਲਤਾਂ ਦਾ ਠੋਸ ਵਿਸ਼ਲੇਸ਼ਣ ਕਰਨ ਦੀ ਬਜਾਏ ਕੌਮਾਂਤਰੀ ਅਗਵਾਈ ਦੇ ਵਿਆਪਕ ਆਮ ਦਿਸ਼ਾ ਨਿਰਦੇਸ਼ਾਂ ਨੂੰ ਹੀ ਆਪਣੇ ਦੇਸ਼ 'ਚ ਇਨਕਲਾਬ ਦਾ ਠੋਸ ਪ੍ਰੋਗਰਾਮ ਮੰਨ ਲੈਣ ਦੀ ਪ੍ਰਵਿਰਤੀ ਭਾਰਤ ਦੀ ਇਨਕਲਾਬੀ ਲਹਿਰ ਦੀ ਪੁਰਾਣੀ ਰਹੀ ਹੈ, ਆਪਣੇ ਦੇਸ਼ ਦੀ ਸਮਾਜਿਕ ਬਣਤਰ, ਉਤਪਾਦਨ ਸਬੰਧਾਂ, ਉਤਪਾਦਕ ਸ਼ਕਤੀਆਂ ਦੇ ਵਿਕਾਸ ਦੇ ਪੱਧਰ, ਹਾਕਮ ਜਮਾਤ ਦੇ ਜਮਾਤੀ ਚਰਿੱਤਰ ਦੇ ਬਾਰੇ 'ਚ ਇਨਕਲਾਬੀ ਖੱਬੇ ਖੇਮੇ ਦੇ ਜ਼ਿਆਦਾਤਰ ਸੰਗਠਨਾਂ ਦੀ ਸਥਿਤੀ ਦੁਖਦਾਈ, ਸਗੋਂ ਸਹੀ ਕਹਿਣਾ ਹੋਵੇ ਤਾਂ ਤਰਾਸਦੀਪੂਰਨ ਰਹੀ ਹੈ। **ਆਪਣੀ ਇਸ ਕੱਟੜਵਾਦੀ ਸੋਚ ਅਤੇ ਅਤੀਤਮੁੱਖਤਾ, ਇਨਕਲਾਬਾਂ ਦੀ ਨਕਲ ਕਰਨ ਦੀ ਪ੍ਰਵਿਰਤੀ ਅਤੇ ਆਪਣੇ ਦੇਸ਼ ਦੀਆਂ ਹਾਲਤਾਂ 'ਤੇ ਮਾਰਕਸਵਾਦ ਨੂੰ ਰਚਨਾਮਤਕ ਤਰੀਕੇ ਨਾਲ਼ ਲਾਗੂ ਕਰਕੇ ਸੁੰਤਤਰ ਨਤੀਜੇ ਕੱਢਣ ਲਈ ਅਜ਼ਾਦ ਵਿਵੇਕ ਦੇ ਘਾਟ ਕਾਰਨ, ਖਿੰਡ ਰਹੇ ਇਨਕਲਾਬੀ ਖੱਬੇ ਖੇਮੇ ਦੀਆਂ ਜੱਥੇਬੰਦੀਆਂ ਪ੍ਰਚੂਨ ਵਪਾਰ 'ਚ ਸਿੱਧੇ ਵਿਦੇਸ਼ੀ ਨਿਵੇਸ਼ 'ਤੇ ਨਿੱਕੇ ਪੂੰਜੀਪਤੀ ਜ਼ਮੀਨ 'ਤੇ ਖੜ੍ਹੇ ਹੋ ਕੇ ਛੋਟੀ ਪੂੰਜੀ ਦੇ ਤਬਾਹ ਹੋਣ 'ਤੇ ਹਾਏ ਹਾਏ ਕਰ ਰਹੀਆਂ ਹਨ। ਉਹ ਇਸ ਗੱਲ ਨੂੰ ਨਹੀਂ ਸਮਝਦੀਆਂ ਕਿ ਭਾਰਤ 'ਚ ਪੂੰਜੀਵਾਦੀ ਉਤਪਾਦਨ ਸਬੰਧ ਘੱਟੋ ਘੱਟ ਪਿੱਛਲੇ ਪੰਜ ਦਹਾਕਿਆਂ ਤੋਂ ਪ੍ਰਮੁੱਖ ਉਤਪਾਦਨ ਸਬੰਧ ਬਣ ਚੁੱਕੇ ਹਨ, ਅਤੇ ਭਾਰਤ ਦੀ ਪੂੰਜੀਪਤੀ ਜਮਾਤ ਸਾਮਰਾਜਵਾਦ ਦੇ ਦਲਾਲ ਦੇ ਤੌਰ 'ਤੇ ਨਹੀਂ ਸਗੋਂ ਉਸ ਦੇ 'ਛੋਟੇ ਪਾਰਟਨਰ' ਦੇ ਤੌਰ 'ਤੇ ਆਪਣੀ ਸਿਆਸੀ ਅਜ਼ਾਦੀ ਨੂੰ ਕਾਇਮ ਰੱਖਦੇ ਹੋਏ ਪੂੰਜੀਵਾਦੀ ਵਿਕਾਸ ਦਾ ਰਾਹ ਅਪਣਾਏ ਹੋਈ ਹੈ। ਅੱਜ ਵਿਸ਼ਵੀਕਰਨ ਦੇ ਦੌਰ 'ਚ ਤਾਂ ਨਵ-ਜਮਹੂਰੀ ਇਨਕਲਾਬ ਅਤੇ ਲਮਕਵੇਂ ਲੋਕ ਯੁੱਧ ਨੂੰ ਭਾਰਤ 'ਚ ਲਾਗੂ ਕਰਨ ਦੀ ਕੱਟੜਵਾਦੀ ਸੋਚ ਹੋਰ ਵੀ ਹਸਾਉਣੀ ਹੈ !**

ਉਹ ਇਹ ਨਹੀਂ ਸਮਝ ਪਾਉਂਦੇ ਕਿ ਪੂੰਜੀਵਾਦੀ ਵਿਕਾਸ ਦੀ ਕੁਦਰਤੀ ਗਤੀ ਛੋਟੀ ਪੂੰਜੀ ਨੂੰ ਤਬਾਹ ਕਰੇਗੀ ਹੀ ਕਰੇਗੀ ਅਤੇ ਛੋਟੇ ਉਤਪਾਦਕ, ਫੈਕਟਰੀ ਮਾਲਕ ਅਤੇ ਵਪਾਰੀਆਂ ਦੇ ਇੱਕ ਵੱਡੇ ਹਿੱਸੇ ਨੂੰ ਬਰਬਾਦ ਕਰਕੇ ਪ੍ਰੋਲੇਤਾਰੀ ਦੀਆਂ ਕਤਾਰਾਂ 'ਚ ਲਿਆ ਖੜ੍ਹਾ ਕਰੇਗੀ। **ਅਜਿਹੇ ਸਮੇਂ 'ਚ, ਇੱਕ ਵਿਗਿਆਨਕ ਇਨਕਲਾਬੀ ਦਾ ਕੰਮ ਇਸ ਛੋਟੀ ਪੂੰਜੀ ਨੂੰ ਜਿਵੇਂ ਦਾ ਤਿਵੇਂ ਬਚਾਈ ਰੱਖਣ ਦੀ ਦੁਹਾਈ ਦੇਣਾ ਨਹੀਂ, ਸਗੋਂ ਇਸ ਨਿੱਕੀ ਪੂੰਜੀਪਤੀ ਜਮਾਤ 'ਚ ਅਤੇ ਖਾਸ ਕਰਕੇ ਇਸ ਦੇ ਸਭ ਤੋਂ ਹੇਠਲੇ ਹਿੱਸਿਆ 'ਚ (ਜਿਸ 'ਚ ਕਿ ਸਹੀ 'ਚ ਅਰਧ-ਪ੍ਰੋਲੇਤਾਰੀਆ ਦੀ ਬਹੁਗਿਣਤੀ ਹੈ) ਇਹ ਇਨਕਲਾਬੀ ਪ੍ਰਚਾਰ ਕਰਨਾ ਹੈ ਕਿ ਪੂੰਜੀਵਾਦੀ ਢਾਂਚੇ 'ਚ ਛੋਟੀ ਪੂੰਜੀ ਦੀ ਇਹੀ ਹੋਣੀ ਹੈ ਅਤੇ ਪੂੰਜੀਵਾਦੀ ਢਾਂਚਾ ਅਤੇ ਸਮਾਜ ਦੇ ਦਾਅਰੇ 'ਚ ਰਹਿੰਦੇ ਹੋਏ ਇਸ ਤਬਾਹੀ ਅਤੇ ਬਰਬਾਦੀ ਨਾਲ਼ ਛੋਟੀ ਨਿੱਕ ਪੂੰਜੀਪਤੀ ਜਮਾਤ ਨਹੀਂ ਬਚ ਸਕਦੀ। ਜੇਕਰ ਉਸ ਨੂੰ ਇਸ ਹੋਣੀ ਤੋਂ ਬਚਣਾ ਹੈ ਤਾਂ ਉਸ ਨੂੰ ਇਸ ਢਾਂਚੇ ਦੀ ਚਾਰਦਵਾਰੀ ਦੇ ਬਾਹਰ ਸੋਚਣਾ ਹੋਵੇਗਾ, ਇੱਕ ਅਜਿਹੇ ਢਾਂਚੇ ਬਾਰੇ ਸੋਚਣਾ ਹੋਵੇਗਾ ਜਿਹੜਾ ਹਰੇਕ ਨਾਗਰਿਕ ਨੂੰ ਰੁਜ਼ਗਾਰ, ਸਿੱਖਿਆ, ਸਿਹਤ ਸਹੂਲਤਾਂ, ਬਸੇਰਾ ਅਤੇ ਹਰ ਤਰ੍ਹਾਂ ਦੀਆਂ ਬੁਨਿਆਦੀ ਸਮਾਜਿਕ ਤੇ ਆਰਥਿਕ ਸੁਰੱਖਿਆ ਮੁਹੱਈਆ ਕਰਵਾ ਸਕੇ। ਐਸਾ ਢਾਂਚਾ ਇੱਕ ਸਮਾਜਵਾਦੀ ਸਿਸਟਮ ਹੀ ਹੋ ਸਕਦਾ ਹੈ। ਪੂੰਜੀਵਾਦ ਦਾ ਇਹੀ ਇੱਕੋ-ਇੱਕ ਸਹੀ, ਵਿਵਹਾਰਕ ਅਤੇ ਵਿਗਿਆਨਕ ਬਦਲ ਹੈ। ਇਸ ਲਈ ਇਤਿਹਾਸ ਉਸ ਦੇ ਸਾਹਮਣੇ ਇੱਕ ਹੀ ਸਹੀ ਬਦਲ ਰਖਦਾ ਹੈ - ਮਜ਼ਦੂਰ ਜਮਾਤ ਦੀ ਪੋਜ਼ੀਸ਼ਨ ਨੂੰ ਪ੍ਰਵਾਨਣਾ।** ਆਖਰਕਾਰ, ਮਨੁੱਖ ਜਾਤੀ ਦਾ ਨਿਸ਼ਾਨਾ ਇੱਕ ਬਹੁਪੱਖੀ, ਭੌਤਿਕ ਤੇ ਆਤਮਕ ਰੂਪ ਨਾਲ਼ ਸੰਤੋਖਜਨਕ ਸੁੰਦਰ ਜੀਵਨ ਪ੍ਰਾਪਤ ਕਰਨਾ ਹੁੰਦਾ ਹੈ। ਦੋ ਬਿਘਾ ਜ਼ਮੀਨ, ਜਾਂ ਕੁਝ ਪੂੰਜੀ, ਜਾਂ ਕਿਸੇ ਪ੍ਰਕਾਰ ਦੀ ਛੋਟੀ ਮਾਲਕੀ, ਅਜਿਹਾ ਜੀਵਨ ਨਾ ਪੂੰਜੀਵਾਦ ਦੇ ਰਹਿੰਦੇ ਮੁਮਕਿਨ ਹੈ ਅਤੇ ਨਾ ਹੀ ਪੂੰਜੀਵਾਦ ਤੋਂ ਬਾਅਦ। ਜਿਹੜਾ ਸਿਸਟਮ ਇਨ੍ਹਾਂ ਚੀਜ਼ਾਂ ਦੀ ਗਰੰਟੀ ਲੈ ਸਕਦਾ ਹੈ ਉਹ ਇੱਕ ਅਜਿਹਾ ਸਿਸਟਮ ਹੀ ਹੋ ਸਕਦਾ ਹੈ ਜੋ ਸਾਰੇ ਸਾਧਨਾਂ, ਉਤਪਾਦਨ ਦੇ ਸਾਧਨਾਂ, ਕੁਦਰਤੀ ਸੰਪੱਤੀ ਅਤੇ ਬੌਧਿਕ ਸੰਪੱਤੀ ਦੇ ਸਮੂਹਕ ਮਾਲਕੀ 'ਤੇ ਅਧਾਰਿਤ ਹੋਵੇ ਅਤੇ ਜਿਸ 'ਚ ਫੈਸਲਾ ਲੈਣ ਦਾ ਹੱਕ ਸਮੂਹਕ ਤੌਰ 'ਤੇ ਸਮਾਜ ਦੇ ਮਿਹਨਤਕਸ਼ ਤਬਕੇ ਦੇ ਹੱਥਾਂ 'ਚ ਹੋਵੇ।

ਇਸ ਇਨਕਲਾਬੀ ਪ੍ਰਚਾਰ ਦੀ ਲੰਬੀ, ਨਿਰੰਤਰ ਅਤੇ ਲਗਾਤਾਰ ਪ੍ਰਕਿਰਿਆ ਨੂੰ ਚਲਾਣਾ - ਇਹੀ ਮਜ਼ਦੂਰ ਜਮਾਤ ਦੀ ਪੋਜ਼ੀਸ਼ਨ ਨੂੰ ਮਜ਼ਬੂਤ ਬਣਾਵੇਗਾ - ਭੌਤਿਕ ਤੌਰ 'ਤੇ, ਸਿਆਸੀ ਤੌਰ 'ਤੇ ਅਤੇ ਸਮਾਜਿਕ ਤੌਰ 'ਤੇ। ਪਰ ਪ੍ਰੋਲੇਤਾਰੀ ਪੋਜ਼ੀਸ਼ਨ 'ਤੇ ਖੜ੍ਹੇ ਹੋ ਕੇ ਇਸ ਪ੍ਰਚਾਰ ਨੂੰ ਕਰਨ ਦੀ ਬਜਾਏ ਇਨਕਲਾਬੀ ਖੱਬੇ ਖੇਮੇ ਦਾ ਵੱਡਾ ਹਿਸਾ "ਛੋਟੇ ਮਾਲਕਾਂ, ਛੋਟੇ ਵਪਾਰੀ ਅਤੇ ਕੁਲਕਾਂ-ਫਾਰਮਰਾਂ ਨੂੰ ਬਚਾਓ!" ਨਾਮੀਂ ਗਾਣੇ ਦੇ ਕੋਰਸ 'ਚ ਸੁਰ ਮਿਲਾ ਰਿਹਾ ਹੈ,

ਜਿਸ 'ਚ ਉਸ ਦੇ ਸਾਥੀ ਸੰਸਦੀ ਖੱਬੇਪੱਖੀਆਂ ਤੋਂ ਲੈ ਕੇ ਫਿਰਕੂ ਫਾਸੀਵਾਦੀ ਤੱਕ ਹਨ। ਇਸ ਬੇਮੇਲ ਅਤੇ ਅਸੁਵਿਧਾਜਨਕ ਕੋਰਸ ਨੂੰ ਉਸ ਦੇ ਪੁਰਾਣੇ, ਬੇਹੇ ਅਤੇ ਅਕਾਊ ਗੀਤ ਨਾਲ਼ ਛੱਡ ਕੇ, ਆਓ ਆਪਾਂ ਭਾਰਤ 'ਚ ਪ੍ਰਚੂਨ ਵਪਾਰ ਦੀ ਸਥਿਤੀ ਅਤੇ ਉਸ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਹਿੱਤਾਂ 'ਤੇ ਸੰਖੇਪ ਨਜ਼ਰ ਮਾਰ ਲਈਏ।

•

ਭਾਰਤ ਦੇ ਪ੍ਰਚੂਨ ਵਪਾਰ 'ਚ ਵਿਦੇਸ਼ੀ ਨਿਵੇਸ਼ ਪਹਿਲਾਂ ਤੋਂ ਹੀ ਸੀ, ਪਰ ਸੀਮਿਤ ਅਤੇ ਅਸਿੱਧੇ ਰੂਪ 'ਚ। ਇਹ ਵਿਸ਼ੇਸ਼ ਕਰ ਥੋਕ ਵਪਾਰ, ਫ੍ਰੈਂਚਾਇਜ਼ੀ ਪ੍ਰਦਾਨ ਕਰਨ ਅਤੇ ਕਮਿਸ਼ਨ ਏਜੰਸੀ ਸੇਵਾਵਾਂ ਦੇ ਰੂਪ 'ਚ ਹੁੰਦਾ ਰਿਹਾ ਹੈ। ਇਨ੍ਹਾਂ ਵੱਲੋਂ ਸਹੀ ਮਾਅਨੇ 'ਚ ਪ੍ਰਚੂਨ ਵਪਾਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦੀ ਜ਼ਮੀਨ ਪਹਿਲਾਂ ਹੀ ਤਿਆਰ ਕਰ ਦਿੱਤੀ ਗਈ ਸੀ। **ਫਿਲਹਾਲ ਇਨ੍ਹਾਂ ਰੂਪਾਂ 'ਚ ਵਿਦੇਸ਼ੀ ਨਿਵੇਸ਼ ਪ੍ਰਚੂਨ ਵਪਾਰ ਦੇ ਖੇਤਰ 'ਚ ਹੋ ਰਿਹਾ ਹੈ - ਪਹਿਲਾ, ਸਾਂਝੇ ਉੱਦਮ ਦੇ ਰੂਪ 'ਚ ਜਿਸ 'ਚ ਵਿਦੇਸ਼ੀ ਕੰਪਨੀਆਂ ਭਾਰਤੀ ਕੰਪਨੀਆਂ ਨਾਲ਼ ਮਿਲ ਕੇ ਪ੍ਰਚੂਨ ਵਪਾਰ 'ਚ ਨਿਵੇਸ਼ ਕਰ ਰਹੀਆਂ ਹਨ, ਦੂਜਾ, ਫ੍ਰੈਂਚਾਇਜ਼ੀ ਦੇਣ ਦੇ ਜ਼ਰੀਏ, ਜਿਵੇਂ ਕਿ ਕੇਐਫਸੀ, ਏਡੀਡਾਸ, ਨਾਈਕੀ ਆਦਿ ਜਿਹੀਆਂ ਕੰਪਨੀਆਂ ਕਰ ਰਹੀਆਂ ਹਨ, ਤੀਜਾ, ਛੋਟੇ ਪੱਧਰ ਦੇ ਉਦਯੋਗਾਂ ਵੱਲੋਂ ਸੋਰਸਿੰਗ ਕਰਵਾਕੇ, ਚੌਥਾ, 'ਕੈਸ਼ ਐਂਡ ਕੈਰੀ' ਸਰਗਰਮੀਆਂ ਦੇ ਤਹਿਤ, ਜਿਵੇਂ ਕਿ 'ਮੈਟਰੋ', 'ਜਾਇੰਟ', ਆਦਿ ਜਿਹੀਆਂ ਕੰਪਨੀਆਂ ਕਰ ਰਹੀਆਂ ਹਨ, ਅਤੇ ਪੰਜਵਾਂ, ਗੈਰ-ਸਟੋਰ ਰੂਪਾਂ ਦੇ ਜ਼ਰੀਏ, ਜਿਵੇਂ ਕਿ 'ਐਮਵੇ', 'ਜਾਪਾਨ ਲਾਈਫ ਇੰਡੀਆ' ਆਦਿ ਜਿਹੀਆਂ ਨੈੱਟਵਰਕ ਮਾਰਕਿਟਿੰਗ ਦੀਆਂ ਕੰਪਨੀਆਂ ਕਰ ਰਹੀਆਂ ਹਨ।** ਇਨ੍ਹਾਂ ਰੂਪਾਂ 'ਚ ਪ੍ਰਚੂਨ ਵਪਾਰ 'ਚ ਅਸਿੱਧਾ ਵਿਦੇਸ਼ੀ ਨਿਵੇਸ਼ ਪਹਿਲਾਂ ਤੋਂ ਹੀ ਮੌਜੂਦ ਹੈ। ਇਸ ਤੋਂ ਇਲਵਾ, ਦੇਸੀ ਕਾਰਪੋਰੇਟ ਘਰਾਣਿਆਂ ਨੇ ਵੀ ਪ੍ਰਚੂਨ ਵਪਾਰ 'ਚ ਆਪਣੀ ਜਗ੍ਹਾ ਬਣਾਉਣੀ ਸ਼ੁਰੂ ਕਰ ਦਿੱਤੀ ਹੈ, ਜਿਵੇਂ ਕਿ ਰਿਲਾਇੰਸ ਫਰੈਸ਼, ਬਿਗ ਏਪਲ, ਆਦਿ। ਇਸ ਦਾ ਪ੍ਰਭਾਵ ਵੀ ਛੋਟੀ ਪੂੰਜੀ 'ਤੇ ਉਹੋ ਜਿਹਾ ਹੀ ਹੈ ਜਿਹਾ ਕਿ ਸਿੱਧੇ ਵਿਦੇਸ਼ੀ ਨਿਵੇਸ਼ ਹੋਣ 'ਤੇ ਵਿਦੇਸ਼ੀ ਕੰਪਨੀਆਂ ਨੂੰ ਹੋਵੇਗਾ, ਪਰ ਉਸ ਦਾ ਵਿਰੋਧ ਇੰਨੇ ਜ਼ੋਰ-ਸ਼ੋਰ ਨਾਲ਼ ਕੋਈ ਨਹੀਂ ਕਰਦਾ ਹੈ। **ਇਸ ਤੋਂ ਸਾਫ਼ ਪਤਾ ਚਲਦਾ ਹੈ ਕਿ ਖੁਦ ਇਨਕਲਾਬੀ ਖੱਬੇਪੱਖੀ ਵੀ ਇੱਕ ਨਕਲੀ ਕੌਮਵਾਦੀ ਸਥਿਤੀ 'ਤੇ ਖੜ੍ਹਾ ਹੈ ਅਤੇ ਉਸ ਦਾ ਵਿਰੋਧ ਕਾਫ਼ੀ ਹੱਦ ਤੱਕ ਫਿਰਕੂ ਫਾਸੀਵਾਦ ਵੱਲੋਂ ਅਪਣਾਈ ਗਈ ਪੋਜ਼ੀਸ਼ਨ ਦੇ ਕਾਰਨ ਉਸ ਦੇ ਲਈ ਇੱਕ ਬੰਧੇਜ ਬਣ ਗਿਆ ਹੈ।** ਵਿਦੇਸ਼ੀ ਨਿਵੇਸ਼ ਦੀ ਚਰਚਾ 'ਤੇ ਵਾਪਸ ਆਉਂਦੇ ਹਾਂ। ਵਾਲਮਾਰਟ ਨੇ ਬੈਂਗਲੋਰ 'ਚ ਕੁਝ ਸਾਲ ਪਹਿਲਾਂ ਇੱਕ ਵਿਸ਼ਵ ਪੱਧਰੀ ਸੋਰਸਿੰਗ ਦਫ਼ਤਰ ਖੋਲ੍ਹਿਆ ਸੀ ਅਤੇ ਇਸ ਨੇ ਭਾਰਤੀ ਕੰਪਨੀ, ਭਾਰਤੀ ਦੇ ਨਾਲ਼ ਇੱਕ ਸਾਂਝਾ ਉੱਦਮ ਵੀ ਸ਼ੁਰੂ ਕੀਤਾ ਸੀ। ਇਸ ਤਰ੍ਹਾਂ ਭਾਰਤ ਦੇ ਪ੍ਰਚੂਨ ਵਪਾਰ ਦੇ ਖੇਤਰ 'ਚ ਵਿਦੇਸ਼ੀ ਨਿਵੇਸ਼ ਨਾ ਰਿਹਾ ਹੋਵੇ, ਅਜਿਹਾ ਨਹੀਂ ਹੈ। ਜੇਕਰ ਸਿੱਧਾ ਵਿਦੇਸ਼ੀ ਨਿਵੇਸ਼ ਦਾ ਮਤਾ ਪਾਸ ਹੋ ਵੀ ਜਾਂਦਾ ਹੈ ਤਾਂ ਫਰਕ ਸਿਰਫ਼ ਇੰਨਾ ਆਵੇਗਾ ਕਿ ਇਹ ਵਿਦੇਸ਼ੀ ਨਿਵੇਸ਼ ਸਿੱਧਾ ਅਤੇ ਸੁਚਾਰੂ ਹੋ ਜਾਵੇਗਾ।

ਹੁਣ ਭਾਰਤ ਦੇ ਪ੍ਰਚੂਨ ਵਪਾਰ ਦੇ ਮੌਜੂਦਾ ਦ੍ਰਿਸ਼ 'ਤੇ ਆਉਂਦੇ ਹਾਂ। ਕੁੱਲ ਪ੍ਰਚੂਨ ਵਪਾਰ ਦਾ ਕਰੀਬ 20 ਫੀਸਦੀ ਭਾਰਤ 'ਚ ਆਜ਼ਾਦ ਪ੍ਰਚੂਨ ਵਪਾਰ ਪੂੰਜੀ ਵੱਲੋਂ ਜਾਂ ਫਿਰ ਸਿੱਧੇ ਉਤਪਾਦਕਾਂ ਵੱਲੋਂ ਕੀਤਾ ਜਾਂਦਾ ਹੈ। ਇਸ ਨੂੰ ਅਰਥਸ਼ਾਸਤਰ ਦੀ ਭਾਸ਼ਾ 'ਚ **'ਵਰਟੀਕਲ ਇੰਟੀਗ੍ਰੇਸ਼ਨ ਮਾਡਲ'** ਕਿਹਾ ਜਾਂਦਾ ਹੈ, ਜਿਸ ਵਿੱਚ ਜਿਣਸ ਉਤਪਾਦਕ ਵੱਲੋਂ ਸਿੱਧਾ ਮੰਡੀਕਰਨ ਹੁੰਦਾ ਹੈ ਜਾਂ ਫਿਰ ਗਾਹਕ ਅਤੇ ਉਤਪਾਦਕ ਦੇ ਵਿੱਚ ਇੱਕੋਂ ਹੀ ਵਿਚੋਲਾ ਹੁੰਦਾ ਹੈ ਜੋ ਕਿ ਇੱਕ ਆਜ਼ਾਦ ਵਪਾਰਿਕ ਸੰਸਥਾਨ ਹੁੰਦਾ ਹੈ। ਦੂਜਾ ਮਾਡਲ ਹੈ **'ਵਰਟੀਕਲ ਸੇਪਰੇਸ਼ਨ ਮਾਡਲ'** ਜਿਸ ਦੇ ਤਹਿਤ ਭਾਰਤ 'ਚ ਕਰੀਬ 80 ਫੀਸਦੀ ਪ੍ਰਚੂਨ ਵਪਾਰ ਹੁੰਦਾ ਹੈ। ਇੱਸ 'ਚ ਜਿਣਸ ਕਈ ਮੰਜਲਾਂ ਤੋਂ ਹੁੰਦੀ ਹੋਈ ਗਾਹਕ ਤੱਕ ਪਹੁੰਚਦੀ ਹੈ। ਇੰਨ੍ਹਾਂ ਪੜਾਵਾਂ 'ਚ ਛੋਟੇ ਪੱਧਰ ਦੇ ਏਜੰਟਾਂ, ਸਟਾਕਇਸਟਾਂ, ਡਿਸਟ੍ਰੀਬਿਊਟਰਾਂ, ਪ੍ਰਚੂਨ ਦੁਕਾਨਾਂ, ਆਦਿ ਤੋਂ ਲੈ ਕੇ ਪ੍ਰਚੂਨ ਵਪਾਰੀਆਂ ਦੀ ਇੱਕ ਪੂਰੀ ਲੜੀ ਹੁੰਦੀ ਹੈ ਜੋ ਸਥਾਨਕ ਧਰਾਤਲ 'ਤੇ ਕੰਮ ਕਰਦੀ ਹੈ ਅਤੇ ਉਪਭੋਗਤਾਵਾਂ ਨਾਲ਼ ਸਿੱਧੇ ਅਤੇ ਵਿਅਕਤੀਗਤ ਸਬੰਧਾਂ 'ਤੇ ਅਧਾਰਿਤ ਹੁੰਦੀ ਹੈ।

ਇਹ ਦੂਜਾ ਮਾਡਲ ਭਾਰਤ ਦੇ ਪੂੰਜੀਵਾਦੀ ਵਿਕਾਸ ਦੇ ਲਈ ਹੁਣ ਤੱਕ ਇੱਕ ਜ਼ਰੂਰੀ ਅੰਗ ਦਾ ਕੰਮ ਕਰਦਾ ਰਿਹਾ ਹੈ। ਕਿਉਂਕਿ ਇਸ ਦੇ ਜ਼ਰੀਏ ਭਾਰਤ ਦੇ ਕਰੋੜਾਂ ਬੇਰੁਜ਼ਗਾਰਾਂ ਅਤੇ ਅਰਧ-ਬੇਰੁਜ਼ਗਾਰਾਂ ਦੀ ਬੇਰੁਜ਼ਗਾਰੀ ਲੁਕ ਜਾਂਦੀ ਹੈ। ਅਸਲੀਅਤ 'ਚ, ਖੇਤੀ ਦੇ ਬਾਅਦ ਲੁਕੇ ਹੋਏ ਬੇਰੁਜ਼ਗਾਰਾਂ ਦੀ ਸਭ ਤੋਂ ਵੱਡੀ ਸੰਖਿਆ ਪ੍ਰਚੂਨ ਵਪਾਰ 'ਚ ਲੱਗੀ ਹੋਈ ਹੈ। ਕਾਰਖਾਨਿਆਂ, ਕੰਮ-ਧੰਦਿਆਂ ਤੋਂ ਬੇਰੁਜ਼ਗਾਰ ਹੋਈ ਇੱਕ ਚੰਗੀ ਗਿਣਤੀ ਕੰਮ ਚਲਾਉਣ ਦੇ ਲਈ ਸਵੈਰੁਜ਼ਗਾਰ ਦੇ ਤੌਰ 'ਤੇ ਪ੍ਰਚੂਨ ਵਪਾਰ ਦੇ ਖੇਤਰ ਨੂੰ ਅਪਣਾਉਂਦੀ ਹੈ। ਪੂੰਜੀਵਾਦ ਜਿਨ੍ਹਾਂ ਨੂੰ ਬੇਰੁਜ਼ਗਾਰ ਕਰਦਾ ਹੈ ਅਤੇ ਅਸੁਰੱਖਿਅਤ ਅਤੇ ਰਾਖਵੀਂ ਹਾਲਤ 'ਚ ਛੱਡ ਦੇਂਦਾ ਹੈ, ਉਨ੍ਹਾਂ ਲਈ ਪ੍ਰਚੂਨ ਵਪਾਰ ਭੁੱਖਮਰੀ ਰੇਖਾ 'ਤੇ ਜਿਉਂਦੇ ਰਹਿਣ ਲਈ ਇੱਕ ਸ਼ਰਨਗਾਹ ਬਣ ਜਾਂਦਾ ਹੈ। ਜੇਕਰ ਪ੍ਰਚੂਨ ਵਪਾਰ 'ਚ ਸਿੱਧਾ ਵਿਦੇਸ਼ੀ ਨਿਵੇਸ਼ ਹੁੰਦਾ ਹੈ ਤਾਂ ਇਹ ਵੱਡੀ ਅਰਧਬੇਰੁਜ਼ਗਾਰ ਅਤੇ ਲੁਕਵੇਂ ਰੂਪ ਨਾਲ਼ ਬੇਰੁਜ਼ਗਾਰ ਆਬਾਦੀ ਖੁੱਲ੍ਹੇ ਤੌਰ 'ਤੇ ਬੇਰੁਜ਼ਗਾਰਾਂ ਦੀ ਭੀੜ 'ਚ ਨਜ਼ਰ ਆਉਣੀ ਸ਼ੁਰੂ ਹੋ ਜਾਵੇਗੀ। ਇਹ ਸਮਾਜ 'ਚ ਅਸੰਤੋਖ ਨੂੰ ਵਧਾਏਗਾ ਅਤੇ ਵਿਸਫੋਟਕ ਹਾਲਤਾਂ ਪੈਦਾ ਕਰੇਗਾ।

ਨਿਸ਼ਚਤ ਤੌਰ 'ਤੇ ਕੋਈ ਵੀ ਪ੍ਰੋਲੇਤਾਰੀ ਇਨਕਲਾਬੀ ਸਿੱਧੇ ਵਿਦੇਸ਼ੀ ਨਿਵੇਸ਼ ਦਾ ਸਮਰਥਨ ਨਹੀਂ ਕਰੇਗਾ। ਪਰ ਇਸ 'ਤੇ ਉਹ ਠੀਕ ਉਹੀ ਪਹੁੰਚ ਅਪਣਾਏਗਾ ਜਿਹੜੀ ਕਿ ਉਹ ਪੂੰਜੀਵਾਦ ਦੀ ਕੁਦਰਤੀ ਗਤੀ ਨਾਲ਼ ਤਬਾਹ ਹੋਣ ਵਾਲ਼ੇ ਸਾਰੇ ਛੋਟੇ ਮਾਲਕਾਂ ਦੇ ਪ੍ਰਤੀ ਅਪਣਾਉਂਦਾ ਹੈ - ਯਾਣੀ, ਉਹ ਉਨ੍ਹਾਂ ਅਤੀਤ ਦੀਆਂ ਛੋਟੇ ਮਾਲਕੀ ਵਾਲ਼ੀ ਛੋਟੀ ਸੁੰਦਰ ਦੁਨੀਆਂ ਦਾ ਹੇਰਵਾ ਨਹੀਂ ਪੈਦਾ ਕਰੇਗਾ, ਸਗੋਂ ਦੱਸੇਗਾ ਕਿ ਪੂੰਜੀਵਾਦ ਆਪਣੀ ਸੁਭਾਅ ਤੋਂ ਆਦਮਖੋਰ ਹੁੰਦਾ ਹੈ ਅਤੇ ਫਿਰ ਚਾਹੇ ਦੇਸੀ ਵੱਡੀ ਪੂੰਜੀ ਦੇ ਹੱਥੋਂ ਜਾਂ ਫੇਰ ਵਿਦੇਸ਼ੀ ਵੱਡੀ ਪੂੰਜੀ ਦੇ ਹੱਥੋਂ, ਪੂੰਜੀਵਾਦ ਦੇ ਰਹਿੰਦੇ ਉਸ ਨੇ ਲੁੱਟਣਾ ਅਤੇ ਬਰਬਾਦ ਹੋਣਾ ਹੀ ਹੈ। ਪੂੰਜੀਵਾਦ ਆਪਣੀ ਕੁਦਰਤੀ

ਗਤੀ ਨਾਲ਼ ਛੋਟੀ ਪੂੰਜੀ ਨੂੰ ਉਜਾੜਦਾ ਹੈ। ਸਾਨੂੰ ਉਜੜਣ ਵਾਲ਼ੀ ਅਰਧ ਪ੍ਰੋਲੇਤਾਰੀ, ਗਰੀਬ ਟੁੱਟਪੂੰਜੀਆਂ ਆਬਾਦੀ ਦੇ ਵਿੱਚ ਇਸ ਮੌਕੇ ਨੂੰ ਪੂੰਜੀਵਾਦ ਵਿਰੋਧੀ ਪ੍ਰਚਾਰ ਦੇ ਮੌਕਾ ਬਣਾਉਂਣਾ ਚਾਹੀਦਾ ਹੈ ਅਤੇ ਉਨ੍ਹਾਂ ਪੂੰਜੀਵਾਦ ਦੀ ਸੱਚਾਈ ਤੋਂ ਜਾਣੂੰ ਕਰਵਾਉਂਦੇ ਹੋਏ ਸਹੀ ਮਜ਼ਦੂਰ ਜਮਾਤ ਦੀ ਪੋਜ਼ੀਸ਼ਨ 'ਤੇ ਲਿਆਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਫੌਰੀ ਤੌਰ 'ਤੇ ਵੀ, ਇੱਕ ਸਹੀ ਮਜ਼ਦੂਰ ਜਮਾਤੀ ਪੋਜ਼ੀਸ਼ਨ 'ਤੇ ਖੜ੍ਹੇ ਹੋ ਕੇ ਇਹੀ ਪ੍ਰਚਾਰ ਕੀਤਾ ਜਾ ਸਕਦਾ ਹੈ। ਪ੍ਰਚੂਨ ਵਪਾਰ ਦੇ ਖੇਤਰ 'ਚ ਸਿੱਧਾ ਵਿਦੇਸ਼ੀ ਨਿਵੇਸ਼ ਪੂੰਜੀਵਾਦੀ ਢਾਂਚੇ ਦੀ ਸੁਭਾਵਿਕ ਗਤੀ ਦਾ ਅਗਲਾ ਪੜਾਅ ਹੀ ਹੈ। ਇਹ ਸੁਭਾਵਿਕ ਗਤੀ ਹੈ ਵੱਡੀ ਪੂੰਜੀ ਵੱਲੋਂ ਛੋਟੀ ਪੂੰਜੀ ਨੂੰ ਨਿਗਲ ਜਾਣ ਦੀ ਗਤੀ। ਇਹ ਪ੍ਰਕਿਰਿਆ, ਜਿਹਾ ਕਿ ਅਸੀਂ ਪਹਿਲਾਂ ਹੀ ਜ਼ਿਕਰ ਕਰ ਚੁੱਕੇ ਹਾਂ, ਪ੍ਰਚੂਨ ਵਪਾਰ 'ਚ ਵੱਡੀਆਂ ਦੇਸ਼ੀ ਕੰਪਨੀਆਂ ਦੇ ਪ੍ਰਵੇਸ਼ ਨਾਲ਼ ਹੀ ਸ਼ੁਰੂ ਹੋ ਚੁੱਕੀ ਸੀ ਅਤੇ ਸਿੱਧਾ ਵਿਦੇਸ਼ੀ ਨਿਵੇਸ਼ ਇਸ ਦਾ ਅਗਲਾ ਤਰਕਸ਼ੀਲ ਪੜਾਅ ਹੈ। ਪੂੰਜੀਵਾਦ ਦੇ ਰਹਿੰਦੇ ਹੋਰ ਕੁਝ ਹੋ ਵੀ ਨਹੀਂ ਸਕਦਾ।

ਵਿਸ਼ਵੀਕਰਨ ਦੇ ਦੌਰ ਵਿੱਚ ਅਤੇ ਵਿਸ਼ੇਸ਼ ਕਰਕੇ ਪੂੰਜੀਵਾਦ ਦੇ ਮੌਜੂਦਾ ਆਰਥਿਕ ਸੰਕਟ ਦੇ ਦੌਰ ਵਿੱਚ ਪੂੰਜੀ ਦੇ ਲਈ ਉਤਪਾਦਕ ਨਿਵੇਸ਼ ਦੀ ਸੰਭਾਵਨਾਵਾਂ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿੱਚ ਲਗਾਤਾਰ ਸੰਤ੍ਰਿਪਤੀ ਦੇ ਪੱਧਰ ਤੱਕ ਪਹੁੰਚ ਰਹੀਆਂ ਹਨ। ਅਜਿਹੇ ਸਮੇਂ 'ਚ, ਵਿਕਾਸਸ਼ੀਲ ਪੂੰਜੀਵਾਦੀ ਦੇਸ਼ਾਂ 'ਚ ਪੈਦਾ ਹੋ ਰਿਹਾ ਨਵਾਂ ਉਪਭੋਗਤਾ ਵਰਗ, ਜਿਹੜਾ ਉਨ੍ਹਾਂ ਦੇਸ਼ਾਂ ਦੀ ਕੁੱਲ ਆਬਾਦੀ ਦਾ ਮਹਿਜ਼ 15-20 ਫੀਸਦੀ ਹੈ ਪਰ ਮੰਦੀ ਦੀ ਮਾਰ ਖਾਂਦੀ ਪੂੰਜੀ ਦੇ ਲਈ ਨਿਰਪੇਖ ਰੂਪ 'ਚ ਇਹ ਦੈਂਤਕਾਰੀ ਬਾਜ਼ਾਰ ਪੈਦਾ ਕਰਦਾ ਹੈ, ਸੰਸਾਰ ਪੂੰਜੀ ਲਈ ਇਹ ਇੱਕ ਉਮੀਦ ਦੀ ਕਿਰਨ ਦੇ ਬਰਾਬਰ ਹੈ। ਪ੍ਰਚੂਨ ਵਪਾਰ 'ਚ ਵੀ ਵਾਲਮਾਰਟ, ਟੇਸਕੋ, ਆਦਿ ਜਿਹੀਆਂ ਦੈਂਤਕਾਰੀ ਕੰਪਨੀਆਂ ਇਨ੍ਹਾਂ ਦੇਸ਼ਾਂ ਦੇ ਉਭਰਦੇ ਬਾਜ਼ਾਰਾਂ 'ਤੇ ਆਪਣੀ ਨਜ਼ਰ ਗੱਡੀ ਬੈਠੀਆਂ ਹਨ। ਖੁਦ ਭਾਰਤ ਦੀ ਵੱਡੀ ਪੂੰਜੀਪਤੀ ਜਮਾਤ ਇਸ ਘੱਟ ਇਸਤੇਮਾਲ ਹੋਏ ਅਤੇ ਘੱਟ ਭੀੜ ਵਾਲ਼ੇ ਖੇਤਰ 'ਤੇ ਆਪਣੀ ਗਿਰਝ ਅੱਖ ਗੱਡੀ ਬੈਠੀ ਹੈ, ਜਿਵੇਂ ਕਿ ਅੰਬਾਨੀ ਆਦਿ। ਸਾਫ਼ ਹੈ ਕਿ ਮੰਦੀ ਦੇ ਇਸ ਦੌਰ 'ਚ ਪੂੰਜੀ ਆਪਣੇ ਢਾਂਚਾਗਤ ਸੰਕਟ ਨਾਲ਼ ਫੌਰੀ ਤੌਰ 'ਤੇ ਨਿਬੜਨ ਲਈ ਅਜਿਹੇ ਖੇਤਰਾਂ ਦੀ ਤਲਾਸ਼ 'ਚ ਹੈ ਜਿੱਥੇ ਉਹ ਆਪਣੀ ਅਮੀਰੀ ਨੂੰ ਖਪਾ ਸਕੇ। ਅਜਿਹੇ ਸਮੇਂ 'ਚ, ਵਿਕਾਸਸ਼ੀਲ ਦੇਸ਼ਾਂ ਦਾ ਪ੍ਰਚੂਨ ਵਪਾਰ ਦਾ ਖੇਤਰ ਇੱਕ ਲਲਚਾ ਦੇਣ ਵਾਲ਼ਾ ਖੇਤਰ ਹੈ। **ਸੰਸਾਰ ਪੂੰਜੀਵਾਦੀ ਸੰਕਟ ਦੇ ਦੌਰ 'ਚ ਇਹ ਲਾਜ਼ਮੀ ਹੈ ਕਿ ਇਨ੍ਹਾਂ ਦੇਸ਼ਾਂ 'ਚ ਪ੍ਰਚੂਨ ਵਪਾਰ ਨੂੰ ਮਿਲਣ ਵਾਲ਼ੀ ਸੁਰੱਖਿਆ ਹੁਣ ਹੋਰ ਨਹੀਂ ਚੱਲ ਸਕਦੀ। ਅਤੇ ਨਿਸ਼ਚਿਤ ਤੌਰ 'ਤੇ, ਇਸ ਪ੍ਰਕਿਰਿਆ 'ਚ ਸਾਮਰਾਜਵਾਦੀ ਪੂੰਜੀ ਨੂੰ ਜਿੱਤ ਮਿਲੇਗੀ ਅਤੇ ਦੇਸੀ ਪੂੰਜੀ ਉਸਦੇ ਨਾਲ਼ ਸਾਂਝੇ ਰੂਪ ਨਾਲ਼ ਲੋਕਾਂ ਨੂੰ ਲੁੱਟਣ 'ਚ ਲੱਗੇਗੀ। ਭਾਵੇਂ ਕਈ ਮੌਕਿਆਂ 'ਤੇ ਉਹ ਉਸ ਨਾਲ਼ ਮੁਕਾਬਲਾ ਵੀ ਕਰੇਗੀ। ਭਾਰਤੀ ਪੂੰਜੀਪਤੀ ਜਮਾਤ ਲਈ ਵੀ ਇਹ ਹੋਂਦ ਦਾ ਸਵਾਲ ਹੈ ਕਿ ਇਹ ਸੁਰੱਖਿਆ ਖ਼ਤਮ ਹੋਵੇ ਅਤੇ ਪ੍ਰਚੂਨ ਵਪਾਰ ਦੇ ਖੇਤਰ ਦਾ ਉਦਾਰੀਕਰਨ ਹੋਵੇ।**

ਪ੍ਰਚੂਨ ਵਪਾਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦੇ ਸਮਰਥਕ ਇਹ ਦਾਅਵਾ ਕਰ ਰਹੇ ਹਨ ਕਿ ਵਪਾਰ 'ਚ ਬਹੁ-ਪਰਤੀ ਵਿਚੋਲਿਆਂ ਦੇ ਢਾਂਚੇ ਦੇ ਖਤਮ ਹੋਣ ਅਤੇ ਕਿਸਾਨਾਂ ਅਤੇ ਹੋਰ ਉਤਪਾਦਕਾਂ ਅਤੇ ਦੈਂਤਕਾਰੀ ਪ੍ਰਚੂਨ ਵਪਾਰ ਕੰਪਨੀਆਂ ਦੇ ਵਿੱਚ ਸਿੱਧਾ ਸਬੰਧ ਸਥਾਪਿਤ ਹੋਣ ਨਾਲ਼ ਕਿਸਾਨਾਂ ਨੂੰ, ਉਤਪਾਦਕਾਂ ਨੂੰ ਆਪਣੀ ਉਪਜ ਤੇ ਜਿਣਸ ਦਾ ਬਿਹਤਰ ਮੁੱਲ ਮਿਲੇਗਾ ਅਤੇ ਨਾਲ਼ ਹੀ ਜਿਣਸ ਦੀ ਕੀਮਤ ਵੀ ਕਮਿਸ਼ਨ ਦੇ ਬਹੁ-ਪਰਤੀ ਢਾਂਚੇ ਦੇ ਖ਼ਤਮ ਹੋਣ ਦੇ ਨਾਲ਼ ਹੇਠਾਂ ਆਵੇਗੀ ਅਤੇ ਮਹਿੰਗਾਈ ਵੀ ਘੱਟੇਗੀ। ਇਸ ਤਰਕ ਦੇ ਵਿਰੋਧੀ ਇਹ ਕਹਿ ਰਹੇ ਨੇ ਕਿ ਸ਼ੁਰੂ 'ਚ ਅਜਿਹਾ ਹੋ ਸਕਦਾ ਹੈ ਪਰ ਜਿਵੇਂ ਹੀ ਪ੍ਰਚੂਨ ਵਪਾਰ ਤੋਂ ਛੋਟੀ ਪੂੰਜੀ ਦਾ ਸਫ਼ਾਇਆ ਹੋ ਜਾਵੇਗਾ ਅਤੇ ਵੱਡੀਆਂ ਕੰਪਨੀਆਂ ਦੀ ਇਜ਼ਾਰੇਦਾਰੀ ਸਥਾਪਿਤ ਹੋ ਜਾਵੇਗੀ, ਤਦੋਂ ਹੀ, ਕਿਸਾਨ/ ਉਤਪਾਦਕ ਅਤੇ ਨਾਲ਼ ਹੀ ਉਪਭੋਗਤਾ ਇਨ੍ਹਾਂ ਵੱਡੀਆਂ ਕੰਪਨੀਆਂ ਦੇ ਰਹਿਮ ਉੱਤੇ ਹੋਣਗੇ। ਵੱਡੀਆਂ ਕੰਪਨੀਆਂ ਜਿਸ ਦਰ ਨਾਲ਼ ਖਰੀਦ ਦੀ ਅਦਾਇਗੀ ਕਰਨਗੀਆਂ ਉਸ ਦਰ ਨੂੰ ਕਿਸਾਨਾਂ/ ਉਤਪਾਦਕਾਂ ਨੂੰ ਪ੍ਰਵਾਨ ਕਰਨਾ ਹੋਵੇਗਾ ਅਤੇ ਨਾਲ਼ ਹੀ ਉਹ ਜੋ ਕੀਮਤਾਂ ਤੈਅ ਕਰਨਗੀਆਂ ਉਪਭੋਗਤਾ ਨੂੰ ਉਹ ਪ੍ਰਵਾਨ ਕਰਨੀਆਂ ਪੈਣਗੀਆਂ। **ਇਹ ਦੋਨੋਂ ਤਰਕ ਭਰਮਗ੍ਰਸਤ ਹਨ, ਭਾਵੇਂ ਦੋਨਾਂ ਦੇ ਪੱਖ 'ਚ ਆਪਣੀ ਤਰ੍ਹਾਂ ਨਾਲ਼ ਛਾਂਟ ਕੇ ਉਦਾਹਰਣ ਅਤੇ ਪ੍ਰਮਾਣ ਦਿੱਤੇ ਜਾ ਸਕਦੇ ਹਨ।** ਸਿੱਧੇ ਵਿਦੇਸ਼ੀ ਨਿਵੇਸ਼ ਨਾਲ਼ ਕਿਸਾਨਾਂ/ ਉਤਪਾਦਕਾਂ ਦੀ ਸਥਿਤੀ 'ਚ ਥੋੜ੍ਹਾ ਫਰਕ ਆ ਵੀ ਸਕਦਾ ਹੈ ਅਤੇ ਨਹੀਂ ਵੀ। ਇਹ ਫਰਕ ਸਕਾਰਾਤਮਕ ਵੀ ਹੋ ਸਕਦਾ ਹੈ ਅਤੇ ਨਕਾਰਾਤਮਕ ਵੀ। ਜੇਕਰ ਕੁਝ ਹੋਰ ਤੀਜੀ ਦੁਨੀਆਂ ਦੇ ਦੇਸ਼ਾਂ ਦੇ ਉਦਾਹਰਣ ਦੇਖੀਏ ਤਾਂ ਦੋਨਾਂ ਦੀ ਪੱਖਾਂ ਦੀਆਂ ਮਿਸਾਲਾਂ ਮਿਲਦੀਆਂ ਹਨ। ਫਿਲਹਾਲ ਭਾਰਤ 'ਚ ਕਿਸਾਨਾਂ ਨੂੰ ਆਪਣੇ ਉਤਪਾਦ ਦੀ ਕੀਮਤ ਦੇ ਹਰ ਇੱਕ ਰੁਪੈ 'ਚੋਂ 20 ਤੋਂ 22 ਪੈਸੇ ਤੱਕ ਮਿਲਦੇ ਹਨ। ਕਈ ਵਿਕਾਸਸ਼ੀਲ ਦੇਸ਼ਾਂ 'ਚ ਸਿੱਧੇ ਵਿਦੇਸ਼ੀ ਨਿਵੇਸ਼ ਤੋਂ ਬਾਅਦ ਤੋਂ ਇਹ ਹਿੱਸਾ 30 ਤੋਂ 35 ਫੀਸਦੀ ਵੀ ਹੋਇਆ ਹੈ ਅਤੇ ਕੁਝ ਦੇਸ਼ਾਂ ਵਿੱਚ ਗਿਰ ਕੇ 15 ਫੀਸਦੀ ਤੱਕ ਵੀ ਆ ਗਿਆ ਹੈ। ਮੁੱਦੇ ਦੀ ਗੱਲ ਇਹ ਹੈ ਕਿ ਆਖਰ ਪੂੰਜੀਵਾਦ ਦੀ ਸੁਭਾਵਿਕ ਗਤੀ ਕਾਰਨ ਕਿਸਾਨਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰੋਲੇਤਾਰੀ ਦੀਆਂ ਸਫਾਂ ਵਿੱਚ ਸ਼ਾਮਲ ਹੋਣਾ ਹੀ ਹੈ। ਹੁਣ ਇਸ ਪ੍ਰਕਿਰਿਆ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਹੱਥ ਹੋ ਵੀ ਸਕਦਾ ਹੈ ਅਤੇ ਨਹੀਂ ਵੀ। ਕਈ ਦੇਸ਼ਾਂ ਵਿੱਚ ਬਿਨਾਂ ਸਿੱਧੇ ਵਿਦੇਸ਼ੀ ਨਿਵੇਸ਼ ਇਹ ਕੰਮ ਹੋ ਗਿਆ ਹੈ। ਜਿਹੜਾ ਕੰਮ ਵਿਦੇਸ਼ੀ ਕੰਪਨੀਆਂ ਕਰਦੀਆਂ, ਉਹ ਦੇਸੀ ਕਾਰਪੋਰੇਟ ਘਰਾਣਿਆਂ ਨੇ ਕਰ ਦਿੱਤਾ ਹੈ। **ਇਸ ਲਈ ਇਹ ਪੂਰੀ ਬਹਿਸ ਹੀ ਵਿਚਾਰਧਾਰਕ ਅਤੇ ਸਿਆਸੀ ਤੌਰ 'ਤੇ 'ਡਿਸਲੋਕੇਟੇਡ' ਹੈ।** ਇਜ਼ਾਰੇਦਾਰੀਕਰਨ ਦੀ ਪ੍ਰਕਿਰਿਆ ਤੁਸੀਂ ਨਹੀਂ ਰੋਕ ਸਕਦੇ। ਹੁਣ ਇਸ ਪ੍ਰਕਿਰਿਆ 'ਚ ਇੱਕ ਸਭਾਵਿਤ ਕਾਰਕ ਵਿਦੇਸ਼ੀ ਪੂੰਜੀ ਵੀ ਹੋ ਸਕਦੀ ਹੈ। ਪਰ ਜੇਕਰ ਉਹ ਨਾ ਹੋਵੇ ਤਾਂ ਵੀ ਇਹ ਪ੍ਰਕਿਰਿਆ ਹੋਰ ਕਾਰਕਾਂ ਜ਼ਰੀਏ ਮੰਜਲ ਤੱਕ ਪਹੁੰਚ ਜਾਵੇਗੀ। ਇਹ ਜ਼ਰੂਰ ਹੋ ਸਕਦਾ ਹੈ ਕਿ ਸਿੱਧੇ ਵਿਦੇਸ਼ੀ ਨਿਵੇਸ਼ ਕਾਰਨ ਇਹ ਪ੍ਰਕਿਰਿਆ

ਥੋੜ੍ਹੀ ਤੇਜ਼ ਹੋ ਜਾਵੇ। ਪਰ ਇਹ ਪ੍ਰਕਿਰਿਆ ਉਸ ਦੇ ਬਿਨਾਂ ਦੇਸੀ ਵੱਡੀ ਪੂੰਜੀ ਦੇ ਜ਼ਰੀਏ ਵੀ ਪੂਰੀ ਹੁੰਦੀ। ਅਤੇ ਇਸ ਦੇ ਨਤੀਜੇ ਉਹੀ ਹੁੰਦੇ, ਚਾਹੇ ਇਹ ਦੋਨਾਂ 'ਚੋਂ ਕਿਸੇ ਇੱਕ ਰਸਤੇ ਤੋਂ ਹੋਣ – ਨਿੱਕ ਪੂੰਜੀਪਤੀ ਜਮਾਤ ਅਤੇ ਅਰਧ ਪ੍ਰੋਲੇਤਾਰੀ ਦਾ ਵੱਡਾ ਹਿੱਸਾ ਤਬਾਹ ਹੋ ਕੇ ਪ੍ਰੋਲੇਤਾਰੀ ਦੀਆਂ ਸਫਾਂ ਵਿੱਚ ਸ਼ਾਮਲ ਹੋਵੇਗਾ, ਅਤੇ ਦੂਜਾ, ਜਿਹੜੀ ਪ੍ਰੋਲੇਤਾਰੀ ਜਮਾਤ ਇਸ ਸਮੇਂ ਪ੍ਰਚੂਨ ਵਪਾਰ 'ਚ ਲੱਗੀ ਹੋਈ ਹੈ ਉਸ ਦੀ ਛਾਂਟੀ ਹੋਵੇਗੀ ਅਤੇ ਬੇਰੁਜ਼ਗਾਰੀ ਵਧੇਗੀ। ਇਹ ਦੋਨੋਂ ਹੀ ਪੂੰਜੀਵਾਦੀ ਢਾਂਚੇ ਦੇ ਜ਼ਰੂਰੀ ਨਤੀਜੇ ਹਨ ਜਿਹੜੇ ਵਾਪਰਨ ਤੋਂ ਰੋਕੇ ਨਹੀਂ ਜਾ ਸਕਦੇ।

ਅਜਿਹੇ 'ਚ, ਜੇਕਰ ਅਸੀਂ 'ਛੋਟੀ ਪੂੰਜੀ ਨੂੰ ਬਚਾਓ' ਦਾ ਅਣਇਤਿਹਾਸਕ ਸੁਧਾਰਵਾਦੀ ਨਾਅਰਾ ਦੇਂਦੇ ਹਾਂ, ਜਾਂ ਇਹ ਉਮੀਦ ਕਰਦੇ ਹਾਂ ਕਿ ਛੋਟਾ ਉੱਦਮੀ ਅਤੇ ਛੋਟਾ ਵਪਾਰੀ ਭਾਰਤ ਦੀ ਖਿਆਲੀ "ਜਗੀਰਦਾਰੀ–ਵਿਰੋਧੀ, ਸਾਮਰਾਜਵਾਦੀ ਵਿਰੋਧੀ, ਦਲਾਲ ਨੌਕਰਸ਼ਾਹ ਪੂੰਜੀਪਤੀ ਜਮਾਤ–ਵਿਰੋਧੀ ਨਵ–ਜਮਹੂਰੀ ਇਨਕਲਾਬ" ਦਾ ਮਿੱਤਰ ਹੈ ਅਤੇ ਉਸ ਨੂੰ ਇਸ ਮੁੱਦੇ ਨਾਲ਼ ਪ੍ਰੋਲੇਤਾਰੀ ਨਾਲ਼ ਜੋੜਿਆ ਜਾ ਸਕਦਾ ਹੈ, ਤਾਂ ਅਸੀਂ ਜਾਂ ਤਾਂ ਮੂਰਖ ਕੱਟੜਵਾਦੀ ਕਹਾਵਾਂਗੇ ਜਾਂ ਚਲਾਕ ਸਮਾਜਿਕ ਜਮਹੂਰੀਅਤਪਸੰਦ ਅਤੇ ਸਮਾਜਵਾਦੀ ਸੁਧਾਰਵਾਦੀ। ਕਿਸੇ ਵੀ ਰੂਪ ਵਿੱਚ, ਕੋਈ ਪ੍ਰੋਲੇਤਾਰੀ ਇਨਕਲਾਬ ਅੱਜ ਦੇ ਸਮੇਂ ਵਿੱਚ ਇੱਕ ਪੂੰਜੀਵਾਦੀ ਸਮਾਜ ਅਤੇ ਢਾਂਚੇ ਅੰਦਰ ਇਹ ਪੋਜ਼ੀਸ਼ਨ ਨਹੀਂ ਅਪਣਾ ਸਕਦਾ।

ਤਾਂ ਅਜਿਹੇ ਵਿੱਚ ਉਸ ਦੀ ਪੋਜ਼ੀਸ਼ਨ ਕੀ ਹੋਵੇਗੀ? ਉਸ ਦੀ ਪੋਜ਼ੀਸ਼ਨ ਹੋਵੇਗੀ, ਲਗਾਤਾਰ, ਨਿਰੰਤਰ, ਧੀਰਜਪੂਰਨ ਅਤੇ ਵਿਵੇਕਪੂਰਨ ਪੂੰਜੀਵਾਦ ਵਿਰੋਧੀ ਪ੍ਰਚਾਰ ਦੀ, ਉਸ ਦੀ ਨੀਤੀ ਹੋਵੇਗੀ ਨਿੱਕੇ ਪੂੰਜੀਪਤੀ ਜਮਾਤ ਅਤੇ ਅਰਧ ਪ੍ਰੋਲੇਤਾਰੀ ਜਮਾਤ ਦੇ ਵਿੱਚ ਇਹ ਪ੍ਰਚਾਰ ਕਰਨ ਦੀ ਕਿ ਪੂੰਜੀਵਾਦੀ ਢਾਂਚੇ ਦੇ ਅੰਦਰ ਉਸ ਦੀ ਇਹ ਹੋਣੀ ਹੀ ਹੋ ਸਕਦੀ ਹੈ ਅਤੇ ਇਹ ਕਿ ਛੋਟੇ ਪੱਧਰ ਦੀ ਮਾਲਕੀ ਅਤੇ ਪੂੰਜੀ ਦੀ ਛੋਟੀ ਜਿਹੀ ਪੋਟਲੀ ਉਸ ਨੂੰ ਇੱਕ ਅਸੁਰੱਖਿਅਤ, ਰਾਖਵਾਂ ਅਤੇ ਡਰਿਆ-ਸਹਿਮਿਆ ਜੀਵਨ ਹੀ ਦੇ ਸਕਦੀ ਹੈ। ਸਿਰਫ਼ ਇੱਕ ਸਮਾਜਵਾਦੀ ਢਾਂਚਾ ਹੀ ਉਸ ਨੂੰ ਇੱਕ ਸੁੰਦਰ, ਬਹੁਭਾਂਤਾ ਅਤੇ ਬਿਹਤਰ ਜੀਵਨ ਦੇ ਸਕਦਾ ਹੈ। ਉਸ ਨੂੰ ਉਹ ਅੱਜ ਜ਼ੁਬਾਨੀ ਪ੍ਰਚਾਰ ਤੋਂ ਨਾ ਸਮਝੇ ਤਾਂ ਘਾਬਰਨ ਦੀ ਕੋਈ ਜ਼ਰੂਰਤ ਨਹੀਂ ਹੈ, ਅੱਜ ਉਹ ਇਸ ਜਾਂ ਉਸ ਝੰਡੇ ਜਾਂ ਬੈਨਰ ਦੇ ਪਿੱਛੇ ਖੜ੍ਹਾ ਹੋ ਜਾਵੇ, ਜਿਹੜਾ ਉਸ ਦੀ ਪੋਟਲੀ ਨੂੰ ਬਚਾ ਲੈਣ ਦੀ ਗਰੰਟੀ ਦੇ ਰਿਹਾ ਹੈ, ਤਾਂ ਵੀ ਘਾਬਰਨ ਦੀ ਕੋਈ ਗੱਲ ਨਹੀਂ ਹੈ। ਉਹ ਆਉਣ ਵਾਲ਼ੇ ਸਮੇਂ 'ਚ ਇਸ ਨੂੰ ਠੋਸ ਤਜ਼ਰਬੇ ਅਤੇ ਅਮਲ ਵਿੱਚ ਸਮਝ ਜਾਵੇਗਾ। ਕੁਝ ਮਜ਼ਦੂਰ ਬਣਨ ਤੋਂ ਪਹਿਲਾਂ ਅਤੇ ਕੁਝ ਬਾਅਦ ਵਿੱਚ! ਪਰ ਸਮਝ ਜ਼ਰੂਰ ਜਾਵੇਗਾ! ਸਾਨੂੰ ਵਿਗਿਆਨ 'ਤੇ ਭਰੋਸਾ ਰੱਖਦੇ ਹੋਏ ਲਗਾਤਾਰ ਪ੍ਰਚਾਰ ਜਾਰੀ ਰੱਖਣਾ ਚਾਹੀਦਾ ਹੈ। ਪੂੰਜੀਵਾਦੀ ਢਾਂਚੇ ਦੇ ਰਹਿੰਦੇ ਇਹੀ ਹੋ ਸਕਦਾ ਹੈ ਅਤੇ ਇਹੀ ਹੋਵੇਗਾ, ਕਿਉਂਕਿ ਪੂੰਜੀਵਾਦ ਦੇ ਕੋਲ਼ ਹੋਰ ਕੋਈ ਬਦਲ ਨਹੀਂ ਹੈ।

ਤਜ਼ਰਬੇ ਦੇ ਅਧਾਰ 'ਤੇ ਵੀ ਦੇਖੀਏ ਤਾਂ ਇਹ ਪ੍ਰਕਿਰਿਆ ਪਿਛਲੇ ਲੰਮੇਂ ਸਮੇਂ ਤੋਂ ਜਾਰੀ ਹੈ ਅਤੇ ਵਿਸ਼ੇਸ਼ ਤੌਰ 'ਤੇ ਨਵੀਆਂ ਆਰਥਿਕ ਨੀਤੀਆਂ ਤੋਂ ਬਾਅਦ ਇਹ ਪ੍ਰਕਿਰਿਆ ਹੋਰ ਤੇਜ਼ ਹੋ ਗਈ ਹੈ। 1991 'ਚ ਵਿੱਤ ਮੰਤਰੀ ਦੇ ਤੌਰ 'ਤੇ ਮਨਮੋਹਨ ਸਿੰਘ ਨੇ **ਵਿਕਟਰ ਹਿਊਗੋ** ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ 'ਜਿਸ ਚੀਜ਼ ਦਾ ਸਮਾਂ ਆ ਗਿਆ ਹੋਵੇ, ਧਰਤੀ 'ਤੇ ਕੋਈ ਚੀਜ਼ ਉਸ ਨੂੰ ਹੋਣ ਤੋਂ ਨਹੀਂ ਰੋਕ ਸਕਦੀ।' ਬਾਅਦ ਵਿੱਚ ਇਸ ਵਾਕ ਨੂੰ ਉਹਨਾਂ ਸਿੱਧੇ ਵਿਦੇਸ਼ੀ ਨਿਵੇਸ਼ ਦਾ ਸਮਰਥਨ ਕਰਦੇ ਹੋਏ ਵੀ ਦੁਹਰਾਇਆ ਸੀ। ਆਪਣੀ ਥਾਂ 'ਤੇ ਮਨਮੋਹਨ ਸਿੰਘ ਬਿਲਕੁਲ ਠੀਕ ਹਨ। ਪੂੰਜੀਵਾਦੀ ਢਾਂਚੇ ਦੇ ਕੋਲ਼ ਇਸ ਤੋਂ ਇਲਾਵਾ ਹੋਰ ਕੋਈ ਬਦਲ ਹੈ ਵੀ ਨਹੀਂ ਅਤੇ ਆਪਣੇ ਸੰਕਟ ਨਾਲ਼ ਨਿਬੜਨ ਲਈ ਉਹ ਹਰ ਸੰਭਾਵਨਾ 'ਤੇ ਵਿਚਾਰ ਕਰ ਰਹੀ ਹੈ। ਅਜਿਹੇ ਵਿੱਚ ਪ੍ਰਚੂਨ ਵਪਾਰ 'ਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਸਮਾਂ ਵੀ ਆ ਗਿਆ ਹੈ। ਸੰਨ 2000 'ਚ ਭਾਜਪਾ ਦੀ ਅਗਵਾਈ ਵਾਲ਼ੀ ਕੌਮੀ ਜਮਹੂਰੀ ਗੱਠਜੋੜ ਸਰਕਾਰ ਨੇ ਦਰਾਮਦ ਅਤੇ ਬਰਾਮਦ ਦੀਆਂ ਕਈ ਵਸਤਾਂ ਨੂੰ 100 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਦੇ ਲਈ ਖੁੱਲ੍ਹਾ ਕਰ ਦਿੱਤਾ ਸੀ। 2006 ਤੋਂ 2010 ਦੇ ਵਿੱਚ ਵੱਖ ਵੱਖ ਵਸਤਾਂ ਦੇ ਅਜਿਹੇ ਕਰੀਬ 100 ਮਤੇ ਪੇਸ਼ ਕੀਤੇ ਗਏ, ਜਿਸ 'ਚੋਂ 57 ਪ੍ਰਵਾਨ ਕਰ ਲਏ ਗਏ ਜਿਸ ਦੇ ਫਲਸਰੂਪ ਕਈ ਲਗਜ਼ਰੀ ਵਸਤੂਆਂ, ਜੀਵਨ ਸ਼ੈਲੀ ਵਸਤੂਆਂ, ਹੈਂਡ ਬੈਗ, ਜੇਵਰਾਤ ਆਦਿ ਨੂੰ ਸਿੱਧੇ ਵਿਦੇਸ਼ੀ ਨਿਵੇਸ਼ ਲਈ ਖੁੱਲ੍ਹਾ ਕਰ ਦਿੱਤਾ ਗਿਆ। ਨਾਲ਼ ਹੀ, ਸਿੰਗਲ–ਬ੍ਰਾਂਡ ਮੰਡੀਕਰਨ 'ਚ ਵੀ 51 ਫੀਸਦੀ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਮੰਜ਼ੂਰੀ ਦੇ ਦਿੱਤੀ ਗਈ, ਜਿਸ ਨੂੰ ਭਵਿੱਖ ਵਿੱਚ 74 ਫੀਸਦੀ ਕੀਤਾ ਜਾਣ ਵਾਲ਼ਾ ਹੈ। ਪੂੰਜੀਵਾਦੀ ਦਾਇਰੇ ਦੇ ਅੰਦਰ ਹੁਣ ਤੱਕ ਜਿਸ ਚੀਜ਼ ਦਾ ਸਮਾਂ ਆ ਗਿਆ ਹੈ, ਉਸ ਨੂੰ ਕੋਈ ਰੋਕ ਨਹੀਂ ਸਕਦਾ। ਅਸੀਂ ਦੇਖ ਸਕਦੇ ਹਾਂ ਕਿ ਆਪਣੀ ਜ਼ਮੀਨ 'ਤੇ ਮਨਮੋਹਨ ਸਿੰਘ ਨੇ ਇੱਕਦਮ ਯਥਾਰਥਵਾਦੀ ਗੱਲ ਆਖੀ ਹੈ। ਪਰ ਵਿਕਟਰ ਹਿਊਗੋ ਦੇ ਇਸ ਹਵਾਲੇ ਨੂੰ ਇੱਕ ਦੂਜੇ ਰੂਪ 'ਚ ਵੀ ਸਮਝਿਆ ਜਾ ਸਕਦਾ ਹੈ। **ਪੂੰਜੀਵਾਦੀ ਢਾਂਚੇ ਦੀ ਇਹ ਕੁਦਰਤੀ ਗਤੀ ਉਸ ਨੂੰ ਲਗਾਤਾਰ ਉਸ ਬਿੰਦੂ 'ਤੇ ਲੈ ਜਾ ਰਹੀ ਹੈ ਜਿੱਥੇ ਅਸੀਂ ਕਹਿ ਸਕਦੇ ਹਾਂ ਕਿ ਸਮਾਜਵਾਦੀ ਬਦਲ ਦੇ ਨਵੇਂ ਰੂਪ 'ਚ ਸਥਾਪਿਤ ਹੋਣ ਦਾ ਵਕਤ ਆ ਗਿਆ ਹੈ ਅਤੇ ਹੁਣ ਇਸ ਨੂੰ ਧਰਤੀ 'ਤੇ ਕੋਈ ਰੋਕ ਨਹੀਂ ਸਕਦਾ ਹੈ।** ਪੂਰੇ ਸੰਕਟਗ੍ਰਸਤ ਪੂੰਜੀਵਾਦੀ ਵਿਸ਼ਵ ਦੇ ਘਟਨਾਚੱਕਰ ਲਗਾਤਾਰ ਇਹੀ ਗੱਲ ਵੱਲ ਇਸ਼ਾਰਾ ਕਰ ਰਹੇ ਹਨ। ਉਹ ਸਮਾਂ ਆ ਰਿਹਾ ਹੈ ਅਤੇ ਸਾਨੂੰ ਉਸ ਦੇ ਲਈ ਤਿਆਰ ਰਹਿਣਾ ਹੈ ਅਤੇ ਲੋਕਾਂ ਨੂੰ ਤਿਆਰ ਕਰਨਾ ਹੈ। ਨਹੀਂ ਤਾਂ, ਉਹ ਵਕਤ ਨਿਕਲ ਜਾਵੇਗਾ ਅਤੇ **ਡੇਨਿਅਲ ਗੁਇਰਿਨ** ਦੇ ਸ਼ਬਦਾਂ ਵਿੱਚ ਸਾਡੀ ਸਜ਼ਾ ਹੋਵੇਗੀ ਫ਼ਾਸੀਵਾਦ!



ਸਮਾਜਕ ਮਸਲੇ

ਭੁੱਖ, ਉਜਾੜਾ ਅਤੇ ਜਮਹੂਰੀਅਤ ਦਾ ਸੁੰਗੜਦਾ ਦਾਇਰਾ

• ਸੇਖ਼ ਅੰਸਾਰ

ਨਵਉਦਾਰਵਾਦ ਦੇ ਦੌਰ ’ਚ ਪੂੰਜੀਵਾਦੀ ਜਮਹੂਰੀਅਤ ਦੇ ਦਾਇਰੇ ਦਾ ਸੁੰਗੜਦੇ ਜਾਣਾ, ਲੋਕਾਂ ਦੇ ਜਮਹੂਰੀ ਹੱਕਾਂ ’ਤੇ ਲਗਾਤਾਰ ਡਾਕਾ ਅਤੇ ਸਮਾਜਿਕ ਤਾਣੇ-ਬਾਣੇ ਤੋਂ ਜਮਹੂਰੀ ਕਦਰਾਂ ਦਾ ਘੱਟ ਹੁੰਦੇ ਜਾਣਾ ਇੱਕ ਸੰਸਾਰਵਿਆਪੀ ਵਰਤਾਰਾ ਰਿਹਾ ਹੈ। ਇਸਦਾ ਇੱਕ ਕਾਰਨ ਤਾਂ ਇਹ ਹੈ ਕਿ ਉਦਾਰੀਕਰਨ-ਨਿਜੀਕਰਨ ਦੀਆਂ ਨੀਤੀਆਂ ਦੇ ਅਮਲ ਅਤੇ ਉਹਨਾਂ ਦੇ ਨਤੀਜੇ ਦੇ ਤੌਰ ’ਤੇ ਸੰਭਾਵਿਤ ਸਮਾਜਿਕ ਵਿਸਫ਼ੋਟਾਂ ਨਾਲ ਨਿਬੜਣ ਲਈ ਨਿਰਕੁੰਸ਼ ਜਾਬਰ ਸੱਤਾ ਦੀ ਮੌਜੂਦਗੀ ਜ਼ਰੂਰੀ ਹੈ। ਦੂਜੀ ਵਜ੍ਹਾ ਹੈ ਕਿ ਵਰਤਮਾਨ ਸਮੇਂ ’ਚ ਲੋਕਾਂ ਦੇ ਜਥੇਬੰਦ ਟਾਕਰੇ ਦੀ ਕਮੀ ਦੇ ਕਾਰਨ ਪੂੰਜਵਾਦੀ ਸੱਤਾਵਾਂ ਵੱਧ ਤੋਂ ਵੱਧ ਬੇਰੋਕ ਹੋ ਕੇ ਨਿਰਕੁੰਸ਼ ਆਪਹੁਦਰੇਪਣ ਦੇ ਤੌਰ ’ਤੇ ਵਿਚਰ ਰਹੀਆਂ ਹਨ।

ਜਮਹੂਰੀਅਤ ਸੰਵਿਧਾਨ ਦੀਆਂ ਕਿਤਾਬਾਂ ਤੋਂ ਜੀਵਨ ’ਚ ਨਹੀਂ ਉਤਰ ਆਉਂਦੀ। ਇਹ ਆਰਥਿਕ ਸਮਾਜਿਕ ਤਬਦੀਲੀਆਂ ਅਤੇ ਲੋਕਾਂ ਦੇ ਸੰਘਰਸ਼ਾਂ ਦਾ ਨਤੀਜਾ ਹੁੰਦਾ ਹੈ। ਭਾਰਤ ’ਚ ਜਦੋਂ ਅਸੀਂ ਜਮਹੂਰੀਅਤ ਦੇ ਸੁੰਗੜਦੇ ਦਾਇਰੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਯਾਦ ਰੱਖਣਾ ਹੋਵੇਗਾ ਕਿ ਸੰਵਿਧਾਨ ਰਾਹੀਂ ਪਦਾਨ ਕੀਤੇ ਜਮਹੂਰੀ ਹੱਕਾਂ ਦਾ ਦਾਇਰਾ ਤਾਂ ਇੱਥੇ ਪਹਿਲਾਂ ਤੋਂ ਹੀ ਸੁੰਗੜਿਆ ਹੋਇਆ ਰਿਹਾ ਹੈ। ਜਿੱਥੇ ਦੇਸ਼ ਦੀ ਇੱਕ ਚੌਥਾਈ ਤੋਂ ਵੀ ਵੱਧ ਆਮ ਵਸੋਂ ਭੁੱਖ ਅਤੇ ਕੁਪੋਸ਼ਣ ਦਾ ਸ਼ਿਕਾਰ ਹੋਵੇ, ਜਿਥੇ ਦਸ ਵਰ੍ਹਿਆਂ ਅੰਦਰ ਤਕਰੀਬਨ ਦੋ ਲੱਖ ਕਿਸਾਨ ਆਤਮ-ਹੱਤਿਆ ਕਰਦੇ ਹੋਣ, ਜਿਥੇ ਕਿਰਤੀ ਵਸੋਂ ਨੂੰ ਉਹਨਾਂ ਦੀ ਘੱਟੋ ਤੋਂ ਘੱਟ ਤਨਖਾਹ ਅਤੇ ਓਨੀ ਸਮਾਜਿਕ ਸੁਰੱਖਿਆ ਵੀ ਨਾ ਮਿਲ਼ਦੀ ਹੋਵੇ ਜਿਸਦਾ ਕਾਨੂੰਨੀ ਪ੍ਰਬੰਧ ਹੈ, ਜਿੱਥੇ ਅਜ਼ਾਦੀ ਦੇ 63 ਵਰ੍ਹਿਆਂ ਮਗਰੋਂ ਵੀ ਸਰਕਾਰ ਆਪਣੇ ਆਮ ਨਾਗਰਿਕਾਂ ਨੂੰ ਭੋਜਨ, ਕੱਪੜੇ, ਰਿਹਾਇਸ਼, ਇਲਾਜ, ਸਿੱਖਿਆ ਵਰਗੀਆਂ ਘੱਟੋ-ਘੱਟ ਜ਼ਰੂਰਤਾਂ ਦੀ ਗਰੰਟੀ ਨਹੀਂ ਦੇ ਸਕੀ ਹੈ (ਉਲਟਾ, ਉਦਾਰੀਕਰਨ-ਨਿਜ਼ੀਕਰਨ ਦੇ ਦੌਰ ’ਚ ਪਹਿਲਾਂ ਤੋਂ ਮੌਜੂਦ ਸਰਵਜਨਿਕ ਸੁਵਿਧਾਵਾਂ ਦਾ ਬਚਿਆ-ਖੁਚਿਆ ਢਾਂਚਾ ਵੀ ਅਪਾਹਜ ਹੋ ਚੁੱਕਾ ਹੈ), ਉੱਥੇ ਸੰਵਿਧਾਨ ਰਾਹੀ ਪ੍ਰਦਾਨ ਜੀਣ ਦੇ ਬੁਨਿਆਦੀ ਹੱਕ ਜਾਂ ਲੁੱਟ ਵਿਰੁੱਧ ਬੁਨਿਆਦੀ ਹੱਕ ਦਾ ਆਮ ਲੋਕਾਂ ਲਈ ਅਸਲ ’ਚ ਕੋਈ ਮਤਲਬ ਨਹੀਂ ਹੈ। ਸੰਵਿਧਾਨ ’ਚ ਵਰਣਿਤ ਰਾਜ ਦੇ ਨੀਤੀ ਰਹਿਨੁਮਾ ਸਿਧਾਂਤਾਂ ਦੀ ਤਾਂ ਉਂਝ ਵੀ ਕੋਈ ਸੰਵਿਧਾਨਕ-ਕਾਨੂੰਨੀ ਬੰਧੇਜ ਨਹੀਂ ਸੀ, ਇਹ ਮਹਿਜ਼ ਸੰਵਿਧਾਨਕ ਨੈਤਿਕਤਾ ਦਾ ਪ੍ਰਗਟਾਵਾ ਸਨ, ਜਿਹਨਾਂ ਤੋਂ ਭਾਰਤੀ ਰਾਜਸੱਤਾ ਨੇ ਨੀਤੀ -ਨਿਰਦੇਸ਼ ਨਹੀਂ ਲਏ। ਨਾਲ਼ੇ ਹੁਣ, ਨਵਉਦਾਰਵਾਦ ਦੇ ਦੌਰ ’ਚ ਤਾਂ ਸੰਵਿਧਾਨ ’ਚ ਇਹਨਾਂ ਨੀਤੀਆਂ ਰਹਿਨੁਮਾ ਸਿਧਾਂਤਾਂ ਦੀ ਮੌਜੂਦਗੀ ਵੀ ਭਾਰਤੀ ਲੋਕਤੰਤਰ ਦੇ ਪਖੰਡ ਨੂੰ ਉਜਾਗਰ ਕਰਦੀ ਪ੍ਰਤੀਤ ਹੁੰਦੀ ਹੈ। ਜਦੋਂ ਅਸੀਂ ਬੁਨਿਆਦੀ ਨਾਗਰਿਕ ਹੱਕਾਂ ਦੀ ਸੰਵਿਧਾਨਕ ਗਰੰਟੀ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਸੰਵਿਧਾਨ ’ਚ ਵਰਣਿਤ ਸੰਵਿਧਾਨਕ ਉਪਾਅ ਤੱਕ ਸਿਰਫ਼ ਥੋੜੇ ਜਿਹੇ ਸਿੱਖਿਅਤ ਉੱਚਮੱਧਵਰਗੀ ਲੋਕਾਂ ਦੀ ਹੀ ਪਹੁੰਚ ਹੋ ਸਕਦੀ ਹੈ। ਬਹੁਗਿਣਤੀ ਅਬਾਦੀ ਨੂੰ ਸਿਰਫ਼ ਕਾਨੂੰਨੀ ਉਪਾਅ (ਲੀਗਲ ਰੇਮੇਡੀ) ਹੀ ਉਪਲਬਧ ਹੋ ਸਕਦਾ ਹੈ ਜਿਸਦੀਆਂ ਕਾਰਜਕਾਰੀ ਕਾਨੂੰਨੀ ਸੰਸਥਾਵਾਂ ਦਾ ਢਾਂਚਾ ਅਤੇ ਦੀਵਾਨੀ ਅਤੇ ਫ਼ੌਜਦਾਰੀ ਕਾਨੂੰਨਾਂ ਦਾ ਕਿਰਦਾਰ ਅੱਜ ਵੀ ਬੁਨਿਆਦੀ ਤੌਰ ’ਤੇ ਅਤੇ ਮੁੱਖ ਤੌਰ ’ਤੇ ਬਸਤੀਵਾਦੀ ਹੈ। ਜਿੱਥੋਂ ਤੱਕ ਕਿਰਤ ਕਾਨੂੰਨਾਂ ਅਤੇ ਮਜ਼ਦੂਰਾਂ ਦੇ ਬੁਨਿਆਦੀ ਹੱਕਾਂ ਦੀ ਗੱਲ ਹੈ, ਲੰਮੀ ਕਾਨੂੰਨੀ ਪ੍ਰਕ੍ਰਿਆ ਅਤੇ ਕਿਰਤ ਅਦਾਲਤਾਂ ਦੀ ਕਾਰਜਪ੍ਰਣਾਲੀ ਸਦਾ ਤੋਂ ਮਜ਼ਦੂਰਾਂ ਲਈ ਗੰਭੀਰ ਸੱਮਸਿਆ ਰਹੀ ਹੈ। ਹੁਣ, ਨਵਉਦਾਰਵਾਦੀ ਦੌਰ ’ਚ, ਜੇਕਰ ਵੀਹ ਵਰ੍ਹਿਆਂ ਤੋਂ ਅੰਕੜੇ ਹੀ ਚੁੱਕ ਕੇ ਦੇਖ ਲਏ ਜਾਣ ਤਾਂ ਇਹ ਸਪੱਸ਼ਟ ਹੋ ਜਾਂਦਾ ਜਾਵੇਗਾ ਕਿ ਕਿਰਤ ਕਾਨੂੰਨਾਂ ਦਾ ਕੋਈ ਵਿਸ਼ੇਸ਼ ਮਤਲਬ ਨਹੀਂ ਰਹਿ ਗਿਆ ਹੈ ਅਤੇ ਅਦਾਲਤਾਂ ਜ਼ਿਆਦਾਤਰ ਮਾਮਲਿਆਂ ’ਚ ਨਵਉਦਾਰਵਾਦੀ ਬਜ਼ਾਰਵਾਦੀ ਤਰਕਾਂ ਨਾਲ਼ ਮਾਲਕਾਂ ਦੇ ਪੱਖ ’ਚ ਖੁੱਲ੍ਹੇ ਤੌਰ ’ਤੇ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਇਹ ਨੰਗੀ ਸੱਚਾਈ ਸਰਵਉੱਚ ਅਦਾਲਤ ਤੱਕ ’ਤੇ ਲਾਗੂ ਹੁੰਦੀ ਹੈ। ਇਨੀਂ ਦਿਨੀਂ ‘ਹਰਜਿੰਦਰ ਸਿੰਘ ਬਨਾਮ ਪੰਜਾਬ ਸਟੇਟ ਵੇਅਰਹਾਊਸਿੰਗ

ਕਾਰਪੋਰੇਸ਼ਨ' ਦੇ ਮੁਕਦਮੇ 'ਚ ਖੁਦ ਸਰਵਉੱਚ ਅਦਾਲਤ ਦੇ ਹੀ ਦੋ ਮੈਂਬਰੀ ਬੈਂਚ ਦੇ ਦੋ ਜੱਜਾਂ ਜਸਟਿਸ ਸਿੰਘਵੀ ਅਤੇ ਜਸਟਿਸ ਗਾਂਗੁਲੀ ਨੇ ਆਪਣੇ ਵੱਖ-ਵੱਖ ਆਦੇਸ਼ਾਂ 'ਚ ਸੰਵਿਧਾਨ ਦੇ ਮਜ਼ਦੂਰ ਪੱਖੀ ਫ਼ਲਸਫ਼ੇ ਦੀ ਅਦਾਲਤਾਂ ਰਾਹੀਂ ਉਲੰਘਣਾ 'ਤੇ ਅਤੇ ਖੁਦ ਸਰਵਉੱਚ ਅਦਾਲਤ ਦੀਆਂ ਕਈ ਵੱਡੀਆਂ ਬੈਂਚਾਂ ਅਤੇ ਪੰਜ ਮੈਂਬਰੀ ਸੰਵਿਧਾਨਕ ਬੈਂਚਾਂ ਰਾਹੀਂ ਦਿੱਤੇ ਗਏ ਮਜ਼ਦੂਰ ਵਿਰੋਧੀ ਫ਼ੈਸਲਿਆਂ 'ਤੇ ਨਾਖੁਸ਼ੀ ਜ਼ਾਹਿਰ ਕੀਤੀ। ਜਸਟਿਸ ਸਿੰਘਵੀ ਦੇ ਸ਼ਬਦਾਂ 'ਚ, "(ਹਾਲ ਦੇ ਫੈਸਲਿਆਂ ਤੋਂ) ਅਜਿਹਾ ਪ੍ਰਭਾਵ ਗਿਆ ਹੈ ਕਿ ਸੰਵਿਧਾਨਕ ਅਦਾਲਤਾਂ ਦੀ ਸਨਅਤੀ ਅਤੇ ਗ਼ੈਰਜਥੇਬੰਦ ਮਜ਼ਦੂਰਾਂ ਦੀ ਬੁਰੀ ਹਾਲਤ ਪ੍ਰਤੀ ਹੁਣ ਕੋਈ ਹਮਦਰਦੀ ਨਹੀਂ ਰਹਿ ਗਈ ਹੈ। " ਇਸ ਟਿੱਪਣੀ ਮਗਰੋਂ ਨਵਉਦਾਰਵਾਦੀ ਦੌਰ ਦੇ ਸਨਅਤੀ ਮਜ਼ਦੂਰਾਂ ਦੇ ਸੰਵਿਧਾਨਕ ਜਮਹੂਰੀ ਹੱਕਾਂ ਦੇ ਸੁੰਗੜਦੇ ਜਾਣ ਦੀ ਨੰਗੀ ਸੱਚਾਈ ਬਾਰੇ ਸ਼ਾਇਦ ਹੋਰ ਵੱਧ ਕੁਝ ਕਹਿਣ ਦੀ ਲੋੜ ਨਹੀਂ ਰਹਿ ਜਾਂਦੀ।

ਇੱਥੇ ਇਸ ਲੇਖ ਦੀਆਂ ਸੀਮਾਵਾਂ ਨੂੰ ਵੇਖਦੇ ਹੋਏ, ਅਸੀਂ ਵਿਸਥਾਰਤ ਚਰਚਾ ਦੀ ਬਜਾਏ, ਨਿਚੋੜ ਦੇ ਤੌਰ 'ਤੇ ਉਪਰੋਕਤ ਮਸਲੇ 'ਤੇ ਸਿਰਫ਼ ਇੰਨਾਂ ਕਹਿਣਾ ਚਾਹੁੰਦੇ ਹਾਂ ਕਿ ਭਾਰਤ ਵਰਗੇ ਇੱਕ ਉੱਤਰ-ਬਸਤੀਵਾਦੀ, ਖੇਤੀ-ਪ੍ਰਧਾਨ ਸਮਾਜ 'ਚ (i) ਜੇਕਰ ਸਾਮਰਾਜਵਾਦ ਤੋਂ ਰੈਡੀਕਲ ਤੋੜ-ਵਿਛੋੜਾ ਨਹੀਂ ਹੋਇਆ ਅਤੇ (ii) ਜੇਕਰ ਪੂੰਜੀਵਾਦੀ ਭੂਮੀ ਸੁਧਾਰਾਂ ਨੂੰ ਰੈਡੀਕਲ ਢੰਗ ਨਾਲ਼ ਅੰਜਾਮ ਦੇਣ ਦੀ ਬਜਾਏ ਕ੍ਰਮਿਕ ਰੂਪਾਂਤਰਣ ਦਾ ਪ੍ਰਤਿਕਿਰਿਆਵਾਦੀ "ਪ੍ਰਸ਼ਿਆਈ ਮਾਰਗ" ਅਪਣਾਇਆ ਗਿਆ, ਤਾਂ ਇੱਥੇ ਪੂੰਜੀਵਾਦੀ ਜਮਹੂਰੀਅਤ ਦਾ ਦਾਇਰਾ ਆਪਣੇ ਜਨਮਕਾਲ ਤੋਂ ਹੀ ਸੁੰਗੜਿਆ ਹੋਇਆ ਹੋਣਾ ਹੀ ਸੀ। ਪੱਛਮੀ ਸਮਾਜਾਂ 'ਚ ਵੀ ਪੂੰਜੀਵਾਦੀ ਲੋਕਤੰਤਰ ਸਾਰਰੂਪ 'ਚ ਪੂੰਜੀਪਤੀ ਜਮਾਤ ਦੀ ਸਰਵਪੱਖੀ ਹੇਜੇਮਨੀ ਹੈ, ਪਰ (ਪੁਨਰਜਾਗਰਣ-ਗਿਆਨ ਉਦੈ-ਪੂੰਜੀਵਾਦੀ ਲੋਕਤੰਤਰਿਕ ਇਨਕਲਾਬ ਦੀ ਇਤਿਹਾਸਿਕ ਪ੍ਰਕ੍ਰਿਆ ਕਰਕੇ) ਉਹਨਾਂ ਸਮਾਜਾਂ ਦੇ ਸਮਾਜਿਕ ਤਾਣੇ-ਬਾਣੇ 'ਚ ਲੋਕਤੰਤਰਿਕ ਕਦਰਾਂ ਅਤੇ ਨਾਗਰਿਕਤਾ ਬੋਧ ਬਹੁਤ ਵੱਧ ਮੌਜੂਦ ਹੈ। ਨਾਲ਼ੇ, ਵਿਕਸਿਤ ਉਤਪਾਦਕ ਤਾਕਤਾਂ ਕਾਰਨ, ਉੱਥੋਂ ਦੇ ਬਹੁਗਿਣਤੀ ਲੁੱਟੇ-ਦਬੇ ਕਿਰਤੀਆਂ ਦੀ ਹਾਲਤ ਅਜਿਹੀ ਨਹੀਂ ਹੈ ਕਿ ਉਹ ਭੁੱਖਮਰੀ-ਅਰਧਭੁੱਖਮਰੀ ਦੇ ਸ਼ਿਕਾਰ ਹੋਣ, ਜਾਂ ਦਵਾ-ਇਲਾਜ ਦੀ ਕਮੀ 'ਚ ਮਰ ਜਾਂਦੇ ਹੋਣ। ਸਨਅਤੀ ਪ੍ਰਾਜੈਕਟਾਂ ਲਈ ਉਜਾੜੇ ਦੀ ਤਰਾਸਦੀ ਉੱਥੇ ਵੀ ਵਾਪਰਦੀ ਹੈ, ਪਰ ਉੱਥੇ ਵਿਸਥਾਪਿਤ ਲੋਕ ਬੇਘਰ-ਬੇਦਰ ਭਟਕਣ ਅਤੇ ਸੜਕਾਂ ਦੇ ਕਿਨਾਰੇ ਠੰਡ ਅਤੇ ਲੂ ਨਾਲ਼ ਮਰਨ ਲਈ ਛੱਡ ਨਹੀਂ ਦਿੱਤੇ ਜਾਂਦੇ। ਬੇਸ਼ਕ, ਨਵਉਦਾਰਵਾਦੀ ਦੌਰ 'ਚ, ਅਮਰੀਕਾ ਤੱਕ 'ਚ ਉਜੜਿਆਂ, ਬੇਘਰਾਂ ਅਤੇ ਪ੍ਰਵਾਸੀ ਮਜ਼ਦੂਰਾਂ ਦੀ ਦੁਰਦਸ਼ਾ 'ਚ ਤੇਜ਼ ਵਾਧਾ ਹੋ ਰਿਹਾ ਹੈ, ਪਰ ਫਿਰ ਵੀ ਭਾਰਤ ਜਿਹੇ ਦੇਸ਼ 'ਚ ਹੇਠਲੀ ਵਸੋਂ ਭੁੱਖਮਰੀ-ਅਰਧਭੁੱਖਮਰੀ ਅਤੇ ਵਿਸਥਾਪਿਤਾਂ ਦੇ ਨਿਰਦਈ ਨਰਕੀ ਜੀਵਨ ਨਾਲ਼ ਉਸਦੀ ਕੋਈ ਤੁਲਨਾ ਨਹੀਂ ਕੀਤੀ ਜਾ ਸਕਦੀ।

ਭਾਰਤੀ ਸੰਵਿਧਾਨ ਦੇ "ਪਵਿੱਤਰ ਗ੍ਰੰਥ" 'ਚ ਉੱਚ ਜਮਹੂਰੀ ਕਦਰਾਂ ਦੀ ਚਰਚਾ ਭਾਵੇਂ ਜਿੰਨੇ ਖ਼ੂਬਸੂਰਤ ਸ਼ਬਦਾਂ 'ਚ ਕੀਤੀ ਗਈ ਹੋਵੇ, ਭਾਰਤੀ ਸਮਾਜ ਦੇ ਸਮਾਜਿਕ-ਸਭਿਆਚਾਰਕ ਤਾਣੇ-ਬਾਣੇ 'ਚ ਮੌਜੂਦ ਗੈਰ-ਜਮਹੂਰੀ ਕਦਰਾਂ ਕਰਕੇ ਬਸਤੀਵਾਦੀ ਕਾਨੂੰਨੀ ਮਸ਼ੀਨਰੀ ਅਤੇ ਨਿਰਕੁੰਸ਼ ਬਸਤੀਵਾਦੀ ਨੌਕਰਸ਼ਾਹੀ ਅਤੇ ਪੁਲਿਸ ਮਸ਼ੀਨਰੀ ਕਰਕੇ ਅਤੇ ਰਸਮੀ ਵੋਟ ਦੇ ਹੱਕ ਅਤੇ ਧਨਬਲ-ਬਾਹੁਬਲ 'ਤੇ ਅਧਾਰਿਤ ਚੋਣ ਪ੍ਰਣਾਲੀ ਕਰਕੇ ਭ੍ਰਿਸ਼ਟ, ਨਿਰਕੁੰਸ਼ ਸਰਵਸੱਤਾਵਾਦੀ ਸਿਆਸੀ ਮਸ਼ੀਨਰੀ ਕਰਕੇ, ਆਮ ਲੋਕਾਂ ਦੇ ਰੋਜਮਰ੍ਹਾ ਦੇ ਜੀਵਨ 'ਚ ਜਮਹੂਰੀਅਤ ਦਾ ਸਰੂਪ ਵੱਧ ਤੋਂ ਵੱਧ ਸੁੰਗੜਦਾ ਰਿਹਾ ਹੈ। ਮਹੱਤਵਪੂਰਨ ਇਹ ਵੀ ਹੈ ਕਿ ਸੰਵਿਧਾਨ ਰਾਹੀਂ ਪ੍ਰਦਾਨ ਜਮਹੂਰੀਅਤ ਦੇ ਕਾਨੂੰਨ ਰਾਹੀਂ ਡਾਕੇ ਦੇ ਸਾਰੇ ਪ੍ਰਬੰਧ ਵੀ ਸੰਵਿਧਾਨ ਅੰਦਰ ਹੀ ਮੌਜੂਦ ਹਨ। ਐਮਰਜੈਂਸੀ ਸੰਵਿਧਾਨ ਨੂੰ ਮੁਲਤਵੀ ਕਰਕੇ ਨਹੀਂ ਸਗੋਂ ਉਸੇ ਮੁਤਾਬਿਕ ਲੱਗੀ ਸੀ। ਹਥਿਆਰਬੰਦ ਬਲ ਵਿਸ਼ੇਸ਼ ਤਾਕਤਾਂ ਕਾਨੂੰਨ, ਮੀਸਾ, ਰਾਸੁਕਾ, ਟਾਡਾ, ਪੋਟਾ, ਛੱਤੀਸਗੜ੍ਹ ਵਿਸ਼ੇਸ਼ ਸੁਰੱਖਿਆ ਕਾਨੂੰਨ ਆਦਿ ਦਰਜਨਾਂ ਕਾਲ਼ੇ ਕਾਨੂੰਨ ਸੰਵਿਧਾਨਕ ਤੌਰ-ਤਰੀਕਿਆਂ ਨਾਲ ਹੀ ਬਣਦੇ ਅਤੇ ਲਾਗੂ ਹੁੰਦੇ ਰਹੇ ਹਨ। ਗੌਰ ਕਰਨ ਵਾਲ਼ੀ ਗੱਲ ਇਹ ਵੀ ਹੈ ਕਿ ਰਾਜਸੱਤਾ ਸਿਰਫ਼ ਕਾਲ਼ੇ ਕਾਨੂੰਨਾਂ ਅਤੇ ਜ਼ਬਰ ਰਾਹੀਂ ਹੀ ਲੋਕਾਂ 'ਤੇ ਹਿੰਸਾ ਦਾ ਰਾਜ ਨਹੀਂ ਸਥਾਪਿਤ ਕਰਦੀ ਹੈ, ਸਗੋਂ ਉਸ ਰਾਹੀਂ ਢਾਂਚਾਗਤ ਹਿੰਸਾ ਦਾ ਅਦ੍ਰਿਸ਼ ਸਿਲਸਿਲਾ ਲਗਾਤਾਰ ਜ਼ਾਰੀ ਰਹਿੰਦਾ ਹੈ, ਜਿਸਦੇ ਸਭ ਤੋਂ ਵੱਧ ਸ਼ਿਕਾਰ ਸਮਾਜ ਦੇ ਆਰਥਿਕ ਰੂਪ ਤੋਂ ਕਮਜ਼ੋਰ ਤਬਕੇ ਹੁੰਦੇ ਹਨ, ਦਲਿਤ ਅਤੇ ਆਦਿਵਾਸੀ ਹੁੰਦੇ ਹਨ, ਧਾਰਮਿਕ ਘਟਗਿਣਤੀਆਂ ਦੀਆਂ ਹੇਠਲੀਆਂ ਪਰਤਾਂ ਹੁੰਦੀਆਂ ਹਨ ਅਤੇ ਔਰਤਾਂ ਹੁੰਦੀਆਂ ਹਨ। ਪਿਛੜੇ ਸਮਾਜਾਂ 'ਚ, ਜਿੱਥੇ ਉਤਪਾਦਕ ਤਾਕਤਾਂ ਦੇ ਵਿਕਾਸ ਦੀ ਪੱਧਰ ਮੁਕਾਬਲਤਨ ਨਿਮਨ ਹੈ, ਉੱਥੇ ਵਾਫ਼ਰ ਕਦਰ ਨਿਚੋੜਨ ਦਾ ਤਰਕ ਉਜ਼ਰਤੀ ਮਜ਼ਦੂਰਾਂ ਦੀ ਹੇਠਲੀ ਪਰਤ ਅਤੇ ਪੂੰਜੀਵਾਦੀ ਵਿਕਾਸ ਦੀ ਮੁੱਖ ਧਾਰਾ ਤੋਂ ਕਿਨਾਰੇ ਛੁੱਟ ਗਈ ਗ਼ਰੀਬ ਵਸੋਂ ਨੂੰ ਆਪਣੀ ਆਪਮੁਹਾਰੀ ਗਤੀ ਨਾਲ਼ ਭੁੱਖ ਅਤੇ ਕੁਪੋਸ਼ਣ ਦੇ ਭੰਵਰ 'ਚ ਧੱਕਦਾ ਰਹਿੰਦਾ ਹੈ। ਇਹ ਵੀ ਇੱਕ ਪ੍ਰਕਾਰ ਦੀ ਢਾਂਚਾਗਤ ਹਿੰਸਾ ਹੈ। ਪੂੰਜੀ ਆਪਣੀ ਆਪਮੁਹਾਰੀ ਗਤੀ ਨਾਲ਼ ਛੋਟੇ ਮਾਲਕ ਕਿਸਾਨਾਂ, ਆਦਿਵਾਸੀਆਂ, ਪਿੰਡਾਂ ਦੇ ਗ਼ਰੀਬਾਂ ਨੂੰ ਉਹਨਾਂ ਦੀ ਜਗ੍ਹਾਂ-ਜ਼ਮੀਨ ਤੋਂ ਉਜਾੜ ਕੇ ਦਰ-ਬਦਰ ਕਰਦੀ ਰਹਿੰਦੀ ਹੈ ਅਤੇ ਉਜਰਤੀ ਗੁਲਾਮਾਂ (ਵੇਜ ਸਲੇਵ) ਦੀਆਂ ਕਤਾਰਾਂ 'ਚ ਖੜੀ ਕਰਦੀ ਰਹਿੰਦੀ ਹੈ। ਪ੍ਰਵਾਸ ਦੀ ਇਹ ਲਗਾਤਾਰ ਜ਼ਾਰੀ ਪ੍ਰਕ੍ਰਿਆ ਵੀ ਸਾਰ 'ਚ ਕਹੋ ਤਾਂ ਉਜਾੜੇ (ਡਿਸਪਲੇਸਮੈਂਟ) ਦਾ ਹੀ ਇੱਕ ਰੂਪ ਹੈ ਅਤੇ ਇਹ ਇੱਕ ਪੂੰਜੀਵਾਦੀ ਢਾਂਚੇ ਰਾਹੀਂ ਅਰੁੱਕ ਜ਼ਾਰੀ ਢਾਂਚਾਗਤ ਹਿੰਸਾ ਦਾ ਹੀ ਇੱਕ ਰੂਪ ਹੈ। ਦੂਜਾ, ਖੁੱਲੇ ਤੌਰ 'ਤੇ ਹੋਣ ਵਾਲ਼ਾ ਵਿਸਥਾਪਨ ਹੈ। ਵੱਡੇ-ਡੈਮਾਂ, ਰਾਜਮਾਰਗਾਂ ਅਤੇ ਸਨਅਤੀ ਪ੍ਰਾਜੈਕਟਾਂ ਲਈ ਅਤੇ ਜੰਗਲਾਂ-ਪਹਾੜਾਂ ਤੋਂ ਖਣਿਜ ਸੰਪਤੀ ਦੀ ਲੁੱਟ ਲਈ ਉੱਥੇ ਦੀ ਵਸੋਂ ਦੀ ਬਲਪੂਰਵਕ ਜਾਂ ਮਜ਼ਬੂਰ ਕਰਕੇ ਉਜਾੜਨ ਦਾ ਅਤੇ ਹੰਝੂ ਪੂੰਝਣ ਦੇ ਨਾਂ 'ਤੇ ਕੁਝ ਰਕਮ ਥਮਾ ਦੇਣ ਦਾ ਸਿਲਸਿਲਾ ਬੀਤੇ

ਸੱਠ ਵਰ੍ਹਿਆਂ ਤੋਂ ਜ਼ਾਰੀ ਹੈ। ਮੁੜ ਵਸੇਬੇ ਦੇ ਵਾਅਦੇ ਕੀਤੇ ਗਏ ਹਨ, ਪਰ ਦਸ ਫ਼ੀਸਦੀ ਤੱਕ ਵੀ ਨਾਕਾਫ਼ੀ ਹੁੰਦਾ ਹੈ। ਇਹ ਵੀ ਪੂੰਜੀਵਾਦੀ ਵਿਕਾਸ ਦੀ ਪ੍ਰਕ੍ਰਿਆ 'ਚ ਲਾਜ਼ਮੀ ਤੌਰ 'ਤੇ ਨਿਹਿਤ ਢਾਂਚਾਗਤ ਹਿੰਸਾ ਹੈ, ਜਿਹੜੀ ਜਿਉਣ ਤੱਕ ਦੇ ਬੁਨਿਆਦੀ ਜਮਹੂਰੀ ਹੱਕ ਦੀ ਸੰਵਿਧਾਨਿਕ ਮੌਜੂਦਗੀ ਨੂੰ ਰਸਮੀ ਬਣਾ ਦਿੰਦੀ ਹੈ।

ਸੰਵਿਧਾਨ ਦਾ ਪ੍ਰਭਾਵ-ਵਿਹੂਣਾ ਹੋਣਾ ਅਤੇ ਬਸਤੀਵਾਦੀ ਕਾਨੂੰਨ-ਪ੍ਰਣਾਲੀ ਅਤੇ ਨੌਕਰਸ਼ਾਹੀ ਕਾਰਨ ਅਤੇ "ਦਿਖਾਉਣ ਦੇ ਦੰਦ" ਅਤੇ "ਬਹਿਸਬਾਜ਼ੀ ਦੇ ਅੱਡੇ" ਦੇ ਰੂਪ 'ਚ ਸੰਸਦ ਦੀ ਭੂਮਿਕਾ ਅਤੇ ਸਰਮਾਏਦਾਰਾਂ ਦੀ ਮੈਨੇਜਿੰਗ ਕਮੇਟੀ ਦੇ ਰੂਪ 'ਚ ਸਰਕਾਰ ਦੀ ਭੂਮਿਕਾ ਕਰਕੇ, ਢਾਂਚਾਗਤ ਹਿੰਸਾ ਦੀ ਉਪਰੋਕਤ ਪ੍ਰਕ੍ਰਿਆ ਦੇ ਲੋਕਤੰਤਰਿਕ ਟਾਕਰੇ ਦਾ ਬਦਲ ਜਦੋਂ ਲੋਕਾਂ ਕੋਲ਼ ਨਹੀਂ ਰਹਿ ਜਾਂਦਾ ਤਾਂ ਉਸਦਾ ਇੱਕ ਹਿੱਸਾ ਬਦਲ-ਵਿਹੂਣਾ ਹੋਣ ਕਰਕੇ ਅਤੇ ਨਿਰਾਸ਼ਾ ਦੀ ਹਾਲਤ 'ਚ ਟਾਕਰੇ ਦਾ ਦਹਿਸ਼ਤਗਰਦ ਰਾਹ ਅਪਣਾਉਂਦਾ ਹੈ, ਜਿਸਨੂੰ ਕੁਚਲਣ ਦੇ ਨਾਂ 'ਤੇ ਰਾਜਸੱਤਾ ਫਿਰ ਖੁੱਲੀ ਹਿੰਸਾ ਦਾ ਸਹਾਰਾ ਲੈਂਦੀ ਹੈ ਅਤੇ ਬਰਬਰ ਜ਼ਬਰ ਦਾ ਤਾਂਡਵ ਰਚਦੇ ਹੋਏ ਸਮੁੱਚੇ ਲੋਕਾਂ ਵਿਰੁੱਧ ਹੀ ਇੱਕ ਹਿੰਸਾ ਦੀ ਅਣਐਲਾਨੀ ਜੰਗ ਛੇੜ ਦਿੰਦੀ ਹੈ। ਅਜਿਹੀ ਹਾਲਤ 'ਚ ਸਰਕਾਰ ਲਈ ਇਹ ਅਸਾਨ ਹੋ ਜਾਂਦਾ ਹੈ ਕਿ ਉਹ ਲੋਕ ਹੱਕਾਂ ਲਈ ਜ਼ਾਰੀ ਲੋਕ ਲਹਿਰਾਂ, ਮਜ਼ਦੂਰ ਲਹਿਰਾਂ, ਅਤੇ ਨਾਗਰਿਕ ਜਥੇਬੰਦੀਆਂ 'ਤੇ ਵੀ ਦਹਿਸ਼ਤਗ਼ਦੀ ਦਾ ਲੇਬਲ ਚਿਪਕਾ ਦੇਵੇ ਅਤੇ ਹਰ ਤਰ੍ਹਾਂ ਦੇ ਨਾਗਰਿਕ ਟਾਕਰੇ ਨੂੰ ਕੁਚਲ ਕੇ ਸਰਵਸੱਤਾਵਾਦੀ ਢਾਂਚਾ ਕਾਇਮ ਕਰ ਦੇਵੇ। ਅਜਿਹੀ ਹਾਲਤ 'ਚ, ਕਿਰਤੀਆਂ ਤੋਂ ਵਾਫ਼ਰ ਕਦਰ ਨਿਚੋੜਨਾ ਅਤੇ ਖਣਿਜ ਸੰਪਤੀ ਦੀ ਲੁੱਟ ਅਤੇ ਸਨਅਤੀ ਪ੍ਰਾਜੈਕਟਾਂ ਲਈ ਲੋਕਾਂ ਨੂੰ ਉਜਾੜਦੇ ਜਾਣਾ ਹੋਰ ਵੱਧ ਅਸਾਨ ਹੋ ਜਾਂਦਾ ਹੈ। ਅੱਜ ਮਨਮੋਹਨ ਸਿੰਘ, ਚਿਦੰਬਰਮ ਦੀ ਸਰਕਾਰ ਇਸੇ ਰਾਹ 'ਤੇ ਅੱਗੇ ਵੱਧ ਰਹੀ ਹੈ ਅਤੇ ਇਹਨਾਂ ਬੁਨਿਆਦੀ ਨੀਤੀਗਤ ਮਸਲਿਆਂ 'ਤੇ, ਰਮਨ ਸਿੰਘ ਅਤੇ ਬੁੱਧਦੇਵ ਭੱਟਾਚਾਰਿਆ ਹੋਣ ਜਾਂ ਨੀਤੀਸ਼ ਕੁਮਾਰ, ਮਾਇਆਵਤੀ ਜਾਂ ਕਿਸੇ ਵੀ ਰਾਜ ਦਾ ਕੋਈ ਵੀ ਮੁੱਖ ਮੰਤਰੀ ਹੋਵੇ, ਸਭ ਆਮ ਸਹਿਮਤੀ ਰੱਖਦੇ ਹਨ। ਸਵਾਲ ਸਿਰਫ਼ 'ਆਪਰੇਸ਼ਨ ਗਰੀਨ ਹੰਟ' ਜਾਂ ਸਲਵਾ ਜੁਡੂਮ ਜਾਂ ਮਾਓਵਾਦ/ਨਕਸਲਵਾਦ ਨੂੰ ਕੁਚਲਣ ਦੀ ਮੌਜੂਦਾ ਮੁਹਿੰਮ ਦਾ ਹੀ ਨਹੀਂ ਹੈ। ਬੁਨਿਆਦੀ ਮੁੱਦਾ ਇਹ ਹੈ ਕਿ ਨਵਉਦਾਰਵਾਦੀ ਨੀਤੀਆਂ 'ਤੇ ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਦੀ ਆਮ ਸਹਿਮਤੀ ਹੈ, ਜਿਨ੍ਹਾਂ ਨੀਤੀਆਂ ਦੇ ਸਿੱਟੇ ਵਜੋਂ ਬੀਤੇ ਦੋ ਦਹਾਕਿਆਂ ਦੌਰਾਨ ਪਿੰਡਾਂ-ਸ਼ਹਿਰਾਂ ਦੇ ਸਾਰੇ ਕਿਰਤੀਆਂ ਤੋਂ ਬਚੀਆਂ-ਖੁਚੀਆਂ ਸਮਾਜਿਕ ਸੁਰੱਖਿਆਵਾਂ ਵੀ ਖੋਹ ਲਈਆਂ ਗਈਆਂ ਹਨ, ਕਿਰਤ ਕਾਨੂੰਨਾਂ ਦਾ ਕੋਈ ਮਤਲਬ ਨਹੀਂ ਰਹਿ ਗਿਆ ਹੈ, ਸਰਬਜਨਿਕ ਸੇਵਾਵਾਂ ਦੇ ਢਾਂਚੇ ਨੂੰ ਤੋੜ ਕੇ ਉਸਨੂੰ ਮੰਡੀ ਦੀਆਂ ਤਾਕਤਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ, 'ਸੇਜ਼' ਬਣਾਉਣ ਲਈ ਅਤੇ ਸਾਰੇ ਪ੍ਰਾਜੈਕਟਾਂ ਲਈ ਉਜਾੜੇ ਦਾ ਸਿਲਸਿਲਾ ਬਰਬਰ, ਬੇਲਗਾਮ ਅਤੇ ਤੇਜ਼ ਕਰ ਦਿੱਤਾ ਗਿਆ ਹੈ ਅਤੇ ਖਣਿਜਾਂ ਦੀ ਵਰਤੋਂ ਲਈ ਜੰਗਲਾਂ-ਪਹਾੜਾਂ ਨੂੰ ਜਿੰਦਲ-ਮਿੱਤਲ-ਬਿਰਲਾ-ਟਾਟਾ-ਪਾਸਕੋ ਆਦਿ ਨੂੰ ਸੌਂਪਣ ਲਈ ਉੱਥੇ ਮੂਲ ਨਿਵਾਸੀਆਂ ਨੂੰ ਉਸੇ ਤਰ੍ਹਾਂ ਉਜਾੜਿਆ ਜਾ ਰਿਹਾ ਹੈ, ਜਿਸ ਤਰ੍ਹਾਂ ਸਪੇਨੀਆਂ ਨੇ ਅਤੇ ਫਿਰ ਹੋਰ ਯੂਰਪੀਆਂ ਨੇ ਅਮਰੀਕਾ ਦੇ ਮੂਲ ਨਿਵਾਸੀਆਂ ਨੂੰ ਉਜਾੜਿਆ ਸੀ। ਇਸ ਪ੍ਰਕ੍ਰਿਆ ਦੇ ਸਿੱਟੇ ਵਜੋਂ ਉਜਾੜੇ, ਭੁੱਖਮਰੀ, ਅਰਧਭੁੱਖਮਰੀ, ਦਵਾ-ਇਲਾਜ ਦੀ ਕਮੀ 'ਚ ਮੌਤਾਂ ਅਤੇ ਕੁਪੋਸ਼ਣ ਅਤੇ ਬੁਰੀਆਂ ਹਾਲਤਾਂ 'ਚ ਹੱਡਭੰਨਵੀਂ ਮਿਹਨਤ ਕਰਨ ਨਾਲ਼ ਹੋਣ ਵਾਲ਼ੀਆਂ ਬਿਮਾਰੀਆਂ ਦੇ ਰੂਪ 'ਚ ਨਵਉਦਾਰਵਾਦ ਨੇ ਰਾਜਸੱਤਾ ਦੀ ਢਾਂਚਾਗਤ ਹਿੰਸਾ ਅਤੇ ਪੂੰਜੀਵਾਦੀ ਲੋਕਤੰਤਰ ਦੀਆਂ ਹੱਦਾਂ-ਸੁੰਗੜਨ ਨੂੰ ਪ੍ਰਕ੍ਰਿਆ ਦੀ ਅਣਕਿਆਸੀ ਗਤੀ ਨਾਲ਼ ਤੇਜ਼ ਕਰ ਦਿੱਤਾ ਹੈ। ਸਿਰਫ਼ ਕੁਝ ਨੁਮਾਇੰਦਾ ਤੱਥਾਂ ਅਤੇ ਅੰਕੜਿਆਂ ਤੋਂ ਹੀ ਤਸਵੀਰ ਕਾਫ਼ੀ ਸਾਫ਼ ਹੋ ਜਾਂਦੀ ਹੈ।

ਭਾਰਤ 'ਚ "ਗਰੀਬੀ" ਦੀ ਸਰਕਾਰੀ ਪਰਿਭਾਸ਼ਾ ਅਨੁਸਾਰ, ਜੇਕਰ ਕਿਸੇ ਪੇਂਡੂ ਵਿਅਕਤੀ ਨੂੰ ਪ੍ਰਤੀਦਿਨ 2400 ਕੈਲੋਰੀ ਤੋਂ ਘੱਟ ਮਿਲਦਾ ਹੈ ਤਾਂ ਉਹ ਗ਼ਰੀਬ ਹੈ। ਗ਼ੌਰਕਰਨ ਯੋਗ ਹੈ ਕਿ 1993-94 ਤੋਂ 2004-2005 ਦਰਮਿਆਨ ਪਿੰਡਾਂ 'ਚ ਅਜਿਹੀ ਗ਼ਰੀਬ ਵਸੋਂ ਦਾ ਅਨੁਪਾਤ 74.5 ਫੀਸਦੀ ਤੋਂ ਵੱਧ ਕੇ 87 ਫੀਸਦੀ ਹੋ ਗਿਆ। ਇਸੇ ਤਰ੍ਹਾਂ, ਸ਼ਹਿਰੀ ਵਸੋਂ 'ਚ ਨਿਤ ਦਿਨ 2100 ਕੈਲੋਰੀ ਤੋਂ ਘੱਟ 'ਤੇ ਜੀਣ ਵਾਲ਼ਿਆਂ ਦਾ ਅਨੁਪਾਤ 57 ਫੀਸਦੀ ਤੋਂ ਵੱਧ ਕੇ 64.5 ਫੀਸਦੀ ਹੋ ਗਿਆ। (ਉਤਸਾ ਪਟਨਾਇਕ: 'ਨਿਓ ਲਿਬਰਲਿਜ਼ਮ ਐਂਡ ਰੂਰਲ ਪਾਵਰਟੀ ਇਨ ਇੰਡੀਆ', ਈ.ਪੀ.ਡਬਲਿਊ, 28 ਜੁਲਾਈ, 2007)। ਯੂਨੀਸੇਫ਼ ਦੀ ਇੱਕ ਰਿਪੋਰਟ ('ਦਿ ਸਟੇਟ ਆਫ਼ ਵਰਲਡਸ ਚਿਲਡਰਨ 2009') ਅਨੁਸਾਰ, ਭਾਰਤ 'ਚ ਬੱਚਿਆਂ 'ਚ ਕੁਪੋਸ਼ਣ ਦੀ ਦਰ ਦੁਨੀਆ 'ਚ ਸਭ ਤੋਂ ਵੱਧ ਹੈ, ਇੱਥੋਂ ਤੱਕ ਕਿ ਸਬ-ਸਹਾਰਾ ਅਫ਼ਰੀਕਾ ਦੇ ਦੇਸ਼ਾਂ ਤੋਂ ਵੀ ਉੱਪਰ ਹੈ। ਭਾਰਤੀ ਪਿੰਡਾਂ ਦੇ ਬੱਚੇ ਸ਼ਹਿਰੀ ਬੱਚਿਆਂ ਦੇ ਮੁਕਾਬਲੇ ਦੁਗਣੇ 'ਅੰਡਰਵੇਟ' ਹਨ। ਸਯੁੰਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ, ਭਾਰਤ 'ਚ ਪੰਜ ਵਰ੍ਹੇ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦਰ ਚੀਨ ਦੇ ਮੁਕਾਬਲੇ ਤਿੰਨ ਗੁਣਾ, ਸ਼੍ਰੀਲੰਕਾ ਦੇ ਮੁਕਾਬਲੇ 6 ਗੁਣਾ ਅਤੇ ਇੱਥੋਂ ਤੱਕ ਕਿ ਬੰਗਲਾਦੇਸ਼ ਅਤੇ ਨੇਪਾਲ ਤੋਂ ਵੀ ਜ਼ਿਆਦਾ ਹੈ। ਅੱਧੇ ਭਾਰਤੀ ਬੱਚੇ ਕੁਪੋਸ਼ਣ ਨਾਲ਼ ਗ੍ਰਸਤ ਅਤੇ ਲੋੜ ਤੋਂ ਘੱਟ ਵਜ਼ਨ ਵਾਲ਼ੇ ਹਨ। 60 ਫ਼ੀਸਦੀ ਬੱਚਿਆਂ 'ਚ ਅਤੇ 74 ਫ਼ੀਸਦੀ ਬੱਚਿਆਂ ਨਵਜਾਤਾਂ 'ਚ ਲਹੂ ਦੀ ਕਮੀ ਹੁੰਦੀ ਹੈ। ਨਿਤਦਿਨ ਲਗਭਗ 9 ਹਜ਼ਾਰ ਬੱਚੇ ਭੁੱਖ, ਕੁਪੋਸ਼ਣ ਅਤੇ ਕੁਪੋਸ਼ਣ ਨਾਲ਼ ਹੋਣ ਵਾਲ਼ੀਆਂ ਬਿਮਾਰੀਆਂ ਨਾਲ਼ ਮਰ ਜਾਂਦੇ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਮੌਤ ਦੇ 50 ਫ਼ੀਸਦੀ ਮਾਮਲਿਆਂ ਦਾ ਕਾਰਨ ਕੁਪੋਸ਼ਣ ਹੁੰਦਾ ਹੈ। ਪੰਜ ਵਰ੍ਹੇ ਤੋਂ ਘੱਟ ਉਮਰ ਦੇ ਪੰਜ ਕਰੋੜ ਭਾਰਤੀ ਬੱਚੇ ਗੰਭੀਰ ਕੁਪੋਸ਼ਣ ਦੇ ਸ਼ਿਕਾਰ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਦੇ ਅਨੁਸਾਰ, 63 ਫ਼ੀਸਦੀ ਭਾਰਤੀ ਬੱਚੇ ਆਮ ਤੌਰ 'ਤੇ ਭੁੱਖੇ ਮਰਦੇ ਹਨ ਅਤੇ 60 ਫ਼ੀਸਦੀ ਕੁਪੋਸ਼ਿਤ ਹੁੰਦੇ ਹਨ। 23

ਫ਼ੀਸਦੀ ਬੱਚੇ ਜਨਮ ਤੋਂ ਕਮਜ਼ੋਰ ਅਤੇ ਬਿਮਾਰ ਹੁੰਦੇ ਹਨ ਅਤੇ 1000 ਨਵਜਾਤ ਸ਼ਿਸ਼ੂਆਂ 'ਚ 60 ਇੱਕ ਵਰ੍ਹੇ ਅੰਦਰ ਮਰ ਜਾਂਦੇ ਹਨ। ਸਲਾਨਾ 8-9 ਫੀਸਦੀ ਦੀ ਵਿਕਾਸ ਦਰ ਦੇ ਛੜੱਪੇ ਮਾਰ ਰਹੇ ਅਰਥਚਾਰੇ ਦੀ ਦੂਜੀ ਤਸਵੀਰ ਇਹ ਹੈ ਕਿ 2007 'ਚ ਸੰਯੁਕਤ ਰਾਸ਼ਟਰ ਮਾਨਵ ਵਿਕਾਸ ਸੂਚਕ ਅੰਕ ਅਨੁਸਾਰ, ਭਾਰਤ 124ਵੀਂ ਤੋਂ ਖਿਸਕ ਕੇ 127ਵੀਂ ਜਗਾਂ 'ਤੇ ਆ ਗਿਆ। ਕੌਮਾਂਤਰੀ ਅੰਨਨੀਤੀ ਖੋਜ ਸੰਸਥਾਨ ਦੀ 2007 ਦੀ ਰਿਪੋਰਟ ਅਨੁਸਾਰ, ਭੁੱਖਮਰੀ ਦੀ ਦ੍ਰਿਸ਼ਟੀ ਤੋਂ ਦੁਨੀਆ ਦੇ 118 ਦੇਸ਼ਾਂ 'ਚ ਭਾਰਤ ਦੀ ਜਗ੍ਹਾਂ 94ਵੀਂ ਸੀ ਜਦੋਂ ਕਿ ਪਾਕਿਸਤਾਨ ਦੀ 88ਵੀਂ ਅਤੇ ਚੀਨ ਦੀ 47 ਵੀਂ। ਕੌਮਾਂਤਰੀ ਅੰਨਨੀਤੀ ਸੋਧ ਸੰਸਥਾਨ ਅਤੇ ਕੈਲੇਫੋਰਨੀਆ ਯੂਨੀਵਰਸਿਟੀ ਰਾਹੀਂ ਤਿਆਰ ਕੀਤੇ ਗਏ 'ਸੰਸਾਰ ਭੁੱਖ ਸੂਚਕਅੰਕ' (ਗਲੋਬਲ ਹੰਗਰ ਇੰਡੈਕਸ) 2008 ਅਨੁਸਾਰ, ਦੁਨੀਆ ਦੇ 88 ਦੇਸ਼ਾਂ 'ਚ ਭਾਰਤ 66 ਵੀਂ ਜਗ੍ਹਾ 'ਤੇ ਹੈ। ਅਫ਼ਰੀਕੀ ਦੇਸ਼ ਅਤੇ ਬੰਗਲਾਦੇਸ਼ ਨੂੰ ਛੱਡ ਕੇ ਸਭ ਤੋਂ ਵੱਧ ਭੁੱਖੇ ਲੋਕ ਭਾਰਤ 'ਚ ਰਹਿੰਦੇ ਹਨ। ਸੰਯੁਕਤ ਰਾਸ਼ਟਰ ਦੇ ਅੰਨ ਅਤੇ ਖੇਤੀ ਜਥੇਬੰਦੀ ਦੀ ਰਿਪੋਰਟ ਅਨੁਸਾਰ ਪੂਰੀ ਦੁਨੀਆ 'ਚ 85 ਕਰੋੜ 50 ਲੱਖ ਲੋਕ ਭੁਖਮਰੀ, ਕੁਪੋਸ਼ਣ ਜਾਂ ਅਲਪਪੋਸ਼ਣ ਦੇ ਸ਼ਿਕਾਰ ਹਨ। ਇਹਨਾਂ 'ਚ 35 ਕਰੋੜ ਵਸੋਂ ਸਿਰਫ਼ ਭਾਰਤੀਆਂ ਦੀ ਹੈ। ਸੰਯੁਕਤ ਰਾਸ਼ਟਰਸੰਘ ਦੀ ਇੱਕ ਹੋਰ ਰਿਪੋਰਟ ਅਨੁਸਾਰ, ਭਾਰਤ 'ਚ 1991 'ਚ ਪ੍ਰਤੀਵਿਅਕਤੀ ਔਸਤ ਅੰਨ ਮੌਜੂਦਗੀ 580 ਗ੍ਰਾਮ ਸੀ ਜਿਹੜੀ 2007 'ਚ ਘੱਟ ਕੇ 445 ਗ੍ਰਾਮ ਰਹਿ ਗਈ। ਗੌਰਤਲਬ ਹੈ ਕਿ ਇਸ ਵਕਫ਼ੇ ਦੌਰਾਨ ਸਮਾਜ ਦੇ ਅਮੀਰ ਅਤੇ ਖਾਂਦੇ ਪੀਂਦੇ ਤਬਕਿਆਂ ਨੇ ਖਾਣ-ਪੀਣ 'ਤੇ ਆਪਣਾ ਖਰਚ ਕਾਫ਼ੀ ਵਧਾਇਆ ਹੈ। ਯਾਣੀ ਇਸ ਵਕਫ਼ੇ 'ਚ ਗ਼ਰੀਬ ਦੇ ਭੋਜਨ 'ਚ ਦਰਸਾਈ ਗਈ ਔਸਤ ਕਟੌਤੀ ਤੋਂ ਕਿਤੇ ਵੱਧ ਕਟੌਤੀ ਹੋਈ ਹੈ। ਉਸੇ ਰਿਪੋਰਟ ਅਨੁਸਾਰ, ਉਦਾਰੀਕਰਨ ਦੇ ਦੋ ਦਹਾਕਿਆਂ ਦੌਰਾਨ ਭਾਰਤ ਦੇ ਗ਼ਰੀਬਾਂ ਦੀ ਪ੍ਰਤੀਵਿਅਕਤੀ ਕੈਲੋਰੀ ਖਪਤ 'ਚ ਵੀ ਕਾਫ਼ੀ ਕਮੀ ਆਈ ਹੈ। ਵਿਕਸਿਤ ਦੇਸ਼ਾਂ ਦੇ ਲੋਕ ਔਸਤਨ ਆਪਣੀ ਕੁਲ ਆਮਦਨੀ ਦਾ 10 ਤੋਂ 20 ਫ਼ੀਸਦੀ ਭੋਜਨ 'ਤੇ ਖਰਚ ਕਰਦੇ ਹਨ, ਜਦੋਂ ਕਿ ਭਾਰਤ ਦੇ ਲੋਕ ਆਪਣੀ ਕੁੱਲ ਕਮਾਈ ਦਾ ਔਸਤਨ 55 ਫ਼ੀਸਦੀ ਭੋਜਨ 'ਤੇ ਖਰਚ ਕਰਦੇ ਹਨ। ਪਰ ਘੱਟ ਆਮਦਨ ਵਾਲ਼ੀ ਜਮਾਤ ਦੇ ਭਾਰਤੀ ਨਾਗਰਿਕ ਆਪਣੀ ਆਮਦਨ ਦਾ 70 ਫੀਸਦੀ ਭਾਗ ਭੋਜਨ 'ਤੇ ਖਰਚ ਕਰਦੇ ਹਨ ਅਤੇ ਫਿਰ ਵੀ ਉਹਨਾਂ ਨੂੰ ਦੋ ਵੇਲੇ ਨਾ ਤਾਂ ਢਿੱਡ ਭਰਕੇ ਭੋਜਨ ਮਿਲਦਾ ਹੈ, ਨਾ ਹੀ ਪੋਸ਼ਣਯੁਕਤ ਭੋਜਨ। ਇੱਕ ਆਦਮੀ ਨੂੰ ਔਸਤਨ ਨਿਤਦਿਨ 50 ਗ੍ਰਾਮ ਦਾਲ਼ ਦੀ ਲੋੜ ਹੁੰਦੀ ਹੈ, ਪਰ ਭਾਰਤ ਦੀ ਹੇਠਲੀ 30 ਫੀਸਦੀ ਵਸੋਂ ਨੂੰ ਔਸਤਨ 13 ਗ੍ਰਾਮ ਹੀ ਨਸੀਬ ਹੋ ਪਾਉਂਦੀ ਹੈ। ਅੱਜ ਤੋਂ 50 ਵਰ੍ਹਿਆਂ ਪਹਿਲਾਂ ਪੰਜ ਵਿਅਕਤੀਆਂ ਦਾ ਪਰਿਵਾਰ ਇੱਕ ਸਾਲ 'ਚ ਔਸਤਨ ਜਿੰਨਾਂ ਅਨਾਜ ਖਾਂਦਾ ਸੀ, ਅੱਜ ਉਸ ਤੋਂ 200 ਕਿਲੋਗ੍ਰਾਮ ਘੱਟ ਖਾਂਦਾ ਹੈ। ਇਹ ਪੂਰੀ ਵਸੋਂ ਦਾ ਔਸਤ ਹੈ, ਯਾਣੀ ਗ਼ਰੀਬਾਂ 'ਚ ਅੰਨ ਖਪਤ ਇਸ ਤੋਂ ਵੀ ਘੱਟ ਹੋਈ ਹੈ। ਕੌਮੀ ਨਮੂਨਾ ਸਰਵੇਖਣ ਅਨੁਸਾਰ, ਪੇਂਡੂ ਭਾਰਤ 'ਚ ਨਿਤ ਦਿਨ ਔਸਤਨ ਖਪਤ ਮਹਿਜ਼ 19 ਰੁਪਏ ਅਤੇ ਸ਼ਹਿਰੀ ਭਾਰਤ 'ਚ 30 ਰੁਪਏ ਹੈ। ਪਿੰਡਾਂ ਦੀ 10 ਫੀਸਦੀ ਵਸੋਂ 9 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰਦੀ ਹੈ। 'ਨੈਸ਼ਨਲ ਕਮੀਸ਼ਨ ਫਾਰ ਇੰਟਰਪ੍ਰਾਇਜ਼ਜ਼ ਇਨ ਦੀ ਅਨਆਰਗੇਨਾਇਜ਼ਡ ਸੈਕਟਰ' ਦੀ ਰਿਪੋਰਟ ਦੇ ਅਨੁਸਾਰ, 2004-2005 'ਚ ਕਰੀਬ 84 ਕਰੋੜ ਲੋਕ (ਯਾਣੀ ਵਸੋਂ ਦਾ 77 ਫ਼ੀਸਦੀ ਹਿੱਸਾ) ਰੋਜ਼ਾਨਾ 20 ਰੁਪਏ ਤੋਂ ਵੀ ਘੱਟ 'ਤੇ ਗੁਜ਼ਾਰਾ ਕਰ ਰਹੇ ਸਨ। ਇਹਨਾਂ 'ਚ 22 ਫ਼ੀਸਦੀ ਲੋਕ ਰੋਜ਼ਾਨਾ 11.60 ਰੁਪਏ ਦੀ ਆਮਦਨੀ 'ਤੇ, 19 ਫ਼ੀਸਦੀ ਲੋਕ ਰੋਜ਼ਾਨਾ 11.60 ਤੋਂ 15 ਰੁਪਏ ਦਰਮਿਆਨ ਦੀ ਆਮਦਨੀ 'ਤੇ ਅਤੇ 36 ਫ਼ੀਸਦੀ ਲੋਕ ਰੋਜ਼ਾਨਾ 15 ਰੁਪਏ ਤੋਂ 20 ਰੁਪਏ ਦਰਮਿਆਨ ਦੀ ਆਮਦਨੀ 'ਤੇ ਗੁਜ਼ਾਰਾ ਕਰ ਰਹੇ ਸਨ।

ਹੁਣ ਮਨਮੋਹਨ ਸਿੰਘ ਵੀ ਅੰਨ ਸੰਕਟ ਦੀ ਅਸਲੀਅਤ ਨੂੰ ਸਵੀਕਾਰ ਕਰ ਰਹੇ ਹਨ। ਇਸ ਸੰਕਟ ਅਤੇ ਇਸ ਨਾਲ਼ ਪੈਦਾ ਹੋਈ ਭੁੱਖ ਦੇ ਭਿਆਨਕ ਦ੍ਰਿਸ਼ ਦੀ ਬੁਨਿਆਦੀ ਵਜ੍ਹਾ ਨਵਉਦਾਰਵਾਦੀ ਆਰਥਿਕ ਨੀਤੀਆਂ ਰਹੀਆਂ ਹਨ। ਇਸ ਸਮੇਂ ਸਰਮਾਏਦਾਰਾਂ ਨੂੰ ਕੌਡੀਆਂ ਦੇ ਭਾਅ 'ਤੇ ਜ਼ਮੀਨ ਸੌਂਪਣ ਲਈ ਜਿਹੜੇ 'ਵਿਸ਼ੇਸ਼ ਆਰਥਿਕ ਖੇਤਰ' (ਸੇਜ਼) ਬਣਾਏ ਜਾ ਰਹੇ ਹਨ (63 ਸੇਜ਼ ਪ੍ਰਵਾਨਿਤ ਅਤੇ ਨੋਟੀਫ਼ਾਇਡ ਹਨ, 171 ਪ੍ਰਵਾਨਿਤ ਹਨ, 162 ਸਿਧਾਂਤਕ ਤੌਰ 'ਤੇ ਪ੍ਰਵਾਨਿਤ ਹਨ ਅਤੇ 222 ਅਰਜ਼ੀਆਂ ਵਿਚਾਰਧੀਨ ਹਨ), ਉਹਨਾਂ 'ਚ 1 ਪ੍ਰਤੀਸ਼ਤ ਖੇਤੀ ਯੋਗ ਜਮੀਨ ਖਪ ਚੁੱਕੀ ਹੈ। ਹੋਰ ਸਨਅਤੀ ਖੇਤਰਾਂ, ਕਈ ਲੈਣ ਵਾਲ਼ੇ ਰਾਜਮਾਰਗਾਂ ਅਤੇ ਰਿਹਾਇਸ਼ੀ ਯੋਜਨਾਵਾਂ ਦੇ ਭਾਰੀ ਵਿਸਥਾਰ ਨੂੰ ਅਸੀਂ ਇਸ 'ਚ ਨਹੀਂ ਜੋੜ ਰਹੇ ਹਾਂ। ਇਸ 'ਚ ਜ਼ਿਆਦਾਤਰ ਵਿਕਾਸ ਕਾਰਜ ਸਮਾਜਉਪਯੋਗੀ ਨਾ ਹੋ ਕੇ ਅਤਿਅਮੀਰ ਕੁਲੀਨ ਤਬਕਿਆਂ ਦੇ ਭੋਗ-ਵਿਲਾਸ ਲਈ ਹਨ। ਇਹਨਾਂ ਲਈ ਉਜਾੜੇ ਗਏ ਲੋਕਾਂ ਦੀ ਚਰਚਾ ਫ਼ਿਲਹਾਲ ਛੱਡ ਕੇ, ਅਸੀਂ ਇੱਥੇ ਖੇਤੀ ਯੋਗ ਭੂਮੀ 'ਚ ਹੋਣ ਵਾਲ਼ੀਆਂ ਕਮੀਆਂ ਦੀ ਗੱਲ ਕਰ ਰਹੇ ਹਾਂ। ਬਾਕੀ ਬਚੀ ਭੂਮੀ ਦੇ ਵੱਡੇ ਹਿੱਸੇ 'ਤੇ ਵੱਡੇ ਕੁਲਕ ਅਤੇ ਐਗਰੀਬਿਜ਼ੀਨੈਸ ਕਰਨ ਵਾਲ਼ੀਆਂ ਬਹੁਕੌਮੀ ਕੰਪਨੀਆਂ (ਕਾਂਟ੍ਰੈਕਟ ਫ਼ਾਰਮਿੰਗ ਜ਼ਰੀਏ) ਪ੍ਰੋਸੈਸਡ ਫੂਡ ਦੇ ਸੰਸਾਰ ਮੰਡੀ ਲਈ ਟਮਾਟਰ, ਮਾਲਟਾ ਆਦਿ ਪੈਦਾ ਕਰ ਰਹੀਆਂ ਹਨ, ਆਰਗੇਨਿਕ ਖੇਤੀ ਕਰ ਰਹੀਆਂ ਹਨ ਅਤੇ ਜਟ੍ਰੋਫ਼ਾ ਆਦਿ ਜੈਵਿਕ-ਈਂਧਨ ਪੈਦਾ ਕਰ ਰਹੀਆਂ ਹਨ। ਇਹ ਪ੍ਰਵਿਰਤੀ ਬਹੁਤ ਤੇਜ਼ੀ ਨਾਲ਼ ਵੱਧ ਰਹੀ ਹੈ। ਜਿਹੜਾ ਅਨਾਜ ਪੈਦਾ ਹੁੰਦਾ ਹੈ, ਉਹ ਸਰਵਜਨਿਕ ਵੰਡ ਪ੍ਰਣਾਲੀ ਦੇ ਲਗਾਤਾਰ ਟੁੱਟਦੇ ਜਾਣ ਕਾਰਨ ਅਤੇ ਭ੍ਰਿਸ਼ਟਾਚਾਰ ਕਰਕੇ ਗ਼ਰੀਬਾਂ ਤੱਕ ਉਹਨਾਂ ਦੀ ਪਹੁੰਚ ਦੀਆਂ ਕੀਮਤਾਂ 'ਤੇ ਨਹੀਂ ਪਹੁੰਚਦਾ। ਖੁੱਲੀ ਮੰਡੀ ਦੀਆਂ ਨੀਤੀਆਂ ਕਾਰਨ ਜਮਾਂਖੋਰੀ ਅਤੇ ਕਦਰ-ਕੰਟਰੋਲ ਦੇ ਕਿਸੇ ਵੀ ਮੇਕੇਨਿਜ਼ਮ ਦੀ ਗੈਰਮੌਜੂਦਗੀ ਕਰਕੇ ਪਿਛਲੇ ਕਈ ਵਰ੍ਹਿਆਂ ਤੋਂ ਬੁਨਿਆਦੀ ਲੋੜਾਂ ਵਾਲ਼ੀਆਂ ਖਪਤਕਾਰ ਸਮੱਗਰੀਆਂ ਦੀ ਮਹਿੰਗਾਈ ਲਗਾਤਾਰ ਨਵੇਂ ਰਿਕਾਰਡ ਬਣਾ ਰਹੀ ਹੈ।

ਨਵਉਦਾਰਵਾਦੀ ਦੌਰ ਨੇ ਮਜ਼ਦੂਰਾਂ ਦੀ ਹਰ ਤਰ੍ਹਾਂ ਦੀ

ਰੁਜ਼ਗਾਰ-ਸੁਰੱਖਿਆ ਅਤੇ ਸਮਾਜਿਕ ਸੁਰੱਖਿਆ ਨੂੰ ਲਗਭਗ ਪੂਰੀ ਤਰ੍ਹਾਂ ਨਾਲ ਪ੍ਰਭਾਵ-ਵਿਹੂਣੀ ਅਤੇ ਰਸਮੀ ਤਾਂ ਬਣਾਇਆ ਹੀ ਹੈ, ਅਸਲੀ ਉਜ਼ਰਤ 'ਚ ਵੀ ਵੱਡੀ ਗਿਰਾਵਟ ਆਈ ਹੈ। ਪਿਛਲੇ 20 ਵਰ੍ਹਿਆਂ 'ਚ ਕਿਰਤ-ਉਤਪਾਦਕਤਾ 'ਚ ਭਾਰੀ ਵਾਧੇ ਦੇ ਬਾਵਜੂਦ, ਨਿਯਮਿਤ ਰੁਜ਼ਗਾਰ ਅਤੇ ਉਤਪਾਦਨ-ਖਰਚ 'ਚ ਉਜ਼ਰਤ ਦੇ ਹਿੱਸੇ 'ਚ ਭਾਰੀ ਕਮੀ ਆਈ ਹੈ। ਇੱਕ ਅਧਿਐਨ ਅਨੁਸਾਰ ਦੇਸ਼ ਦੀਆਂ ਸੌ ਵੱਡੀਆਂ ਸਨਅਤਾਂ 'ਚ 1990-91 'ਚ ਉਤਪਾਦਨ-ਖਰਚ 'ਚ ਮਜ਼ਦੂਰੀ ਦਾ ਹਿੱਸਾ 11 ਪ੍ਰਤੀਸ਼ਤ ਸੀ ਜਿਹੜਾ 2000-01 ਤੱਕ ਘੱਟ ਕੇ ਮਹਿਜ਼ 5.56 ਪ੍ਰਤੀਸ਼ਤ ਰਹਿ ਗਿਆ ਸੀ। ਨਵਉਦਾਰਵਾਦ ਦੇ ਇਸ ਦੌਰ ਨੇ ਭੁੱਖ ਅਤੇ ਚਾਰੇ ਪਾਸੇ ਬਦਹਾਲੀ ਦਾ ਕਹਿਰ ਸਿਰਫ਼ ਗਰੀਬ ਕਿਰਤੀ ਵਸੋਂ 'ਤੇ ਹੀ ਨਹੀਂ ਵਰ੍ਹਾਇਆ ਹੈ, ਸਗੋਂ ਇਸਦੀ ਮਾਰ ਨਾਲ਼ ਛੋਟੇ ਅਤੇ ਦਰਮਿਆਨੇ ਮਾਲਕ ਕਿਸਾਨ ਵੀ ਅਛੂਤੇ ਨਹੀਂ ਬਚੇ ਹਨ। ਨਵਉਦਾਰਵਾਦ ਦੇ ਦੋ ਦਹਾਕਿਆਂ ਦੌਰਾਨ, ਲਗਭਗ ਦੋ ਲੱਖ ਕਿਸਾਨਾਂ ਨੇ ਘਾਟੇ ਦੀ ਖੇਤੀ, ਕਰਜ਼ੇ ਦੀ ਮਾਰ ਅਤੇ ਬਦਲਵੇਂ ਰੁਜ਼ਗਾਰ ਦੀ ਕਮੀ ਕਰਕੇ ਆਤਮਹੱਤਿਆ ਕਰ ਲਈ।

ਭੁੱਖ ਅਤੇ ਮੌਤ ਦੇ ਇਸ ਤਾਂਡਵ ਦੀ ਵਿਕਰਾਲਤਾ ਅਤੇ ਬਰਬਰਤਾ ਅਮੀਰੀ-ਗਰੀਬੀ ਦਰਮਿਆਨ ਦੇ ਪਾੜੇ ਦੀ ਪਿੱਠਭੂਮੀ 'ਚ ਹੋਰ ਸਾਫ਼ ਨਜ਼ਰ ਆਉਂਦੀ ਹੈ ਅਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਆਮ ਲੋਕਾਂ ਦੇ ਜਿਉਣ ਤੱਕ ਦੀਆਂ ਦੁਸ਼ਵਾਰੀਆਂ ਨੇ ਉਹਨਾਂ ਦੇ ਜਮਹੂਰੀ ਹੱਕਾਂ ਨੂੰ ਇੰਨਾਂ ਰਸਮੀ ਅਤੇ ਸੁੰਗੇੜ ਦਿੱਤਾ ਹੈ ਕਿ ਭਾਰਤ ਦਾ ਪੂੰਜੀਵਾਦੀ ਲੋਕਤੰਤਰ ਕੁਲੀਨ ਅਲਪਤੰਤਰ ਤੋਂ ਵੱਧ ਕੁਝ ਵੀ ਨਹੀਂ ਰਹਿ ਗਿਆ ਹੈ ਅਤੇ ਮੁੱਠੀ ਭਰ ਲੋਕਾਂ ਦਾ ਇਹ ਕੁਲੀਨ ਅਲਪਤੰਤਰ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਹਿਫ਼ਾਜਤ ਲਈ ਨਿਰੰਕੁਸ਼ ਸਰਵਸੱਤਾਵਾਦ ਦੀ ਕਿਸੇ ਵੀ ਹੱਦ ਨੂੰ ਪਾਰ ਕਰਨ ਲਈ ਤਿਆਰ ਹੈ।ਮਾਰਗਨ ਸਟੈਨਲੇ ਦੇ ਕਾਰਜਕਾਰੀ ਡਾਇਰੈਕਟਰ ਚੇਤਨ ਆਹਯਾ ਦੇ ਇੱਕ ਲੇਖ (ਈਕਨਾਮਿਕਸ ਟਾਈਮਸ, 9 ਜੁਲਾਈ, 2007) ਦੇ ਅਨੁਸਾਰ, 2003 ਤੋਂ 2007 ਦਰਮਿਆਨ ਭਾਰਤ 'ਚ ਇੱਕ ਖ਼ਰਬ ਡਾਲਰ ਤੋਂ ਵੀ ਵੱਧ ਦੀ ਦੌਲਤ ਵਧੀ, ਜਿਸਦਾ ਵੱਡਾ ਹਿੱਸਾ ਵਸੋਂ ਦੇ ਬਹੁਤ ਛੋਟੇ ਹਿੱਸੇ ਕੋਲ ਗਿਆ। ਇੱਕ ਹੋਰ ਅਧਿਐਨ ਅਨੁਸਾਰ, ਦੇਸ਼ ਦੀ ਉੱਪਰ ਦੀ 10 ਫ਼ੀਸਦੀ ਵਸੋਂ ਕੋਲ਼ ਕੁਲ ਅਸਾਸੇ ਦਾ 85 ਫ਼ੀਸਦੀ ਇੱਕਠਾ ਹੋ ਗਿਆ ਹੈ, ਜਦੋਂ ਕਿ ਹੇਠਾਂ ਦੀ ਸੱਠ ਫ਼ੀਸਦੀ ਵਸੋਂ ਕੋਲ਼ ਮਹਿਜ਼ ਦੋ ਫ਼ੀਸਦੀ ਹੈ। ਦੇਸ਼ 'ਚ 0.01 ਫ਼ੀਸਦੀ ਅਜਿਹੇ ਲੋਕ ਹਨ, ਜਿਹਨਾਂ ਦੀ ਆਮਦਨੀ ਪੂਰੇ ਦੇਸ਼ ਦੀ ਔਸਤ ਆਮਦਨੀ ਤੋਂ ਦੋ ਸੌ ਗੁਣਾ ਵੱਧ ਹੋ ਚੁੱਕੀ ਹੈ। ਦੇਸ਼ ਦੀ ਉੱਪਰ ਦੀ ਤਿੰਨ ਫ਼ੀਸਦੀ ਅਤੇ ਹੇਠਾਂ ਦੀ 40 ਫ਼ੀਸਦੀ ਵਸੋਂ ਦੀ ਆਮਦਨੀ ਦਰਮਿਆਨ ਦਾ ਅੰਤਰ ਅੱਜ 60 ਗੁਣਾ ਹੋ ਚੁੱਕਿਆ ਹੈ। ਦੇਸ਼ ਦੇ ਦਸ ਸਰਵਉੱਚ ਖਰਬਪਤੀ ਹਰ ਮਿੰਟ ਦੋ ਕਰੋੜ ਰੁਪਏ ਬਣਾਉਂਦੇ ਹਨ। 'ਫ਼ੋਬਰਸ' ਮੈਗਜ਼ੀਨ ਰਾਹੀਂ ਤਿਆਰ ਕੀਤੀ ਗਈ ਦੁਨੀਆਂ ਦੇ ਅਰਬਪਤੀਆਂ ਦੀ ਸੂਚੀ 'ਚ 2004 'ਚ 9 ਭਾਰਤੀ ਸ਼ਾਮਿਲ ਸਨ ਅਤੇ 2007 'ਚ ਇਹਨਾਂ ਦੀ ਗਿਣਤੀ ਵੱਧ ਕੇ 40 ਹੋ ਗਈ। ਭਾਰਤੀ ਅਰਬਪਤੀਆਂ ਦੀ ਦੌਲਤ ਮਹਿਜ਼ ਇੱਕ ਸਾਲ 'ਚ, 2006-2007 ਦੌਰਾਨ 106 ਅਰਬ ਡਾਲਰ ਤੋਂ ਵੱਧ ਕੇ 170 ਅਰਬ ਡਾਲਰ ਹੋ ਗਈ। ਅਰਥਸ਼ਾਸਤਰੀ ਅਮਿਤ ਭਾਦੂੜੀ ('ਫ਼ਿਲਹਾਲ', ਅਗਸਤ-ਸਿੰਤਬਰ 2008) ਦੇ ਅਨੁਸਾਰ, ਅਰਬਪਤੀਆਂ ਦੀ ਦੌਲਤ 'ਚ 60 ਫੀਸਦੀ ਵਾਧਾ ਇਸ ਲਈ ਮੁਮਕਿਨ ਹੋਇਆ, ਕਿਉਂਕਿ ਸੂਬੇ ਅਤੇ ਕੇਂਦਰ ਸਰਕਾਰਾਂ ਦੇ ਖਣਿਜ ਕੱਢਣ, ਸਨਅਤੀਕਰਨ ਅਤੇ 'ਵਿਸ਼ੇਸ਼ ਆਰਥਿਕ ਖੇਤਰ' ਲਈ "ਸਰਬਜਨਿਕ ਉਦੇਸ਼" ਦੇ ਨਾਂ 'ਤੇ ਵੱਡੇ ਪੈਮਾਨੇ 'ਤੇ ਜ਼ਮੀਨ ਨਿਜ਼ੀ ਕਾਰਪੋਰੇਸ਼ਨਾਂ ਨੂੰ ਸੌਂਪ ਦਿੱਤੀ। ਛੱਤੀਸਗੜ੍ਹ 'ਚ ਅੱਜ ਮਾਓਵਾਦ, ਸਲਵਾ ਜੁਡਮ ਅਤੇ 'ਆਪਰੇਸ਼ਨ ਗ੍ਰੀਨ ਹੰਟ' ਦੀਆਂ ਜਿਹੜੀਆਂ ਵੀ ਸਰਗਰਮੀਆਂ ਜ਼ਾਰੀ ਹਨ, ਉਹਨਾਂ ਦੀਆਂ ਜੜ੍ਹਾਂ 'ਚ ਅਸਲ 'ਚ ਇਹੀ ਵਿਚਲੀ ਕਹਾਣੀ ਹੈ।

ਸਮੇਂਦਰ ਦਾਸ ਅਤੇ ਫੇਲਿਸਕ ਪੈਡਲ ਨੇ ਆਪਣੀ ਜਲਦੀ ਪ੍ਰਕਾਸ਼ਿਤ ਕਿਤਾਬ 'ਆਊਟ ਆਫ਼ ਦਿਸ ਅਰਥ: ਈਸਟ ਇੰਡੀਆ ਆਦਿਵਾਸੀਜ਼ ਐਂਡ ਦੀ ਐਲੂਮੀਨੀਅਮ ਕਾਰਟਲ' 'ਚ ਦੱਸਿਆ ਹੈ ਕਿ ਇੱਕਲੇ ਉੜੀਸਾ 'ਚ ਮੌਜੂਦ ਬਾਕਸਾਈਟ ਦੀ ਕੀਮਤ 2004 'ਚ ਕਰੀਬ 2.27 ਖਰਬ ਡਾਲਰ ਸੀ ਜਿਹੜੀ ਹੁਣ ਕਰੀਬ 4 ਖਰਬ ਡਾਲਰ ਹੋ ਚੁੱਕੀ ਹੈ। ਨਾਲ਼ੇ ਇਹ ਕੇਵਲ ਉੜੀਸਾ ਦੀ ਹੀ ਕਹਾਣੀ ਨਹੀਂ ਹੈ। ਛੱਤੀਸਗੜ੍ਹ, ਝਾਰਖੰਡ ਅਤੇ ਉੜੀਸਾ 'ਚ ਯੂਰੇਨੀਅਮ, ਲਾਇਮਸਟੋਨ, ਡੋਲੋਮਾਇਟ, ਲੋਹਾ, ਕੋਲ਼ਾ, ਟਿਨ, ਗ੍ਰੇਨਾਇਟ, ਸੰਗਮਰਮਰ, ਤਾਂਬਾ ਹੀਰਾ, ਸੋਨਾ, ਕਵਰਟਜ਼ਾਇਟ, ਕੋਰੰਡਮ, ਬੇਰਿਲ, ਅਲੇਕਸਾਂਡਰਾਇਟ, ਸਿਲਿਕਾ,ਫਲੋਰਾਇਟ ਅਤੇ ਗਰੇਨਾਇਟ ਆਦਿ ਖਣਿਜਾਂ ਦੀ ਖਰਬਾਂ ਡਾਲਰ ਦੀ, ਜਾਂ ਇੰਝ ਕਹੋ ਕਿ ਅਥਾਹ ਸੰਪਤੀ ਦਬੀ ਪਈ ਹੈ। ਇਸ ਲਈ ਇਸ ਇਲਾਕੇ ਦੇ ਜੰਗਲਾਂ-ਪਹਾੜਾਂ ਅਤੇ ਜ਼ਮੀਨ ਨੂੰ ਮਿੱਤਲ, ਜਿੰਦਲ, ਟਾਟਾ, ਪਾਸਕੋ, ਏਸਾਰ, ਰਿਓ ਟਿੰਟੋ, ਬੀ. ਐਚ. ਪੀ. ਬਿਲਿਟਨ ਅਤੇ ਵੇਦਾਂਤਾ ਆਦਿ ਦੇਸ਼ੀ-ਵਿਦੇਸ਼ ਕੰਪਨੀਆਂ ਨੂੰ ਸੌਂਪਣ ਲਈ ਮਨਮੋਹਨ-ਚਿੰਦਬਰਮ ਬੇਕਰਾਰ ਹਨ। ਸੈਂਕੜੇ ਸਹਿਮਤੀ ਪੱਤਰਾਂ 'ਤੇ ਦਸਤਖ਼ਤ ਹੋ ਚੁੱਕੇ ਹਨ (ਇਹਨਾਂ 'ਚੋਂ 90 ਇੱਕਲੇ ਝਾਰਖੰਡ 'ਚ ਹਨ)। ਲੱਖਾਂ ਆਦਿਵਾਸੀਆਂ ਨੂੰ ਹਰ ਕੀਮਤ 'ਤੇ ਉਹਨਾਂ ਦੀ ਜਗ੍ਹਾਂ-ਜਮੀਨ ਤੋਂ ਉਜਾੜ ਦੇਣ ਲਈ ਰਾਜਸੱਤਾ ਹਰ ਕੀਮਤ 'ਤੇ ਕਮਰ ਕਸ ਚੁੱਕੀ ਹੈ।ਅੱਜ ਮਾਓਵਾਦ ਵਿਰੁੱਧ ਫੌਜੀ ਮੁਹਿੰਮ ਦੇ ਨਾਂ 'ਤੇ ਜੋ ਕੁਝ ਹੋ ਰਿਹਾ ਹੈ, ਉਸਦਾ ਅਸਲੀ ਮਕਸਦ ਆਦਿਵਾਸੀਆਂ ਨੂੰ ਬਲਪੂਰਵਕ ਉਜਾੜਨਾ ਹੈ।

ਖ਼ੁਦ ਪੇਂਡੂ ਵਿਕਾਸ ਮੰਤਰਾਲੇ ਦੀ ਇੱਕ ਪੰਦਰਾ ਮੈਂਬਰੀ ਕਮੇਟੀ ('ਕਮੇਟੀ ਆਨ ਸਟੇਟ ਐਗ੍ਰੀਰੀਅਨ ਰਿਲੇਸ਼ਨ ਐਂਡ ਅਨਫਿਨੀਸ਼ਡ ਟਾਸਕ ਆਫ਼ ਲੈਂਡ ਰਿਫ਼ਾਰਮਸ') ਨੇ ਛੱਤੀਸਗੜ੍ਹ ਦੇ ਲੌਹ-ਅਸਪਾਤ ਪੱਖੋਂ ਅਮੀਰ ਜਿਲਿਆਂ -ਬਸਤਰ, ਦੰਤੇਵਾੜਾ ਅਤੇ ਵੀਜਾਪੁਰ 'ਚ ਸਨਅਤੀਕਰਨ ਮੁਹਿੰਮ ਨੂੰ "ਕੋਲੰਬਸ ਮਗਰੋਂ ਮੂਲ ਨਿਵਾਸੀਆਂ ਦੀ ਜਮੀਨ ਹੜੱਪਣ ਦੀ ਸਭ ਤੋਂ ਵੱਡੀ ਘਟਨਾ" ਦੀ ਸੰਗਿਆ ਦਿੱਤੀ ਹੈ। ਕਮੇਟੀ ਅਨੁਸਾਰ "20,000 ਕਰੋੜ ਰੁਪਏ ਦੇ ਕੁਲ ਨਿਵੇਸ਼ ਨਾਲ਼ ਇਸਪਾਤ ਅਤੇ ਬਿਜਲੀ ਦੇ ਕਾਰਖਾਨੇ ਲਗਾਉਣ ਲਈ ਹੁਣ ਤੱਕ 350,000 ਆਦਿਵਾਸੀਆਂ ਨੂੰ

ਉਜਾੜਿਆ ਜਾ ਚੁੱਕਿਆ ਹੈ। ਜ਼ਮੀਨ ਹੜੱਪਣ ਦੀ ਇਹ ਮਹਾਂਮੁਹਿੰਮ ਇੱਕ ਖੁੱਲੀ ਐਲਾਨੀਆ ਜੰਗ ਵਰਗੀ ਸੀ। ਇਸ ਨਾਟਕ ਦੀ ਸਿਕਰਿਪਟ ਟਾਟਾ ਅਤੇ ਏਸਾਰ ਗਰੁੱਪ ਨੇ ਲਿਖੀ ਸੀ...।" ਅੱਜ ਇਹ ਸੱਚਾਈ ਸਾਫ਼ ਹੋ ਚੁੱਕੀ ਹੈ ਕਿ ਸਲਵਾ ਜੁਡਮ ਦੇ ਫ਼ਾਇਨੈਂਸਰ ਸਥਾਨਕ ਠੇਕੇਦਾਰਾਂ, ਸਰਮਾਏਦਾਰਾਂ ਤੋਂ ਵੱਧ ਟਾਟਾ ਅਤੇ ਏਸਾਰ ਗਰੁੱਪ ਆਦਿ ਸਨ। ਪ੍ਰਸੰਗ ਦੇ ਤੌਰ 'ਤੇ ਇੱਥੇ ਇਹ ਵੀ ਵਰਨਣਯੋਗ ਹੈ ਕਿ ਬਾਕਸਾਇਟ ਦੇ ਖਣਨ ਲਈ ਉੜੀਸਾ ਦੇ ਜਿਸ ਨਿਯਮਾਗਿਰੀ ਪਰਬਤ ਨੂੰ ਵੇਦਾਂਤਾ ਕੰਪਨੀ ਨੂੰ ਵੇਚ ਕੇ ਇੱਥੋਂ ਦੇ ਆਦਿਵਾਸੀਆਂ ਨੂੰ ਬਲਪੂਰਵਕ ਉਜਾੜਿਆ ਜਾ ਰਿਹਾ ਹੈ, ਉਸੇ ਵੇਦਾਂਤਾ ਕੰਪਨੀ ਦੇ ਗੈਰਕਾਰਜਕਾਰੀ ਡਾਇਰੈਕਟਰ ਕਦੇ ਅੱਜ ਦੇ ਕੇਂਦਰੀ ਗ੍ਰਹਿ ਮੰਤਰੀ ਪੀ. ਚਿੰਦਰਬਰਮ ਹੋਇਆ ਕਰਦੇ ਸਨ। ਉਜਾੜੇ ਜਾ ਰਹੇ ਇਹ ਲੱਖਾਂ ਲੋਕ ਅੱਜ ਜਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਮਨਮੋਹਨ ਸਿੰਘ ਕਹਿ ਚੁੱਕੇ ਹਨ ਕਿ ਜਮੀਨ 'ਤੇ ਕਬਜਾ ਕਰਨ 'ਚ ਸਭ ਤੋਂ ਵੱਡੀ ਰੁਕਾਵਟ ਆਦਿਵਾਸੀਆਂ ਦਾ ਟਾਕਰਾ ਹੈ ਅਤੇ ਇਸਦਾ ਪ੍ਰਤੱਖ ਵਿਦੇਸ਼ੀ ਨਿਵੇਸ਼ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਇਸ ਲਈ ਭਾਰਤ ਸਰਕਾਰ ਹੁਣ ਛੱਤੀਸਗੜ੍ਹ, ਝਾਰਖੰਡ, ਉੜੀਸਾ, ਪੱਛਮ ਬੰਗਾਲ ਅਤੇ ਮਹਾਂਰਾਸ਼ਟਰ ਨਾਲ਼ ਜੁੜੇ ਹੋਏ ਇਲਾਕਿਆਂ 'ਚ ਇਹੀ ਕਰਨ ਜਾ ਰਹੀ ਹੈ ਜਿਹੜਾ ਕਦੇ ਸਪੇਨੀਆਂ ਨੇ ਲਾਤਿਨੀ ਅਮਰੀਕਾ 'ਚ ਉੱਥੇ ਦੇ ਮੂਲ ਨਿਵਾਸੀਆਂ ਨਾਲ਼ ਕੀਤਾ ਸੀ। ਵਿਕਲਪਹੀਣਤਾ ਦੀ ਇਸੇ ਹਾਲਤ 'ਚ ਆਦਿਵਾਸੀ ਵੀ ਹਥਿਆਰ ਚੁੱਕ ਰਹੇ ਹਨ ਅਤੇ ਮਾਓਵਾਦ ਦੀ ਸਿਆਸਤ ਨੂੰ ਸਮਰਥਨ ਦੇ ਰਹੇ ਹਨ। ਨਿਸ਼ਚੇ ਹੀ ਮਜ਼ਦੂਰ ਹੱਕਾਂ ਅਤੇ ਜਮਹੂਰੀ ਹੱਕਾਂ ਲਈ ਲੋਕ ਲਹਿਰਾਂ ਦੀ ਸਿਆਸਤ ਦਾ ਹਾਮੀ ਕੋਈ ਵਿਅਕਤੀ ਮਾਓਵਾਦ ਜਾਂ ਕਿਸੇ ਵੀ ਦਹਿਸ਼ਤਗਰਦ ਸਿਆਸਤ ਦਾ ਸਮਰਥਨ ਨਹੀਂ ਕਰ ਸਕਦਾ। ਪਰ ਸਾਡਾ ਮੰਨਣਾ ਹੈ ਕਿ ਟਾਕਰੇ ਦੀ ਇਸ ਦਹਿਸ਼ਤਗਰਦ ਸਿਆਸਤ ਨੂੰ ਵੀ ਰਾਜਕੀ ਦਹਿਸ਼ਤਗਰਦੀ ਨੇ ਹੀ ਪੈਦਾ ਕੀਤਾ ਹੈ, ਇਸਨੂੰ ਰਾਜਸੱਤਾ ਰਾਹੀਂ ਲਗਾਤਾਰ ਜ਼ਾਰੀ ਢਾਂਚਾਗਤ ਹਿੰਸਾ ਨੇ ਹੀ ਪੈਦਾ ਕੀਤਾ ਹੈ ਅਤੇ ਹੁਣ ਇਸੇ ਦੇ ਬਹਾਨੇ ਪੂਰੇ ਲੋਕਾਂ ਵਿਰੁੱਧ ਜੰਗ ਛੇੜੀ ਜਾ ਰਹੀ ਹੈ, ਤਾਂ ਕਿ ਅਣਕਿਆਸੇ ਪੈਮਾਨੇ 'ਤੇ ਉਜਾੜੇ ਦੀ ਕਾਰਵਾਈ ਨੂੰ ਅੰਜਾਮ ਦਿੱਤਾ ਜਾ ਸਕੇ। ਨਾਲ਼ੇ ਨਵਉਦਾਰਵਾਦ ਦੇ ਕਹਿਰ ਵਿਰੁੱਧ ਖੜੇ ਹੋਣ ਵਾਲ਼ੀ ਹਰ ਲੋਕ ਲਹਿਰ ਨੂੰ ਵੀ ਮਾਓਵਾਦ-ਦਹਿਸ਼ਤਗਰਦੀ ਦਾ ਲੇਬਲ ਲਗਾ ਕੇ ਕਿਨਾਰੇ ਲਗਾਇਆ ਜਾ ਸਕੇ।

ਉਜਾੜੇ ਦੇ ਸਵਾਲ ਨੂੰ ਵਿਆਪਕਤਾ 'ਚ ਸਮਝਣ ਲਈ ਕੁਝ ਹੋਰ ਤੱਥਾਂ 'ਤੇ ਵੀ ਨਿਗਾਹ ਮਾਰ ਲੈਣਾ ਜ਼ਰੂਰੀ ਹੈ। ਪਹਿਲਾਂ ਕਿਹਾ ਜਾ ਚੁੱਕਾ ਹੈ ਕਿ ਪੂੰਜੀ ਦੀ ਮਾਰ ਨਾਲ ਬੇਘਰ-ਬੇਦਰ ਹੋ ਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਗਰੀਬ ਵਸੋਂ ਦਾ ਪ੍ਰਵਾਸ ਵੀ ਉਜਾੜਾ ਹੀ ਹੈ। ਇਹ ਵਿਸਥਾਪਿਤ ਮਜ਼ਦੂਰ ਹਰ ਤਰ੍ਹਾਂ ਦੀ ਸਮਾਜਿਕ ਸੁਰਖਿਆ ਤੋਂ ਵਾਂਝੇ ਦਿਹਾੜੀ ਗੁਲਾਮ ਦੇ ਰੂਪ 'ਚ ਕਾਰਖਾਨਿਆਂ 'ਚ ਕੰਮ ਕਰਦੇ ਹਨ। ਕੌਮੀ ਨਮੂਨਾ ਸਰਵੇਖਣ ਅਨੁਸਾਰ, ਦੇਸ਼ ਦੀ ਜਿਹੜੀ 18 ਕਰੋੜ ਵਸੋਂ ਝੁਗੀਆਂ 'ਚ ਰਹਿੰਦੀ ਹੈ ਅਤੇ ਜਿਹੜੀ 18 ਕਰੋੜ ਵਸੋਂ ਫੁੱਟਪਾਥਾਂ 'ਤੇ ਸੌਂਦੀ ਹੈ, ਉਹ ਪ੍ਰਵਾਸੀ ਮਜ਼ਦੂਰਾਂ ਅਤੇ ਵਿਸਥਾਪਿਤ ਸਰਾਪੇ ਹੋਇਆ ਦੀ ਹੀ ਵਸੋਂ ਹੈ। ਇੱਕਲੇ 2001 ਮਰਦਮਸ਼ੁਮਾਰੀ ਵਕਫ਼ੇ ਦੌਰਾਨ, 1 ਕਰੋੜ, 44 ਲੱਖ ਲੋਕ ਕੰਮ ਦੀ ਤਲਾਸ਼ 'ਚ ਸ਼ਹਿਰਾਂ ਵੱਲ ਜਾਂ ਦੇਸ਼ ਦੇ ਵੱਧ ਖੁਸ਼ਹਾਲ ਇਲਾਕਿਆਂ ਵੱਲ ਪ੍ਰਵਾਸੀ ਕਾਮੇ ਬਣ ਕੇ ਗਏ। ਅਰੁੰਧਤੀ ਰਾਏ ਨੇ ਆਪਣੇ ਇੱਕ ਲੇਖ ('ਦੀ ਗ੍ਰੇਟਰ ਕਾਮਨ ਗੁਡ') 'ਚ ਇੰਡੀਅਨ ਇੰਸੀਚਿਊਟ ਆਫ਼ ਪਬਲਿਕ ਐਡਮਿਨਿਸਟਰੇਸ਼ਨ ਦੇ ਇੱਕ ਅਧਿਐਨ ਦਾ ਹਵਾਲਾ ਦਿੱਤਾ ਹੈ। 54 ਵੱਡੇ ਡੈਮਾਂ ਦੇ ਅਧਿਐਨ ਦੇ ਅਧਾਰ 'ਤੇ ਇਸ 'ਚ ਦੱਸਿਆ ਗਿਆ ਹੈ ਕਿ ਪ੍ਰਤੀ ਡੈਮ ਵਿਸਥਾਪਿਤ ਹੋਣ ਵਾਲ਼ੀ ਔਸਤ ਵਸੋਂ 44,182 ਹੈ। ਪਰ ਦੇਸ਼ ਦੇ ਕੁਲ 3300 ਵੱਡੇ ਡੈਮਾਂ 'ਚ 54 ਦੀ ਗਿਣਤੀ ਤਾਂ ਬਹੁਤ ਘੱਟ ਹੈ। ਜੇਕਰ ਹਰ ਵੱਡੇ ਡੈਮ ਤੋਂ ਵਿਸਥਾਪਿਤ ਹੋਣ ਵਾਲ਼ਿਆਂ ਦੀ ਗਿਣਤੀ 10,000 ਵੀ ਮੰਨ ਲਈ ਜਾਵੇ (ਜਿਹੜੀ ਨਿਸ਼ਚੇ ਹੀ ਕਾਫ਼ੀ ਘੱਟ ਹੈ), ਤਾਂ ਵੱਡੇ ਡੈਮਾਂ ਤੋਂ ਵਿਸਥਾਪਿਤ ਹੋਣ ਵਾਲ਼ੀ ਕੁੱਲ ਵਸੋਂ 3 ਕਰੋੜ 30 ਲੱਖ ਹੋ ਜਾਵੇਗੀ। ਹੁਣ ਉਹਨਾਂ ਦੀ ਗੱਲ ਕਰੀਏ ਜਿਹੜੇ ਪਿਛਲੀ ਅੱਧੀ ਸਦੀ ਦੌਰਾਨ ਸਾਰੇ ਵੱਡੇ ਪ੍ਰਾਜੈਕਟਾਂ ਕਰਕੇ ਵਿਸਥਾਪਿਤ ਹੋਏ। ਯੋਜਨਾ ਕਮਿਸ਼ਨ ਦੇ ਸਾਬਕਾ ਸਕੱਤਰ ਐਨ. ਸੀ. ਸਕਸੇਨਾ ਨੇ ਇੱਕ ਭਾਸ਼ਣ 'ਚ ਕਿਹਾ ਸੀ ਕਿ ਡੈਮਾਂ ਸਹਿਤ ਸਾਰੇ ਵਿਕਾਸ ਪ੍ਰਾਜੈਕਟਾਂ ਰਾਹੀ ਉੱਜੜੇ ਲੋਕਾਂ ਦੀ ਗਿਣਤੀ 5 ਕਰੋੜ ਤੋਂ ਘੱਟ ਨਹੀਂ ਹੋਵੇਗੀ। ਇਹ ਵਸੋਂ ਆਸਟਰੇਲੀਆ ਦੀ ਵਸੋਂ ਤੋਂ ਲਗਭਗ ਤਿੰਨ ਗੁਣੀ ਹੈ, ਭਾਰਤ ਵੰਡ ਦੇ ਦੌਰ ਦੇ ਸ਼ਰਣਾਰਥੀਆਂ ਦੀ ਤਿੰਨ ਗੁਣੀ ਹੈ, ਫਿਲਸਤੀਨੀ ਸ਼ਰਣਾਰਥੀਆਂ ਦੀ ਦੱਸ ਗੁਣਾ ਹੈ ਅਤੇ ਕੋਸਵੋ ਦੇ ਸ਼ਰਣਾਰਥੀਆਂ ਦੀ ਪੰਜਾਹ ਗੁਣਾ ਹੈ। ਇਹ ਇੱਕ ਲਗਾਤਾਰ ਜ਼ਾਰੀ ਮਹਾਂਜੰਗ ਵਰਗਾ ਖਤਰਾ ਹੈ। ਇਹ ਸੱਚਾਈ ਸ਼ਾਇਦ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਕਿ ਸਰਕਾਰ ਰਾਹੀਂ ਮੁੜਵਸੇਬੇ ਦੀਆਂ ਯੋਜਨਾਵਾਂ ਬਸ ਨਾਂ ਮਾਤਰ ਨੂੰ ਹੁੰਦੀਆਂ ਹਨ ਜਿਹੜੀਆਂ 100 ਪ੍ਰਤੀਸ਼ਤ ਅਸਫ਼ਲ ਹੁੰਦੀਆਂ ਹਨ। ਜਿਹੜੀ ਮਟਰ ਦੇ ਦਾਣੇ ਵਰਗੀ ਆਰਥਿਕ ਰਾਹਤ ਮਿਲਦੀ ਹੈ, ਉਸਦਾ ਵੀ ਸੱਤਰ ਫ਼ੀਸਦੀ ਹਿੱਸਾ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹ ਜਾਂਦਾ ਹੈ। ਯਾਦ ਹੋਵੇ ਕਿ ਹਰ ਸਾਲ ਹਜ਼ਾਰਾਂ ਦੀ ਵਸੋਂ ਕੁਦਰਤੀ ਆਫ਼ਤਾਂ ਜਾਂ ਫ਼ਿਰਕੂ-ਜਾਤੀ ਤਣਾਵਾਂ-ਦੰਗਿਆਂ ਆਦਿ ਕਰਕੇ ਵਿਸਥਾਪਿਤ ਹੁੰਦੀ ਹੈ। ਉਸਦੇ ਮੁੜਵਸੇਬੇ ਅਤੇ ਰਾਹਤ ਨੂੰ ਲੈ ਕੇ ਸਰਕਾਰਾਂ ਅਤੇ ਨੌਕਰਸ਼ਾਹੀ ਦਾ ਰਵੱਈਆ ਇੰਨਾਂ ਹੀ ਬੇਰਹਿਮ ਹੋਇਆ ਕਰਦਾ ਹੈ।

ਨਿਚੋੜ ਦੇ ਤੌਰ 'ਤੇ, ਕਿਹਾ ਜਾ ਸਕਦਾ ਹੈ ਕਿ ਉੱਤਰ-ਬਸਤੀਵਾਦੀ ਸਮਾਜ ਦੀ ਸਾਮਰਾਜਵਾਦੀ ਦੁਨੀਆ ਵੱਲੋਂ ਅਤੇ ਬਸਤੀਵਾਦੀ ਅਤੀਤ ਨਾਲ ਜੁੜਾਅ ਦੇ ਸੁਭਾਅ ਅਤੇ ਇੱਕ ਪਿਛੜੇ ਪੂੰਜੀਵਾਦੀ, ਖੇਤੀ-ਪ੍ਰਧਾਨ ਸਮਾਜ ਹੋਣ ਕਰਕੇ ਭਾਰਤੀ ਜਮਹੂਰੀ ਗਣਤੰਤਰ ਦੀਆਂ ਸੀਮਾਵਾਂ ਸ਼ੁਰੂ ਤੋਂ ਹੀ ਸੁੰਗੜੀਆਂ ਹੋਈਆਂ ਰਹੀਆਂ ਹਨ। ਹੁਣ ਵਿਸ਼ਵੀਕਰਨ ਅਤੇ ਨਵਉਦਾਰਵਾਦ ਦੇ ਦੌਰ 'ਚ, ਪੂੰਜੀ ਦੀ ਵਾਫ਼ਰ ਕਦਰ ਹੜੱਪਣ ਅੰਨ੍ਹੀ-ਬਰਬਰ ਹਵਸ ਭਾਰਤੀ ਰਾਜਸੱਤਾ ਦੇ ਕਿਰਦਾਰ ਨੂੰ ਵੱਧ ਤੋਂ ਵੱਧ ਨਿਰਕੁੰਸ਼

ਆਪਹੁਦਰੀ ਅਤੇ ਸਰਵਸੱਤਾਵਾਦੀ ਜਾਬਰ ਬਣਾਉਂਦੀ ਜਾ ਰਹੀ ਹੈ। ਪੂੰਜੀਵਾਦੀ ਆਰਥਿਕ-ਸਮਾਜਿਕ ਸੰਰਚਨਾ 'ਚ ਨਿਹਿਤ ਵਾਫ਼ਰ ਕਦਰ ਨਿਚੋੜਨ ਦਾ ਤਰਕ ਲਗਾਤਾਰ ਭੁੱਖ, ਉਜਾੜੇ ਅਤੇ ਢਾਂਚਾਗਤ ਹਿੰਸਾ ਦੇ ਵਨਸਵੰਨ ਰੂਪਾਂ ਨੂੰ ਜਨਮ ਦਿੰਦਾ ਰਹਿੰਦਾ ਹੈ। ਇਹ ਢਾਂਚਾਗਤ ਹਿੰਸਾ ਕੁਝ ਹੋਰ ਸਮਾਜਿਕ ਕਾਰਕਾਂ ਦੇ ਕਰਕੇ ਭਾਰਤ 'ਚ ਪਹਿਲਾਂ ਤੋਂ ਹੀ ਬਹੁਤ ਵੱਧ ਰਹੀ ਹੈ ਜਿਹੜੀ ਨਵਉਦਾਰਵਾਦੀ ਨੀਤੀਆਂ ਦੇ ਪਿਛਲੇ ਦੋ ਦਹਾਕਿਆਂ ਦੌਰਾਨ, ਵੱਧ ਤੋਂ ਵੱਧ ਪ੍ਰਭਾਵਿਤ ਵਸੋਂ ਜਦੋਂ ਟਾਕਰੇ ਦੀ ਕੋਸ਼ਿਸ਼ ਕਰ ਰਹੀ ਹੈ, ਤਾਂ ਰਾਜਸੱਤਾ ਸਿੱਧਾ ਅਰਧਫਾਸਿਸਟ ਜ਼ਬਰ ਦੇ ਤੌਰ-ਤਰੀਕਿਆਂ ਨੂੰ ਅਪਣਾਉਣ ਲੱਗਦੀ ਹੈ। ਢਾਂਚਾਗਤ ਹਿੰਸਾ ਦੀ ਜਵਾਬੀ-ਕਾਰਵਾਈ ਅਰਧ-ਸੈਨਿਕ ਬਲਾਂ ਰਾਹੀਂ ਬਰਬਰ, ਖੁੱਲ੍ਹੇ ਰਾਜਕੀ ਹਿੰਸਾ ਦੀ ਮੁਹਿੰਮ ਨੂੰ ਜਨਮ ਦੇ ਰਹੀ ਹੈ ਅਤੇ ਲੋੜ ਪੈਣ 'ਤੇ ਰਾਜਸੱਤਾ ਫ਼ੌਜ ਦੀ ਵਰਤੋਂ ਲਈ ਵੀ ਤਿਆਰ ਦਿਖ ਰਹੀ ਹੈ। ਇੱਕ ਤੋਂ ਮਗਰੋਂ ਇੱਕ ਕਾਲ਼ੇ ਕਾਨੂੰਨ ਬਣਾ ਕੇ, ਖੁਫੀਆ ਤੰਤਰ ਨੂੰ ਚੌਕਸ ਕਰਕੇ, ਨਿੱਕੀਆਂ-ਮੋਟੀਆਂ ਸਥਾਨਕ ਲੋਕ ਲਹਿਰਾਂ ਨੂੰ ਵੀ ਬਲਪੂਰਵਕ ਜ਼ਬਰੀ ਕੁਚਲ ਕੇ ਅਤੇ ਮੀਡੀਆ ਰਾਹੀਂ ਪ੍ਰਚਾਰ ਜੰਗ ਅਤੇ ਮਨੋਵਿਗਿਆਨਕ ਜੰਗ ਚਲਾ ਕੇ ਦਹਿਸ਼ਤੀ-ਰਾਜ ਦਾ ਮਾਹੌਲ ਯੋਜਨਾਬੱਧ ਢੰਗ ਨਾਲ ਤਿਆਰ ਕੀਤਾ ਜਾ ਰਿਹਾ ਹੈ।

ਇਸ ਹਾਲਤ 'ਚ ਜਵਾਬੀ-ਕਾਰਵਾਈ ਦਾ ਇੱਕ ਰਾਹ ਹੈ, ਕਿਰਤੀਆਂ ਅਤੇ ਲੋਕ ਲਹਿਰਾਂ ਦੀ ਮੁੜਉਸਾਰੀ ਦਾ, ਨਵੀਆਂ ਹਾਲਤਾਂ ਅਨੁਸਾਰ, ਨਵੀਂ ਯੁੱਧਨੀਤੀ ਅਤੇ ਦਾਅਪੇਚ ਤਿਆਰ ਕਰਨ ਦਾ, ਇੱਕ ਰੈਡੀਕਲ ਟਰੇਡ ਯੂਨੀਅਨ ਉਭਾਰ ਦੀ ਤਿਆਰੀ ਦਾ ਰਾਹ। ਰਿਵਾਇਤੀ ਟਰੇਡ ਯੂਨੀਅਨ ਲੋਕ-ਲਹਿਰ ਪਤਨ-ਖਿੰਡਾਅ ਦਾ ਸ਼ਿਕਾਰ ਹੋ ਚੁੱਕੀ ਹੈ। ਐਨ. ਜੀ. ਓ ਪੰਥੀ ਸੁਧਾਰਵਾਦ ਵੀ ਪੈਬੰਦਸਾਜ਼ੀ ਅਤੇ ਸੇਫ਼ਟੀਵਾਲਵ ਬਣਾਉਣ ਦਾ ਹੀ ਕੰਮ ਕਰਦਾ ਹੈ। ਵਿਕਲਪਹੀਣਤਾ ਅਤੇ ਨਿਰਾਸ਼ਾ ਦੀ ਹਾਲਤ ਦਹਿਸ਼ਤਗਰਦ ਟਾਕਰੇ ਦੀ ਸਿਆਸਤ ਨੂੰ ਜਨਮ ਦੇ ਰਹੀ ਹੈ, ਜਿਹੜੀ ਲੋਕਮੁਕਤੀ ਦੇ ਪ੍ਰਾਜੈਕਟ ਨੂੰ ਅੰਨ੍ਹੀ ਗਲ਼ੀ 'ਚ ਪਹੁਚਾਉਣ ਦਾ ਹੀ ਕੰਮ ਕਰਦੀ ਹੈ। ਰਾਜਕੀ ਜ਼ਬਰ, ਦਹਿਗਰਦ ਸਿਆਸਤ ਨੂੰ ਹੱਲਾਸ਼ੇਰੀ ਵੀ ਦਿੰਦਾ ਹੈ ਅਤੇ ਉਸ ਦੇ ਬਹਾਨੇ ਸਮੁੱਚੇ ਲੋਕਾਂ ਨੂੰ ਨਿਸ਼ਾਨਾ ਬਣਾਉਂਦਾ ਹੈ। ਪੂੰਜੀਵਾਦ-ਸਾਮਰਾਜਵਾਦ ਵਿਰੋਧੀ ਰੈਡੀਕਲ ਸਿਆਸਤ ਦਾ ਨਵਾਂ ਪ੍ਰਾਜੈਕਟ ਹੀ ਇੱਕੋ ਇੱਕ ਬਦਲ ਹੈ। ਪਰ ਇੰਨੀ ਆਮ ਗੱਲ ਕਰਨਾ ਕਾਫ਼ੀ ਨਹੀਂ ਹੈ। ਕਿਰਤੀ ਲੋਕਾਂ ਦੀ ਜਮਾਤੀ ਲਹਿਰ ਨਾਲ਼ ਹੀ ਜਮਹੂਰੀ ਅਤੇ ਨਾਗਰਿਕ ਹੱਕਾਂ ਦੀ ਲਹਿਰ ਨੂੰ ਵੀ ਨਵੇਂ ਅਧਾਰ 'ਤੇ ਖੜਾ ਕਰਨਾ ਹੋਵੇਗਾ। ਜਮਹੂਰੀ ਹੱਕਾਂ ਅਤੇ ਨਾਗਰਿਕ ਅਜ਼ਾਦੀ ਦੀ ਲੋਕ ਲਹਿਰ ਨੂੰ ਮੈਮੋਰੈਂਡਮ ਦੇਣ, ਸੇਮੀਨਾਰ ਕਰਨ, ਰਿਪੋਰਟ ਤਿਆਰ ਕਰਨ, ਦਸਤਖ਼ਤ ਮੁਹਿੰਮ ਚਲਾਉਣ ਅਤੇ ਰਸਮੀ ਜਾਂ ਪ੍ਰਤੀਕਾਤਮਕ ਵਿਰੋਧ-ਪ੍ਰਦਰਸ਼ਨ ਵਰਗੀ ਸੀਮਤ ਕਾਰਵਾਈਆਂ ਦੇ ਤੰਗ ਦਾਇਰੇ ਤੋਂ ਬਾਹਰ ਲਿਆਉਣਾ ਹੋਵੇਗਾ ਅਤੇ ਇਸਨੂੰ ਇੱਕ ਵਿਆਪਕ ਲੋਕਲਹਿਰ ਦੀ ਸ਼ਕਲ ਦੇਣੀ ਹੋਵੇਗੀ। ਜਮਹੂਰੀ ਅਤੇ ਨਾਗਰਿਕ ਹੱਕਾਂ ਦਾ ਸਵਾਲ ਕੇਵਲ ਪ੍ਰਬੁੱਧ ਬੁੱਧੀਜੀਵੀਆਂ ਅਤੇ ਕਾਨੂੰਨ ਦੇ ਮਾਹਰਾਂ ਦਾ ਹੀ ਸਵਾਲ ਨਹੀਂ ਹੈ। ਸਾਨੂੰ ਉਸ ਜਨਤਾ ਨੂੰ ਸਰਗਰਮ ਭੂਮਿਕਾ ਨਿਭਾਉਣ ਲਈ ਤਿਆਰ ਕਰਨਾ ਹੋਵੇਗਾ, ਜਿਸਦੇ ਜਮਹੂਰੀ ਹੱਕਾਂ ਦਾ ਰਾਜ-ਮਸ਼ੀਨਰੀ ਰਾਹੀਂ ਅਤੇ ਸਮਾਜ ਦੇ ਤਾਕਤਵਰ ਲੋਕਾਂ ਰਾਹੀਂ ਹਰ ਰੋਜ਼ ਡਾਕਾ ਵੱਜਦਾ ਹੈ। ਨਾਗਰਿਕ ਹੱਕਾਂ ਦੀ ਲਹਿਰ ਸਿਰਫ਼ ਬੰਦੀ ਮੁਕਤੀ ਲਹਿਰ, ਪੁਲਿਸ ਜ਼ਬਰ-ਵਿਰੋਧ ਜਾਂ ਸਿਆਸੀ ਹੱਕਾਂ ਲਈ ਅਵਾਜ ਉਠਾਉਣਾ ਹੀ ਨਹੀਂ ਹੈ। ਰਾਜ ਰਾਹੀਂ ਲਗਾਤਾਰ ਜ਼ਾਰੀ ਢਾਂਚਾਗਤ ਹਿੰਸਾ (ਜਿਸਨੂੰ ਭੁੱਖ, ਕੁਪੋਸ਼ਣ, ਉਜਾੜਾ, ਰਿਹਾਇਸ਼, ਇਲਾਜ, ਸਿੱਖਿਆ ਆਦਿ ਬੁਨਿਆਦੀ ਲੋੜਾਂ ਦੀ ਕਮੀ ਆਦਿ ਅਨੇਕ ਰੂਪਾਂ 'ਚ ਦੇਖਿਆ ਜਾ ਸਕਦਾ ਹੈ) ਜੇਕਰ ਸਾਡੇ ਜੀਣ ਦੇ ਬੁਨਿਆਦੀ ਹੱਕ 'ਤੇ ਚੋਟ ਕਰਦੀ ਹੈ, ਤਾਂ ਉਸ ਵਿਰੁੱਧ ਵਿਆਪਕ ਲੋਕ ਸੰਘਰਸ਼ ਜਥੇਬੰਦ ਕਰਨਾ ਵੀ ਜਮਹੂਰੀ ਹੱਕਾਂ ਦੀ ਲਹਿਰ ਦਾ ਹੀ ਕਾਰਜ ਹੈ। ਇਹ ਤਦ ਹੋ ਸਕਦਾ ਹੈ ਜਦੋਂ ਲੋਕ ਆਪਣੇ ਬੁਨਿਆਦੀ ਹੱਕਾਂ ਪ੍ਰਤੀ ਜਾਗਰੁਕ ਹੋਣ ਅਤੇ ਉਹਨਾਂ ਲਈ ਲੜਨ ਲਈ ਤਿਆਰ ਹੋਣ। ਇਸ ਲਈ ਲੋਕ ਹੱਕਾਂ ਦੀ ਲਹਿਰ ਨੂੰ ਇੱਕ ਵਿਆਪਕ ਲੋਕ-ਸਿੱਖਿਆ ਮੁਹਿੰਮ ਜਾਂ ਲੋਕ ਜਾਗ੍ਰਤੀ ਮੁਹਿੰਮ ਵੀ ਬਣਨਾ ਪਏਗਾ। ਲੋਕ ਹੱਕਾਂ ਦੀ ਲਹਿਰ ਨੂੰ ਬੁਧੀਜੀਵੀ "ਪ੍ਰੈਸ਼ਰ-ਗਰੁੱਪਾਂ" ਦੀ ਸੀਮਤ ਕਾਰਵਾਈ ਦੇ ਦਾਇਰੇ ਤੋਂ ਬਾਹਰ ਆ ਕੇ ਲੋਕਾਂ ਦੀਆਂ ਸਾਰੀਆਂ ਜਮਾਤਾਂ ਦੇ ਇੱਕ ਵਿਆਪਕ ਸਾਂਝੇ ਮੋਰਚੇ ਦਾ, ਇੱਕ ਵਿਆਪਕ ਲੋਕ-ਪਲੇਟਫ਼ਾਰਮ ਦਾ ਅਤੇ ਇੱਕ ਜੁਝਾਰੂ ਲੋਕ ਲਹਿਰ ਦਾ ਰੂਪ ਦੇਣਾ ਹੋਵੇਗਾ। ਜੇਕਰ ਇਸ ਦਿਸ਼ਾ 'ਚ ਤੰਗਦਿਲੀ, ਕੱਟੜਤਾ ਅਤੇ ਰਸਮੀ ਕਾਰਵਾਈਆਂ ਦੀ ਸੁਵਿਧਾਭੋਗੀ ਸਵਾਰਥਪੂਰਣ ਆਦਤ ਤਿਆਗ ਕੇ, ਕੋਈ ਠੋਸ ਪਹਿਲ ਕੀਤੀ ਜਾਵੇ ਅਤੇ ਉਸਨੂੰ ਠੀਕ ਢੰਗ ਨਾਲ ਅੱਗੇ ਵਧਾਇਆ ਜਾਵੇ, ਤਾਂ ਇੱਕ ਦਿਨ ਇਹ ਵੀ ਸੰਭਵ ਹੋ ਸਕਦਾ ਹੈ ਕਿ ਉਜੜਿਆਂ ਦੇ ਮੁੜਵਸੇਬੇ ਦੇ ਸਵਾਲ 'ਤੇ, ਹਰ ਵਿਅਕਤੀ ਨੂੰ ਕੰਮ ਅਤੇ ਹਰ ਵਿਅਕਤੀ ਨੂੰ ਢਿੱਡ ਭਰਕੇ ਪੌਸ਼ਟਿਕ ਭੋਜਨ ਦੇ ਸਵਾਲ 'ਤੇ, ਮੁਫ਼ਤ ਸਰਬਜਨਕ ਇਲਾਜ ਅਤੇ ਮੁਫ਼ਤ ਅਤੇ ਬਰਾਬਰ ਸਿੱਖਿਆ ਦੇ ਸਵਾਲ 'ਤੇ, ਨਾਗਰਿਕਾਂ ਦੀ ਰਿਹਾਇਸ਼ ਦੇ ਹੱਕ ਦੇ ਸਵਾਲ 'ਤੇ- ਮਤਲਬ ਇਹ ਕਿ ਕਿਸੇ ਵੀ ਤਰ੍ਹਾਂ ਦੇ ਜਮਹੂਰੀ ਹੱਕ ਦੇ ਸਵਾਲ 'ਤੇ ਪੂਰੀ ਦੇਸ਼ ਪੱਧਰ 'ਤੇ ਨਾਗਰਿਕ ਸੱਤਿਆਗ੍ਰਹਿ ਜਾਂ ਨਾਗਰਿਕ ਅਸਹਿਯੋਗ ਲਹਿਰ ਜਥੇਬੰਦ ਕੀਤੀ ਜਾ ਸਕੇ। ਇਹ ਅੱਜ ਇੱਕ ਮਨਸੂਬਾ ਜਾਂ ਵੱਡਾ ਸੁਪਨਾ ਲੱਗ ਸਕਦਾ ਹੈ, ਪਰ ਇਹ ਨਾ-ਮੁਮਕਿਨ ਨਹੀਂ ਹੈ। ਜਦੋਂ ਤੱਕ ਸ਼ੁਰੂਆਤ ਨਾ ਕੀਤੀ ਜਾਵੇ, ਚੀਜਾਂ ਮੁਸ਼ਕਲ ਜਾਂ ਅਸੰਭਵ ਲੱਗਦੀਆਂ ਹਨ। ਅਤੇ ਫਿਰ ਸ਼ੁਰੂਆਤ ਇੱਕ ਸੁਪਨੇ ਤੋਂ ਹੀ ਹੋਇਆ ਕਰਦੀ ਹੈ। ਸਾਨੂੰ ਲੋਕਾਂ 'ਚ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਵਿਆਪਕ ਲੋਕਾਂ ਨੂੰ ਜਥੇਬੰਦ ਕਰਨ ਦਾ ਰਾਹ ਅਪਣਾਉਣਾ ਚਾਹੀਦਾ ਹੈ।•



"ਆਨਰ ਕਿਲਿੰਗ" ਅਣਖ ਦੇ ਨਾਂ 'ਤੇ ਕਤਲ ਜਾਂ ਅਣਖ ਨਾਲ਼ ਨਾ ਜੀਣ ਦੇਣ ਦਾ ਜਨੂੰਨ

• ਨਮਿਤਾ

ਪਿਛਲੇ ਕੁਝ ਸਾਲਾਂ ਤੋਂ ਭਾਰਤ ਦੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆਂ 'ਚ "ਆਨਰ ਕਿਲਿੰਗ" ਦੀ ਚਰਚਾ ਹੁੰਦੀ ਰਹੀ ਹੈ ਅਤੇ ਇਹ ਚਰਚਾ ਅੱਜ ਵੀ ਜਾਰੀ ਹੈ। ਮੀਡੀਆ 'ਚ ਕਦੇ ਕਦੇ ਇਸ ਮੁੱਦੇ 'ਤੇ ਜ਼ੋਰ ਸ਼ੋਰ ਨਾਲ਼ ਚਰਚਾ ਹੁੰਦੀ ਹੈ ਅਤੇ ਕਦੇ ਗਾਹੇ ਬਗਾਹੇ। ਪਰ ਮੀਡੀਆ ਦੀਆਂ ਸੁਰਖੀਆਂ ਤੋਂ ਦੂਰ ਅਣਖ ਦੇ ਨਾਂ 'ਤੇ ਨੌਜਵਾਨ ਮੁੰਡੇ-ਕੁੜੀਆਂ ਦੇ ਕਤਲਾਂ ਦਾ ਸਿਲਸਿਲਾ ਬਾਦਸਤੂਰ ਜਾਰੀ ਹੈ। ਅਣਖ ਦੇ ਨਾਂ 'ਤੇ ਹੋਣ ਵਾਲ਼ੇ ਸਾਰੇ ਕਤਲ ਤਾਂ ਮੀਡੀਆ ਦੀਆਂ ਸੁਰਖੀਆਂ ਵਿੱਚ ਆਉਂਦੇ ਹੀ ਨਹੀਂ। ਬਹੁਤ ਸਾਰੇ ਕਤਲ ਤਾਂ ਆਤਮ ਹੱਤਿਆ ਜਾਂ ਦੁਰਘਟਨਾਵਾਂ ਦੇ ਰੂਪ 'ਚ ਹੀ ਖਪਾ ਦਿੱਤੇ ਜਾਂਦੇ ਹਨ। "ਆਨਰ ਕਿਲਿੰਗ" ਜੇਹਾ ਕਿ ਨਾਂ ਤੋਂ ਹੀ ਜ਼ਾਹਿਰ ਹੈ ਅਣਖ ਲਈ ਕਿਸੇ ਦਾ ਕਤਲ। "ਅਣਖ" ਦੇ ਨਾਮ 'ਤੇ ਹਰ ਸਾਲ ਭਾਰਤ ਵਿੱਚ ਲਗਭਗ 1000 ਨੌਜਵਾਨਾਂ (ਇਹ ਤਾਂ ਸਰਕਾਰੀ ਅੰਕੜਾ ਹੈ, ਪਰ ਅਸਲ ਸੰਖਿਆ ਇਸ ਤੋਂ ਕਿਤੇ ਵਧੇਰੇ ਹੈ) ਦਾ ਕਤਲ ਕੀਤਾ ਜਾਂਦਾ ਹੈ। ਇਨ੍ਹਾਂ ਨੌਜਵਾਨਾਂ ਦਾ 'ਗੁਨਾਹ' ਸਿਰਫ਼ ਏਨਾ ਹੀ ਹੁੰਦਾ ਹੈ ਕਿ ਉਹ ਆਪਣਾ ਜੀਵਨ ਸਾਥੀ ਆਪਣੀ ਪਸੰਦ ਨਾਲ਼ ਚੁਣਨ ਦੀ ਹਿੰਮਤ ਕਰਦੇ ਹਨ। ਪਰ ਪਿਛਾਂਹਖਿੱਚੂਆਂ, ਸਮਾਜਿਕ ਨੈਤਿਕਤਾ ਦੇ ਅਖੌਤੀ ਠੇਕੇਦਾਰਾਂ ਨੂੰ ਏਨਾ ਵੀ ਮਨਜ਼ੂਰ ਨਹੀਂ ਹੈ।

ਇਹ ਸਿਰਫ਼ ਸਾਡੇ ਦੇਸ਼ ਵਿੱਚ ਹੀ ਨਹੀਂ ਹੁੰਦਾ ਸਗੋਂ ਕਿਸੇ ਨਾ ਕਿਸੇ ਰੂਪ ਵਿੱਚ ਇਹ ਇੱਕ ਸੰਸਾਰ ਵਿਆਪੀ ਵਰਤਾਰਾ ਹੈ। ਕਈ ਦੇਸ਼ਾਂ ਵਿੱਚ ਅਣਖ ਦੇ ਨਾਂ 'ਤੇ ਹੋਣ ਵਾਲ਼ੇ ਕਤਲਾਂ 'ਚ ਔਰਤਾਂ ਨੂੰ ਵਧੇਰੇ ਨਿਸ਼ਾਨਾ ਬਣਾਇਆ ਜਾਂਦਾ ਹੈ। ਆਨਲਾਈਨ ਇਨਸਾਈਕਲੋਪੀਡੀਆ 'ਵਿਕੀਪੀਡੀਆ' ਅਨੁਸਾਰ ਇਹ ਅਲਬਾਨੀਆ, ਬੰਗਲਾਦੇਸ਼, ਜਰਮਨੀ, ਭਾਰਤ, ਇਰਾਨ, ਇਰਾਕ, ਇਜ਼ਰਾਇਲ, ਇਟਲੀ, ਜਾਰਡਨ, ਮੋਰੱਕੋ, ਪਾਕਿਸਤਾਨ, ਤੁਰਕੀ, ਯੂਗਾਂਡਾ ਆਦਿ ਦੇਸ਼ਾਂ ਵਿੱਚ ਵੀ ਅਣਖ ਦੇ ਨਾਂ 'ਤੇ ਕਤਲ ਹੁੰਦੇ ਹਨ। ਇਨ੍ਹਾਂ ਵਿੱਚੋਂ ਕੈਨੇਡਾ, ਡੈਨਮਾਰਕ, ਜਰਮਨੀ, ਇਟਲੀ, ਸਵੀਡਨ, ਬ੍ਰਿਟੇਨ ਆਦਿ ਅਜਿਹੇ ਦੇਸ਼ ਹਨ ਜਿਨ੍ਹਾਂ ਦੇ ਵਿਸ਼ਿਸ਼ਟ ਇਤਿਹਾਸਕ ਵਿਕਾਸ ਕਾਰਨ ਇੱਥੋਂ ਸਮਾਜਿਕ ਤਾਣੇ ਬਾਣੇ ਵਿੱਚ ਜਮਹੂਰੀ ਕਦਰਾਂ ਕੀਮਤਾਂ ਰਚੀਆਂ ਵਸੀਆਂ ਹੋਈਆਂ ਹਨ। ਉੱਥੇ ਕਿਸੇ ਵੀ ਨਾਗਰਿਕ ਦੀ ਨਿੱਜਤਾ ਅਤੇ ਵਿਅਕਤੀਗਤ ਆਜ਼ਾਦੀ ਦੀ ਦੂਸਰੇ ਨਾਗਰਿਕ ਇੱਜ਼ਤ ਕਰਦੇ ਹਨ। ਨੌਜਵਾਨਾਂ ਦੇ ਪ੍ਰੇਮ ਅਤੇ ਵਿਆਹ ਸਬੰਧੀ ਫੈਸਲਿਆਂ ਨੂੰ ਉਨ੍ਹਾਂ ਸਮਾਜਾਂ 'ਚ ਖੁਸ਼ੀ ਖੁਸ਼ੀ ਪ੍ਰਵਾਨ ਕੀਤਾ ਜਾਂਦਾ ਹੈ। ਨੌਜਵਾਨਾਂ ਦੇ ਪ੍ਰੇਮ ਅਤੇ ਵਿਆਹ ਦੇ ਮਾਮਲਿਆਂ 'ਚ ਤੀਸਰੇ ਵਿਅਕਤੀ ਦਾ ਦਖ਼ਲ ਪੂਰੀ ਤਰ੍ਹਾਂ ਖ਼ਤਮ ਹੋ ਚੁੱਕਾ ਹੈ। 'ਅਰੇਂਜਡ ਮੈਰਿਜਜ਼' ਦੀ ਪ੍ਰੰਪਰਾ ਬਹੁਤ ਪਹਿਲਾਂ ਹੀ ਉੱਥੋਂ ਦੇ ਇਤਿਹਾਸ ਦੇ ਕੂੜੇਦਾਨ ਵਿੱਚ ਪਹੁੰਚ ਚੁੱਕੀ ਹੈ। ਇਸ ਸਮੇਂ ਇਨ੍ਹਾਂ ਦੇਸ਼ਾਂ ਵਿੱਚ "ਆਨਰ ਕਿਲਿੰਗ" ਦੇ ਮਾਮਲੇ ਉਨ੍ਹਾਂ ਭਾਈਚਾਰਿਆਂ ਵਿੱਚ ਹੀ ਸਾਹਮਣੇ ਆ ਰਹੇ ਹਨ, ਜੋ ਪੱਛੜੇ ਦੇਸ਼ਾਂ ਖਾਸ ਕਰਕੇ ਏਸ਼ੀਆ ਵਿੱਚੋਂ ਜਾ ਕੇ ਇੱਥੇ ਵਸ ਗਏ ਹਨ।

ਆਓ ਹੁਣ 'ਆਨਰ ਕਿਲਿੰਗ' ਦੇ ਇਸ ਸੰਸਾਰ ਵਿਆਪੀ ਵਰਤਾਰੇ ਉੱਪਰ ਇੱਕ ਨਜ਼ਰ ਮਾਰੀਏ। ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਮੁਤਾਬਕ 1991 ਵਿੱਚ ਇਰਾਕੀ ਕੁਰਦਿਸਤਾਨ ਵਿੱਚ 12000 ਤੋਂ ਵਧੇਰੇ ਔਰਤਾਂ ਦਾ "ਅਣਖ" ਦੇ ਨਾਂ 'ਤੇ ਕਤਲ ਕੀਤਾ ਗਿਆ। ਬ੍ਰਿਟੇਨ ਵਿੱਚ ਹਰ ਸਾਲ 17000 ਤੋਂ ਵਧੇਰੇ ਔਰਤਾਂ ਇਸ ਅਖੌਤੀ ਅਣਖ ਲਈ ਬਲ਼ੀ ਚੜ੍ਹਾਈਆਂ ਜਾਂਦੀਆਂ ਹਨ। ਬੀ.ਬੀ.ਸੀ. ਦੀ 2005 ਦੀ ਰਿਪੋਰਟ ਅਨੁਸਾਰ ਪਾਕਿਸਤਾਨ ਵਿੱਚ 4000 ਤੋਂ ਵਧੇਰੇ ਔਰਤਾਂ "ਆਨਰ ਕਿਲਿੰਗ" ਦਾ ਸ਼ਿਕਾਰ ਹੋਈਆਂ ਜਿੱਥੇ ਇਸ ਨੂੰ 'ਕਾਰੋ-ਕਾਰੀ' ਦੇ ਨਾਂ ਨਾਲ਼ ਜਾਣਿਆਂ ਜਾਂਦਾ ਹੈ।

ਇੱਕ ਔਰਤ ਦੇ ਆਨਰ ਕਿਲਿੰਗ ਦਾ ਸ਼ਿਕਾਰ ਹੋਣ ਦਾ ਸਿਰਫ਼ ਪ੍ਰੇਮ ਹੀ ਨਹੀਂ ਹੋਰ ਵੀ ਬਹੁਤ ਸਾਰੇ ਕਾਰਨ ਹਨ ਜਿਸ ਨਾਲ਼ ਇਸ ਸਮਾਜ ਦੇ ਠੇਕੇਦਾਰਾਂ ਦੀ ਇੱਜ਼ਤ 'ਤੇ ਸੱਟ ਲੱਗਦੀ ਹੈ ਅਤੇ ਉਹ ਆਪਣੀ 'ਅਣਖ' ਖਾਤਰ ਕਿਸੇ ਦੀ ਜਾਨ ਲੈਣ ਦੇ ਹੱਕਦਾਰ ਹੋ ਜਾਂਦੇ ਹਨ ਖਾਸ ਕਰ ਦੇ ਔਰਤਾਂ ਦੀ। ਜਿਵੇਂ ਜੇਕਰ ਕੋਈ ਔਰਤ ਕਿਸੇ ਨਾਲ਼ ਪਿਆਰ ਕਰਦੀ ਹੈ ਜਾਂ ਉਹ ਅਰੇਜਡ ਮੈਰਿਜ ਕਰਨ ਤੋਂ ਮਨ੍ਹਾਂ ਕਰਦੀ ਹੈ ਜਾਂ ਆਪਣੇ ਪਤੀ ਦੇ ਦੁਰਵਿਵਹਾਰ ਤੋਂ ਤੰਗ ਆ ਕੇ ਤਲਾਕ ਚਾਹੁੰਦੀ ਹੈ ਜਾਂ ਕਿਸੇ ਪਰਾਏ ਮਰਦ ਨਾਲ਼ ਸਬੰਧ ਰੱਖਦੀ ਹੈ। ਬਹੁਤ ਸਾਰੇ ਮਾਮਲਿਆਂ 'ਚ ਤਾਂ ਸਿਰਫ਼ ਸ਼ੱਕ ਦੇ ਅਧਾਰ 'ਤੇ 'ਅਣਖ' ਲਈ ਕਤਲ ਜ਼ਾਇਜ ਮੰਨਿਆ ਜਾਂਦਾ ਹੈ। ਉਦਾਹਰਣ ਲਈ ਜਾਰਡਨ 'ਚ 2007 'ਚ ਇੱਕ 17 ਸਾਲ ਦੀ ਕੁੜੀ ਨੂੰ ਸਿਰਫ਼ ਇਸ ਲਈ ਮਾਰ ਦਿੱਤਾ ਗਿਆ ਕਿਉਂਕਿ ਕਾਤਲਾਂ ਨੂੰ ਸ਼ੱਕ ਸੀ ਕਿ ਉਸ ਦੇ ਕਿਸੇ ਹੋਰ ਨਾਲ਼ ਸਬੰਧ ਹਨ।

ਅਣਖ ਦੇ ਨਾਂ 'ਤੇ ਕਤਲ ਦਾ ਢੰਗ ਇੰਨਾ ਘਿਨਾਉਣਾ ਅਤੇ ਭਿਅੰਕਰ ਅਪਣਾਇਆ ਜਾਂਦਾ ਹੈ ਜਿੰਨਾ ਕਿ ਪਸ਼ੂਆਂ ਨਾਲ਼ ਵੀ ਨਹੀਂ ਕੀਤਾ ਜਾਂਦਾ। ਕਸਾਈਆਂ ਵਾਂਗ ਉਨ੍ਹਾਂ ਨੂੰ ਬੱਟੇ ਮਾਰਕੇ,

ਗਲ਼ ਘੁੱਟ ਕੇ, ਗੋਲ਼ੀ ਮਾਰ ਕੇ ਅਤੇ ਜਿਉਂਦਾ ਜਲਾ ਕੇ ਇਹ ਕਾਤਲ ਆਪਣੀ 'ਅਣਖ' ਦੀ ਸੁਰੱਖਿਆ ਕਰਦੇ ਹਨ। ਆਮ ਕਰਕੇ ਇਸਤਰੀਆਂ ਨੂੰ ਇੰਨਾ ਬੁਰੀ ਤਰ੍ਹਾਂ ਤੰਗ ਕੀਤਾ ਜਾਂਦਾ ਹੈ ਉਹ ਆਪ ਹੀ ਖ਼ੁਦਕੁਸ਼ੀ ਕਰਨ 'ਤੇ ਮਜ਼ਬੂਰ ਹੋ ਜਾਂਦੀਆਂ ਹਨ।

ਇਸ ਦੇ ਵਿਰੁੱਧ ਬਹੁਤ ਸਾਰੇ ਕਾਨੂੰਨ ਬਣੇ ਹੋਏ ਹਨ ਜੋ ਕਿ ਹੋਰ ਕਾਨੂੰਨਾਂ ਵਾਂਗ ਫਾਈਲਾਂ ਦੀ ਧੂੜ ਚੱਟਣ ਤੱਕ ਸੀਮਤ ਹਨ ਜਿਨ੍ਹਾਂ 'ਤੇ ਕੋਈ ਅਮਲ ਨਹੀਂ ਹੁੰਦਾ। ਕਈ ਦੇਸ਼ਾਂ ਵਿੱਚ ਤਾਂ ਅਜਿਹੇ ਕਾਨੂੰਨ ਵੀ ਹਨ ਜੋ 'ਅਣਖ' ਲਈ ਕਤਲਾਂ ਨੂੰ ਜ਼ਾਇਜ਼ ਠਹਿਰਾਉਂਦੇ ਹਨ ਅਤੇ ਕਾਤਲਾਂ ਨੂੰ ਅਜਿਹਾ ਕਰਨ ਦੀ ਖੁੱਲ੍ਹ ਦਿੰਦੇ ਹਨ।

ਪਾਕਿਸਤਾਨ 'ਚ "ਆਨਰ ਕਿਲਿੰਗ" ਦੇ ਲਈ ਸਜ਼ਾ ਹੈ ਪਰ ਅਮਲ 'ਚ ਪੁਲਿਸ ਅਤੇ ਕਚਹਿਰੀਆਂ ਇਸ ਦੀ ਖੁੱਲ੍ਹੇਆਮ ਉਲੰਘਣਾ ਕਰਦੀਆਂ ਹਨ। ਜੇਕਰ ਕਾਤਲ ਇਹ ਦਾਅਵਾ ਕਰ ਦੇਵੇ ਕਿ ਉਸ ਨੇ ਇਹ ਕਾਰਾ ਆਪਣੀ 'ਅਣਖ' ਲਈ ਕੀਤਾ ਹੈ ਤਾਂ ਉਹ ਦੋਸ਼ ਰਹਿਤ ਹੋ ਜਾਂਦਾ ਹੈ। ਵਧੇਰੇ ਕਾਨੂੰਨ ਅਜਿਹੇ ਹਨ ਜੋ ਪੀੜਤਾਂ ਦੀ ਮੱਦਦ ਨਾ ਕਰਕੇ ਕਾਤਲਾਂ ਦੀ ਰੱਖਿਆ ਕਰਦੇ ਹਨ। ਆਓ ਦੇਖੀਏ –

ਪਾਕਿਸਤਾਨ ਦੇ ਜਿਆ ਅਲ-ਹੱਕ ਦੀ ਸਰਕਾਰ ਦੌਰਾਨ ਬਣਾਏ ਇੱਕ ਕਾਨੂੰਨ ਮੁਤਾਬਕ ਕਾਤਲ ਪੀੜਤ ਦੇ ਰਿਸ਼ਤੇਦਾਰਾਂ ਨੂੰ ਕੁਝ ਮੁਆਵਜਾ ਦੇਕੇ ਆਰਾਮ ਨਾਲ਼ ਮੁਕਤ ਹੋ ਸਕਦੇ ਹਨ। ਇਹ ਕਾਨੂੰਨ ਅੱਜ ਵੀ ਪਾਕਿਸਤਾਨ 'ਚ "ਕਾਰੋ-ਕਾਰੀ" ਨੂੰ ਖੁੱਲ੍ਹੇਆਮ ਹੱਲਾਸ਼ੇਰੀ ਦੇ ਰਿਹਾ ਹੈ।

ਬਹੁਤੇ ਕੇਸਾਂ 'ਚ ਤਾਂ ਕਾਤਲ ਪੀੜਤ ਦਾ ਕਰੀਬੀ ਰਿਸ਼ਤੇਦਾਰ ਹੀ ਹੁੰਦਾ ਹੈ, ਇਸ ਲਈ ਉਸ ਨੂੰ ਮਾਫ਼ੀ ਲਈ ਬਿਨਾਂ ਕਿਸੇ ਮੁਆਵਜੇ ਦੇ ਮੁਕਤੀ ਮਿਲ਼ ਜਾਂਦੀ ਹੈ।

ਜਾਰਡਨ ਦੇ ਸਮਕਾਲੀ ਕਾਨੂੰਨ (ਪੇਨਲ ਕੋਡ 340) ਮੁਤਾਬਕ, "ਜਿਸ ਨੂੰ ਆਪਣੀ ਪਤਨੀ ਜਾਂ ਇਸਤਰੀ ਰਿਸ਼ਤੇਦਾਰ ਦੇ ਨਜ਼ਾਇਜ਼ ਸਬੰਧਾਂ ਦਾ ਪਤਾ ਲਗ ਗਿਆ ਹੈ ਉਹ ਉਸਨੂੰ ਮਾਰ ਸਕਦਾ ਹੈ ਜਾਂ ਫੱਟੜ ਕਰ ਸਕਦਾ ਹੈ ਅਤੇ ਬਿਨਾਂ ਕਿਸੇ ਸਜ਼ਾ ਦੇ ਘੁੰਮ ਸਕਦਾ ਹੈ।"

ਸੀਰੀਆਈ ਕਾਨੂੰਨ ਮੁਤਾਬਕ ਵੀ ਜੇਕਰ ਕਿਸੇ ਦੀ ਪਤਨੀ, ਭੈਣ ਜਾਂ ਇਸਤਰੀ ਰਿਸ਼ਤੇਦਾਰ ਪਰਾਏ ਮਰਦਾਂ ਨਾਲ਼ ਸਬੰਧ ਰੱਖਣ ਵਾਲ਼ੀ ਹੋ ਗਈ ਹੋਵੇ ਤਾਂ ਉਹ ਉਸ ਨੂੰ ਕਤਲ ਕਰ ਸਕਦਾ ਹੈ ਅਤੇ ਬਿਨਾਂ ਕਿਸੇ ਸਜ਼ਾ ਦੇ ਰਿਹਾਅ ਹੋ ਸਕਦਾ ਹੈ।

ਹੈਤੀ, ਬ੍ਰਾਜ਼ਿਲ ਅਤੇ ਕਲੋਬੀਆ 'ਚ ਵੀ ਲਗਭਗ ਅਜਿਹੇ ਹੀ ਕਾਨੂੰਨ ਹਨ।

ਇਨ੍ਹਾਂ ਸਾਰੇ ਦੇਸ਼ਾਂ 'ਚ ਕਾਨੂੰਨ ਮਰਦਾਂ ਨੂੰ "ਪਰਵਾਰ ਦੀ ਅਣਖ" ਦੇ ਨਾਂ 'ਤੇ ਔਰਤਾਂ ਦਾ ਕਤਲ ਕਰਨ ਦਾ ਸਾਹਸ ਦਿੰਦਾ ਹੈ। ਦੂਜਾ ਸ਼ਬਦਾਂ ਵਿੱਚ ਕਹੀਏ ਤਾਂ ਇਨ੍ਹਾਂ ਅਣਮਨੁੱਖੀ ਕਤਲਾਂ ਨੂੰ ਕਾਨੂੰਨੀ ਸੁਰੱਖਿਆ ਮਿਲੀ ਹੋਈ ਹੈ।

ਜਿਹੜਾ ਸਮਾਜ ਆਪਣੀ ਨੌਜਵਾਨ ਪੀੜ੍ਹੀ ਨੂੰ ਆਪਣੀ ਜ਼ਿੰਦਗੀ ਬਾਰੇ ਤੱਕ ਫੈਸਲੇ ਲੈਣ ਦੀ ਇਜ਼ਾਜਤ ਨਹੀਂ ਦੇਂਦਾ, ਜਿੱਥੇ ਪਰਿਵਾਰਾਂ ਵਿੱਚ ਪੁਰਾਣੀ ਪੀੜ੍ਹੀ ਅਤੇ ਮਰਦਾਂ ਦੀ ਨਿਰੰਕੁਸ਼ ਮਨਮਰਜੀ ਅੱਜ ਵੀ ਕਾਇਮ ਹੈ, ਜਿਸ ਸਮਾਜ ਵਿੱਚ ਰੂੜੀਆਂ-ਪ੍ਰੰਪਰਾਵਾਂ ਦੀ ਮਜ਼ਬੂਤ ਬੰਧੇਜ਼ ਅੱਜ ਵੀ ਕਾਇਮ ਹੈ ਉਹ ਸਮਾਜ ਪੂੰਜੀਵਾਦੀ ਸਮਾਜ ਦੇ ਹਰ ਤਰ੍ਹਾਂ ਦੇ ਅਨਿਆਂ ਨੂੰ ਪ੍ਰਵਾਨ ਕਰਨ ਲਈ ਸਰਾਪਿਆ ਹੋਇਆ ਹੈ।

ਦਰਅਸਲ 'ਅਣਖ' ਦੇ ਨਾਂ 'ਤੇ ਕਤਲਾਂ ਦਾ ਇਹ ਅਣਮਨੁੱਖੀ ਵਰਤਾਰਾ ਉਨ੍ਹਾਂ ਦੇਸ਼ਾਂ ਵਿੱਚ ਹੀ ਵਧੇਰੇ ਹੈ ਜਿੱਥੇ ਬਿਨਾਂ ਕਿਸੇ ਜਮਹੂਰੀ ਇਨਕਲਾਬ ਤੋਂ, ਧੀਮੇ ਸੁਧਾਰਾਂ ਦੀ ਇੱਕ ਕ੍ਰਮਵਾਰ ਪ੍ਰਕਿਰਿਆ ਜ਼ਰੀਏ ਸਰਮਾਏਦਾਰੀ ਵਿਕਾਸ ਹੋਇਆ ਹੈ। ਇਨ੍ਹਾਂ ਦੇਸ਼ਾਂ ਵਿੱਚ ਸਰਮਾਏਦਾਰੀ ਪੈਦਾਵਾਰੀ ਸਬੰਧ ਤਾਂ ਕਾਇਮ ਹੋਏ ਹਨ ਪਰ ਇਹ ਸਰਮਾਏਦਾਰੀ ਯੂਰੋਪੀ ਦੇਸ਼ਾਂ ਵਾਂਗ ਇੱਥੇ ਜਮਹੂਰੀ ਕਦਰਾਂ ਕੀਮਤਾਂ ਨਾਲ਼ ਲੈ ਕੇ ਨਹੀਂ ਆਈ। ਸਮਾਜੀ-ਸੱਭਿਆਚਾਰਕ ਧਰਾਤਲ ਉੱਪਰ ਇੱਥੇ ਅੱਜ ਵੀ ਜਗੀਰੂ ਕਦਰਾਂ ਕੀਮਤਾਂ ਦੀ ਜਕੜ ਬੇਹੱਦ ਮਜ਼ਬੂਤ ਹੈ। ਇਨ੍ਹਾਂ ਦੇਸ਼ਾਂ (ਭਾਰਤ ਵੀ ਇਨ੍ਹਾਂ 'ਚੋਂ ਇੱਕ) ਦੇ ਸਮਾਜੀ ਸੱਭਿਆਚਾਰਕ ਤਾਣੇ-ਬਾਣੇ ਵਿੱਚ ਗੈਰ-ਜਮਹੂਰੀ ਕਦਰਾਂ ਕੀਮਤਾਂ ਮਜ਼ਬੂਤੀ ਨਾਲ਼ ਰਚੀਆਂ-ਵਸੀਆਂ ਹੋਈਆਂ ਹਨ। ਇਸੇ ਕਾਰਨ ਇੱਥੇ ਵਿਅਕਤੀਗਤ ਅਜ਼ਾਦੀ ਅਤੇ ਨਿੱਜਤਾ ਜਿਹੇ ਸੰਕਲਪਾਂ ਨੂੰ ਕੋਈ ਥਾਂ ਨਹੀਂ ਹੈ। ਵਿਅਕਤੀ ਦੇ ਜੀਵਨ ਦੇ ਹਰ ਫੈਸਲੇ ਵਿੱਚ ਸਮਾਜ ਦਖ਼ਲ ਦਿੰਦਾ ਹੈ। ਭਾਵੇਂ ਉਹ ਪਿਆਰ ਦਾ ਸਵਾਲ ਹੋਵੇ, ਵਿਆਹ ਦਾ, ਕਿੱਤਾ ਚੁਣਨ ਜਾਂ ਕੋਈ ਵੀ ਹੋਰ।

ਇਸ ਸਮੱਸਿਆ ਦਾ ਹੱਲ ਵਰਤਮਾਨ ਸਰਮਾਏਦਾਰੀ ਨਿਜ਼ਾਮ ਦੀ ਮੁੱਢੋ-ਸੁੱਢੋਂ ਤਬਦੀਲੀ ਨਾਲ਼ ਜੁੜਿਆ ਹੋਇਆ ਅਤੇ ਇੱਥੇ ਇੱਕ ਪ੍ਰਚੰਡ ਤੂਫਾਨੀ ਸੱਭਿਆਚਾਰਕ ਇਨਕਲਾਬ ਦੀ ਲੋੜ ਹੈ। ਇਸ ਸੱਭਿਆਚਾਰਕ ਇਨਕਲਾਬ ਦੀ ਪ੍ਰਕਿਰਿਆ ਨੂੰ ਸਰਮਾਏਦਾਰੀ ਨਿਜ਼ਾਮ ਨੂੰ ਬਦਲਣ ਦੀ ਪ੍ਰਕਿਰਿਆ ਦੌਰਾਨ ਵੀ ਚਲਾਉਣਾ ਹੋਵੇਗਾ ਅਤੇ ਨਵੇਂ ਨਿਜ਼ਾਮ ਦੀ ਸਥਾਪਤੀ ਤੋਂ ਬਾਅਦ ਵੀ।•

♦

(ਪੰਨਾ 29 ਦਾ ਬਾਕੀ ਹਿੱਸਾ)

ਸਿੱਖਿਆ ਦੇ ਮਾਤਹਿਤ ਹੋਣੇ ਚਾਹੀਦੇ ਹਨ ਨਾ ਕਿ ਇਸ ਦੇ ਉਲਟ। ਮਜ਼ਦੂਰਾਂ 'ਚ ਸਮਾਜਵਾਦੀ ਚੇਤਨਾ ਦੇ ਪ੍ਰਚਾਰ ਪ੍ਰਸਾਰ ਦੀ ਕਾਰਵਾਈ ਸੰਘਰਸ਼ ਦੇ ਦੌਰਾਨ ਵੀ (ਜੇਕਰ ਸੰਭਵ ਹੋਵੇ ਤਾਂ) ਅਤੇ ਉਸ ਤੋਂ ਬਾਅਦ ਵੀ ਲਗਾਤਾਰ ਜਾਰੀ ਰੱਖਣੀ ਚਾਹੀਦੀ ਹੈ।

ਲੁਧਿਆਣੇ ਦੇ ਟੈਕਸਟਾਈਲ ਫੈਕਟਰੀ ਮਾਲਕ ਦੋ ਵਾਰ ਮਜ਼ਦੂਰਾਂ ਤੋਂ ਹਾਰ ਖਾ ਚੁੱਕੇ ਹਨ। ਮਜ਼ਦੂਰਾਂ ਦੀ ਏਕਤਾ ਅਤੇ ਜੱਥੇਬੰਦੀ ਉਨ੍ਹਾਂ ਦੇ ਹਿੱਤਾਂ 'ਤੇ ਲਗਾਤਾਰ ਚੋਟ ਕਰ ਰਹੀ ਹੈ। ਨਿਸ਼ਚੇ ਹੀ ਮਾਲਕ ਹੱਥ 'ਤੇ ਹੱਥ ਧਰੀ ਨਹੀਂ ਬੈਠੇ ਰਹਿਣਗੇ, ਉਹ ਵੀ ਮੋੜਵਾਂ ਹਮਲਾ ਕਰਨਗੇ। ਇਸ ਪ੍ਰਤੀ ਮਜ਼ਦੂਰਾਂ ਅਤੇ ਯੂਨੀਅਨ ਲੀਡਰਸ਼ਿਪ ਨੂੰ ਹਰ ਵਕਤ ਚੌਕੰਨੇ ਰਹਿਣ ਦੀ ਲੋੜ ਹੈ। ਇਸ ਚੁਣੌਤੀ ਦਾ ਟਾਕਰਾ ਕਰਨ ਲਈ ਮਜ਼ਦੂਰਾਂ ਦੀ ਚੇਤਨਾ ਉਨ੍ਹਾਂ ਦੀ ਵਿਸ਼ਾਲ ਏਕਤਾ ਅਤੇ ਜੱਥੇਬੰਦੀ ਸਮੇਂ ਦੀ ਲੋੜ ਹੈ।

— ਵਿਸ਼ੇਸ਼ ਪੱਤਰ ਪ੍ਰੇਰਕ

ਸਾਹਿਤ ਤੇ ਕਲਾ

ਕਹਾਣੀ

ਦਾਨਕੋ ਦਾ ਬਲ਼ਦਾ ਹੋਇਆ ਦਿਲ

ਮੈਕਸਿਮ ਗੋਰਕੀ

"**ਬਹੁਤ**, ਬਹੁਤ ਪਹਿਲਾਂ ਇੱਕ ਕਬੀਲਾ ਸੀ। ਉਹ ਜਿਸ ਜਗ੍ਹਾ ਰਹਿੰਦਾ ਸੀ ਉਹਦੇ ਤਿੰਨ ਪਾਸੇ ਸੰਘਣੇ ਜੰਗਲ ਪਸਰੇ ਹੋਏ ਸਨ ਅਤੇ ਚੌਥੇ ਪਾਸੇ ਘਾਹ ਦੇ ਮੈਦਾਨ ਫੈਲੇ ਹੋਏ ਸਨ। ਇਸ ਕਬੀਲੇ ਦੇ ਲੋਕ ਤਗੜੇ, ਬਹਾਦਰ ਅਤੇ ਖੁਸ਼ਮਿਜਾਜ਼ ਸਨ। ਪਰ ਬੁਰੇ ਦਿਨਾਂ ਨੇ ਉਨ੍ਹਾਂ ਨੂੰ ਆ ਘੇਰਿਆ। ਹੋਰਨਾਂ ਕਬੀਲਿਆਂ ਨੇ ਉਹਨਾਂ 'ਤੇ ਧਾਵਾ ਬੋਲਿਆ ਅਤੇ ਉਹਨਾਂ ਨੇ ਉਹਨਾਂ ਨੂੰ ਜੰਗਲ ਦੀਆਂ ਡੂੰਘਾਈਆਂ ਵਿੱਚ ਖਦੇੜ ਦਿੱਤਾ। ਜੰਗਲ ਹਨ੍ਹੇਰੇ ਵਿੱਚ ਡੁੱਬਿਆ ਹੋਇਆ ਅਤੇ ਦਲਦਲੀ ਸੀ। ਕਾਰਨ ਕਿ ਉਹ ਬਹੁਤ ਪੁਰਾਣਾ ਸੀ ਅਤੇ ਦਰਖ਼ਤਾਂ ਦੀਆਂ ਟਹਿਣੀਆਂ ਇਸ ਤਰ੍ਹਾਂ ਕਸਕੇ ਇੱਕ ਦੂਜੀ ਨਾਲ਼ ਗੁੰਦੀਆਂ ਸਨ ਕਿ ਅਸਮਾਨ ਦੀ ਸ਼ਕਲ ਤੱਕ ਨਜ਼ਰ ਨਹੀਂ ਆਉਂਦੀ ਸੀ ਅਤੇ ਘਣੀ ਹਰਿਆਲੀ ਨੂੰ ਚੀਰ ਕੇ ਦਲਦਲ ਤੱਕ ਪਹੁੰਚਣ ਵਿੱਚ ਸੂਰਜ ਦੀਆਂ ਕਿਰਣਾਂ ਦੀ ਸਾਰੀ ਸ਼ਕਤੀ ਖਪ ਜਾਂਦੀ ਸੀ। ਪਰ ਜਦ ਉਹ ਉਸ ਪਾਣੀ ਤੱਕ ਪਹੁੰਚਦੀ ਸੀ, ਤਾਂ ਜ਼ਹਿਰੀਲੀ ਹਵਾੜ ਉੱਠਣ ਲਗਦੀ ਸੀ, ਜਿਸ ਨਾਲ਼ ਲੋਕ ਮਰਨ ਲੱਗਦੇ ਸਨ।

"ਤਦ ਉਸ ਕਬੀਲੇ ਦੀਆਂ ਔਰਤਾਂ ਅਤੇ ਬੱਚੇ ਰੋਣ-ਪਿੱਟਣ ਲੱਗੇ ਅਤੇ ਮਰਦ ਚਿੰਤਾ ਵਿੱਚ ਘੁਲਣ ਲੱਗੇ। ਜੰਗਲ ਵਿੱਚੋਂ ਨਿਕਲ ਕੇ ਜਾਣ ਤੋਂ ਸਿਵਾ ਕੋਈ ਚਾਰਾ ਨਾ ਰਿਹਾ, ਪਰ ਬਾਹਰ ਨਿਕਲਣ ਦੇ ਦੋ ਹੀ ਰਸਤੇ ਸਨ—ਇੱਕ ਪਿੱਛੇ ਵੱਲ, ਜਿੱਥੇ ਤਾਕਤਵਰ ਅਤੇ ਜਾਨੀ ਦੁਸ਼ਮਣ ਸਨ, ਦੂਸਰਾ ਅੱਗੇ ਵੱਲ, ਜਿੱਥੇ ਦਿਓਕੱਦ ਦਰਖ਼ਤ ਉਹਨਾਂ ਦਾ ਰਸਤਾ ਰੋਕੇ ਖੜੇ ਸਨ, ਜਿਹਨਾਂ ਦੀਆਂ ਮਜ਼ਬੂਤ ਟਹਿਣੀਆਂ ਸਨ ਇੱਕ-ਦੂਜੀ ਨਾਲ਼ ਮਜ਼ਬੂਤੀ ਨਾਲ਼ ਗੁੰਦੀਆਂ ਹੋਈਆਂ ਅਤੇ ਜਿਹਨਾਂ ਦੀਆਂ ਵਿੰਗੀਆਂ-ਟੇਡੀਆਂ ਜੜ੍ਹਾਂ ਦਲਦਲੀ ਚਿੱਕੜ ਵਿੱਚ ਬਹੁਤ ਡੂੰਘੀਆਂ ਚਲੀਆਂ ਗਈਆਂ ਸਨ। ਇਹ ਪੱਥਰਨੁਮਾ ਦਰਖ਼ਤ ਦਿਨ ਦੇ ਮਟਮੈਲੇ ਹਨੇਰੇ ਵਿੱਚ ਨਿਰਵਾਕ ਅਤੇ ਅਡੋਲ ਖੜੇ ਰਹਿੰਦੇ ਅਤੇ ਰਾਤ ਨੂੰ ਜਦ ਚੁੱਲ੍ਹੇ ਬਲ਼ਦੇ, ਤਾਂ ਲੋਕਾਂ ਦੇ ਦੁਆਲ਼ੇ ਆਪਣਾ ਘੇਰਾ ਹੋਰ ਵੀ ਕਸ ਲੈਂਦੇ ਅਤੇ ਸਤੇਪੀ ਦੀ ਖੁੱਲੀ ਗੋਦ ਦੇ ਆਦੀ ਲੋਕ ਦਿਨ-ਰਾਤ ਹਨੇਰੇ ਦੀਆਂ ਕੰਧਾਂ ਵਿੱਚ ਬੰਦ ਰਹਿੰਦੇ ਜੋ ਕਿ ਜਿਵੇਂ ਉਹਨਾਂ ਨੂੰ ਕੁਚਲਣ ਦੀ ਸੌਂਹ ਖਾਈ ਬੈਠੀਆਂ ਸਨ। ਇਸ ਸਭ ਤੋਂ ਭਿਆਨਕ ਸੀ ਹਵਾ, ਜੋ ਦਰਖਤਾਂ ਦੀਆਂ ਚੋਟੀਆਂ ਤੋਂ ਸਨਸਨਾਉਂਦੀ ਅਤੇ ਫੁੰਕਾਰਦੀ ਹੋਈ ਗੁਜ਼ਰਦੀ ਅਤੇ ਇਸ ਤਰ੍ਹਾਂ ਲਗਦਾ ਮੰਨੋ ਕਿ ਸਮੁੱਚਾ ਜੰਗਲ ਉਹਨਾਂ ਲੋਕਾਂ ਲਈ ਕਿਸੇ ਭਿਅੰਕਰ ਸੋਗੀ ਗੀਤ ਨਾਲ਼ ਗੂੰਜ ਉਠਿਆ ਹੋਵੇ। ਉਹ ਇੱਕ ਬਹਾਦਰ ਕਬੀਲੇ ਦੇ ਲੋਕ ਸਨ ਅਤੇ ਅੰਤ ਤੱਕ ਉਹਨਾਂ ਲੋਕਾਂ ਨਾਲ਼ ਲੜਦੇ, ਜਿਹਨਾਂ ਨੇ ਉਹਨਾਂ ਨੂੰ ਇੱਕ ਵਾਰ ਹਰਾ ਦਿੱਤਾ ਸੀ। ਪਰ ਉਹ ਲੜਾਈਆਂ ਵਿੱਚ ਆਪਣੇ ਆਪ ਨੂੰ ਮਰਨ ਨਹੀਂ ਦੇ ਸਕਦੇ ਸਨ ਕਿਉਂਕਿ ਉਹਨਾਂ ਦੇ ਆਪਣੇ ਜੀਵਨ-ਆਦਰਸ਼ ਸਨ ਅਤੇ ਜੇ ਉਹ ਮਰ ਜਾਂਦੇ ਤਾਂ ਉਹਨਾਂ ਦੇ ਜੀਵਨ-ਆਦਰਸ਼ ਵੀ ਉਹਨਾਂ ਦੇ ਨਾਲ਼ ਹੀ ਖ਼ਤਮ ਹੋ ਜਾਂਦੇ। ਇਸੇ ਲਈ ਉਹ ਦਲਦਲ ਦੀ ਜ਼ਹਿਰੀਲੀ ਹਵਾੜ ਅਤੇ ਜੰਗਲ ਦੇ ਘੁਟੇ-ਘੁਟੇ ਸ਼ੋਰ ਵਾਲ਼ੀਆਂ ਲੰਮੀਆਂ ਰਾਤਾਂ ਵਿੱਚ ਬੈਠੇ ਹੋਏ ਆਪਣੀ ਕਿਸਮਤ ਬਾਰੇ ਸੋਚਦੇ ਰਹਿੰਦੇ ਸਨ। ਉਹ ਸੋਚ ਵਿੱਚ ਡੁੱਬੇ ਬੈਠੇ ਹੁੰਦੇ, ਅੱਗ ਦੀਆਂ ਲਾਟਾਂ ਦੇ ਪਰਛਾਵੇਂ ਉਹਨਾਂ ਦੇ ਆਲ਼ੇ-ਦੁਆਲ਼ੇ ਮੂਕ ਨਾਚ ਵਿੱਚ ਟੱਪਦੇ ਅਤੇ ਉਹਨਾਂ ਸਭ ਨੂੰ ਇਸ ਤਰ੍ਹਾਂ ਲਗਦਾ ਕਿ ਇਹ ਨਿਰੇ ਪਰਛਾਵੇਂ ਹੀ ਨਾਚ ਨਹੀਂ ਕਰ ਰਹੇ ਸਗੋਂ ਜੰਗਲ ਅਤੇ ਦਲਦਲ ਦੀਆਂ ਪ੍ਰੇਤਆਤਮਾਵਾਂ ਆਪਣੀ ਜਿੱਤ ਦਾ ਜਸ਼ਨ ਮਨਾ ਰਹੀਆਂ ਹਨ... ਲੋਕ ਇਸਤਰ੍ਹਾਂ ਬੈਠੇ-ਬੈਠੇ ਸੋਚਦੇ ਰਹਿੰਦੇ। ਪਰ ਪਰੇਸ਼ਾਨ ਕਰਨ ਵਾਲ਼ੇ ਵਿਚਾਰ ਆਦਮੀ ਨੂੰ ਜਿਨਾਂ ਨਿਚੋੜਦੇ ਹਨ, ਓਨਾ ਹੋਰ ਕੋਈ ਚੀਜ਼ ਨਹੀਂ, ਨਾ ਮਿਹਨਤ, ਨਾ ਔਰਤਾਂ। ਲੋਕ ਚਿੰਤਾ ਵਿੱਚ ਸੁੱਕਣ ਲੱਗੇ... ਉਹਨਾਂ ਦਿਲਾਂ ਵਿੱਚ ਭੈਅ ਪੈਦਾ ਹੋਇਆ ਅਤੇ ਉਸਨੇ ਉਹਨਾਂ ਦੀਆਂ ਮਜ਼ਬੂਤ ਬਾਹਾਂ ਨੂੰ ਜਕੜ ਲਿਆ। ਜ਼ਹਿਰੀਲੀ ਹਵਾੜ ਕਾਰਨ ਮਰੇ ਲੋਕਾਂ ਦੀਆਂ ਲਾਸ਼ਾ 'ਤੇ ਔਰਤਾਂ ਦਾ ਰੋਣਾ ਅਤੇ ਭੈਅ ਨਾਲ਼ ਸ਼ਕਤੀਹੀਣ ਹੋਏ ਜ਼ਿੰਦਾ ਜੀਵਾਂ 'ਤੇ ਉਹਨਾਂ ਦਾ ਰੋਣਾ-ਕਲਪਣਾ ਦਹਿਸ਼ਤ ਪੈਦਾ ਕਰਦਾ। ਅਤੇ ਇਸਤਰ੍ਹਾਂ ਜੰਗਲ ਵਿੱਚ ਬੁਜ਼ਦਿਲੀ ਭਰੇ ਸ਼ਬਦ ਭਿਣਭਿਣਾਉਣ ਲੱਗੇ—ਪਹਿਲਾਂ ਹੋਲ਼ੀ ਅਤੇ ਦੱਬੇ-ਦੱਬੇ ਅਤੇ ਫਿਰ ਲਗਾਤਾਰ ਹੋਰ ਜ਼ਿਆਦਾ ਖੁੱਲ੍ਹਕੇ.. ਆਖਰ 'ਚ ਉਹ ਦੁਸ਼ਮਣ ਕੋਲ਼ ਜਾਕੇ ਉਹਨੂੰ ਆਪਣੀ ਅਜ਼ਾਦੀ ਭੇਂਟ ਕਰਨ ਦੀ ਸੋਚਣ ਲੱਗੇ। ਮੌਤ ਦੇ ਭੈਅ ਨੇ ਉਹਨਾਂ ਨੂੰ ਇੰਨਾ ਡਰਾ ਦਿੱਤਾ ਸੀ ਕਿ ਹਰ ਕੋਈ ਗੁਲਾਮ ਵਾਂਗ ਜੀਵਨ ਬਿਤਾਉਣ ਨੂੰ ਤਿਆਰ ਹੋ ਗਿਆ ਸੀ... ਪਰ ਉਦੋਂ ਦਾਨਕੋ ਆਇਆ ਅਤੇ ਉਸਨੇ ਹੀ ਉਹਨਾਂ ਸਭ ਦੀ ਰੱਖਿਆ ਕੀਤੀ।

"ਦਾਨਕੋ ਉਹਨਾਂ ਵਿੱਚੋਂ ਹੀ ਇੱਕ ਸੋਹਣਾ ਜਵਾਨ ਸੀ। ਸੋਹਣੇ ਲੋਕ ਹਮੇਸ਼ਾ ਹਿੰਮਤੀ ਹੁੰਦੇ ਹਨ। ਅਤੇ ਉਸਨੇ ਆਪਣੇ ਸਾਥੀਆਂ ਨੂੰ ਕਿਹਾ—

"'ਸਿਰਫ਼ ਸੋਚਣ ਨਾਲ਼ ਹੀ ਰਸਤੇ ਦੀਆਂ ਚੱਟਾਨਾਂ ਨਹੀਂ ਹਟਦੀਆਂ। ਜੋ ਕੁੱਝ ਕਰਦੇ ਨਹੀਂ, ਉਹ ਕੁੱਝ ਪਾਉਂਦੇ ਨਹੀਂ। ਸੋਚ ਅਤੇ ਪ੍ਰੇਸ਼ਾਨੀ ਵਿੱਚ ਅਸੀਂ ਆਪਣੀਆਂ ਸ਼ਕਤੀਆਂ ਕਿਉਂ ਬਰਬਾਦ ਕਰ ਰਹੇ ਹਾਂ? ਉਠੋ, ਜੰਗਲ ਨੂੰ ਚੀਰਦੇ ਹੋਏ ਅਸੀਂ ਅੱਗੇ ਵਧ ਚਲੀਏ—ਕਿਤੇ ਨਾ ਕਿਤੇ ਤਾਂ ਇਸਦਾ ਅੰਤ ਹੋਵੇਗਾ ਹੀ—ਹਰ

ਚੀਜ਼ ਦਾ ਅੰਤ ਹੁੰਦਾ ਹੈ! ਚਲੋ, ਅੱਗੇ ਵਧੋ!'

"ਲੋਕਾਂ ਦੀਆਂ ਅੱਖਾਂ ਉਸਦੇ ਵੱਲ ਉਠੀਆਂ ਅਤੇ ਉਹਨਾਂ ਦੇਖਿਆ ਕਿ ਉਹ ਉਹਨਾਂ ਵਿੱਚੋਂ ਸਭ ਤੋਂ ਉੱਤਮ ਹੈ, ਕਿਉਂਕਿ ਉਹਦੀਆਂ ਅੱਖਾਂ ਸ਼ਕਤੀ ਅਤੇ ਜੀਵਨ ਨਾਲ਼ ਲਿਸ਼ਕ ਰਹੀਆਂ ਸਨ।"

"'ਸਾਡੀ ਅਗਵਾਈ ਕਰੋ!' ਉਹਨਾਂ ਨੇ ਕਿਹਾ।

"ਅਤੇ ਉਸਨੇ ਉਹਨਾਂ ਦੀ ਅਗਵਾਈ ਕੀਤੀ...

"ਸੋ ਦਾਨਕੋ ਉਹਨਾਂ ਨੂੰ ਲੈ ਤੁਰਿਆ। ਉਹ ਉਤਸ਼ਾਹ ਨਾਲ਼ ਉਹਦੇ ਨਾਲ਼ ਚਲੇ ਕਿਉਂਕਿ ਉਸ ਵਿੱਚ ਉਹਨਾਂ ਦਾ ਵਿਸ਼ਵਾਸ ਸੀ। ਪੈਂਡਾ ਬੜਾ ਬਿਖੜਾ ਸੀ! ਹਨੇਰਾ ਸੀ, ਪੈਰ-ਪੈਰ 'ਤੇ ਦਲਦਲ ਆਪਣਾ ਸੜਿਆ ਹੋਇਆ ਲਾਲਚੀ ਮੂੰਹ ਅੱਡੀ ਹੋਈ ਸੀ। ਉਹ ਲੋਕਾਂ ਨੂੰ ਨਿਗਲ ਜਾਂਦੀ ਸੀ ਅਤੇ ਦਰਖ਼ਤ ਮਜ਼ਬੂਤ ਦੀਵਾਰਾਂ ਦੇ ਵਾਂਗ ਰਾਹ ਰੋਕ ਲੈਂਦੇ ਸਨ। ਉਹਨਾਂ ਦੀਆਂ ਟਹਿਣੀਆਂ ਕਸਕੇ ਇੱਕ-ਦੂਜੀ ਵਿੱਚ ਗੁੰਦੀਆਂ ਹੋਈਆਂ ਸਨ ਅਤੇ ਸੱਪਾਂ ਵਾਂਗ ਹਰ ਪਾਸੇ ਫੈਲੀਆਂ ਹੋਈਆਂ ਸਨ ਉਹਨਾਂ ਦੀਆਂ ਜੜਾਂ। ਹਰ ਕਦਮ ਅੱਗੇ ਵਧਣ ਲਈ ਉਹਨਾਂ ਨੂੰ ਆਪਣੇ ਲਹੂ ਅਤੇ ਪਸੀਨੇ ਨਾਲ਼ ਕੀਮਤ ਚੁਕਾਣੀ ਪੈਂਦੀ। ਦੇਰ ਤੱਕ ਉਹ ਚਲਦੇ ਰਹੇ... ਜੰਗਲ ਹੋਰ ਘਣਾ ਹੁੰਦਾ ਗਿਆ ਅਤੇ ਲੋਕਾਂ ਦੀ ਤਾਕਤ ਘਟਦੀ ਗਈ! ਅਤੇ ਉਦੋਂ ਉਹ ਦਾਨਕੋ ਖਿਲਾਫ਼ ਬੁੜਬੁੜ ਕਰਨ ਲੱਗੇ। ਕਹਿਣ ਲੱਗੇ ਕਿ ਉਹ ਨਿਰਾ ਮੁੰਡਾ ਅਤੇ ਨਾਤਜ਼ਰਬੇਕਾਰ ਹੈ ਅਤੇ ਪਤਾ ਨਹੀਂ ਸਾਨੂੰ ਕਿੱਥੇ ਲੈ ਆਇਆ ਹੈ। ਪਰ ਉਹ ਉਹਨਾਂ ਦੇ ਅੱਗੇ-ਅੱਗੇ ਚਲਦਾ ਰਿਹਾ। ਉਸਦੇ ਮਨ ਵਿੱਚ ਕਿਸੇ ਤਰਾਂ ਦੀ ਸ਼ੰਕਾ ਅਤੇ ਚਿਹਰੇ 'ਤੇ ਕੋਈ ਸ਼ਿਕਨ ਨਹੀਂ ਸੀ।

"ਪਰ ਇੱਕ ਦਿਨ ਤੁਫਾਨ ਨੇ ਜੰਗਲ ਨੂੰ ਘੇਰ ਲਿਆ ਅਤੇ ਦਰਖ਼ਤਾਂ ਵਿੱਚ ਦਹਿਸ਼ਤਜ਼ਦਾ ਸਨਸਨਾਹਟ ਦੌੜ ਗਈ। ਅਤੇ ਉਦੋਂ ਇੰਨਾ ਘਣਾ ਹਨੇਰਾ ਛਾ ਗਿਆ ਕਿ ਲਗਦਾ ਸੀ ਜਿਵੇਂ ਉਹ ਸਾਰੀਆਂ ਰਾਤਾਂ ਇੱਕੋ ਵਾਰ ਉਥੇ ਹੋ ਗਈਆਂ ਹੋਣ ਜੋ ਜੰਗਲ ਦੇ ਜਨਮ ਤੋਂ ਲੈਕੇ ਹੁਣ ਤੱਕ ਬੀਤੀਆਂ ਸਨ। ਅਤੇ ਉਹ ਛੋਟੇ-ਛੋਟੇ ਲੋਕ ਦਿਓਕੱਦ ਦਰਖ਼ਤਾਂ ਅਤੇ ਤੁਫਾਨੀ ਗਰਜਾਂ ਵਿੱਚ ਚਲਦੇ ਰਹੇ। ਉਹ ਚਲਦੇ ਜਾਂਦੇ, ਦਿਓਕੱਦ ਦਰਖ਼ਤ ਚਰਚਰਾਉਂਦੇ, ਭਿਅੰਕਰ ਗੀਤ ਜਿਹੇ ਗਾਉਂਦੇ ਅਤੇ ਦਰਖ਼ਤਾਂ ਦੀਆਂ ਕਰੂੰਬਲਾਂ ਦੇ ਉਪਰ ਬਿਜਲੀ ਚਮਕਦੀ, ਪਲ ਭਰ ਲਈ ਇੱਕ ਠੰਡੀ ਨੀਲੀ ਰੋਸ਼ਨੀ ਜੰਗਲ ਨੂੰ ਜਗਮਗਾ ਦਿੰਦੀ ਅਤੇ ਫਿਰ ਓਨੀ ਹੀ ਤੇਜ਼ੀ ਨਾਲ਼ ਗਾਇਬ ਹੋ ਜਾਂਦੀ। ਲੋਕਾਂ ਦੇ ਦਿਲ ਡਰ ਨਾਲ਼ ਕੰਬ ਉਠਦੇ। ਬਿਜਲੀ ਦੀ ਠੰਡੀ ਰੋਸ਼ਨੀ ਵਿੱਚ ਦਰਖ਼ਤ ਜਿਉਂਦੇ-ਜਾਗਦੇ ਮਲੂਮ ਹੁੰਦੇ—ਆਪਣੀਆਂ ਗਠੀਲੀਆਂ ਲੰਬੀਆਂ ਬਾਹਵਾਂ ਨੂੰ ਫੈਲਾਉਂਦੇ ਅਤੇ ਉਹਨਾਂ ਨੂੰ ਗੁੰਦਕੇ ਘਣਾ ਜਾਲ਼ ਜਿਹਾ ਵਿਛਾਉਂਦੇ-, ਤਾਂਕਿ ਇਹ ਲੋਕ, ਜੋ ਹਨੇਰੇ ਦੀ ਕੈਦ ਤੋਂ ਛੁੱਟਣ ਦੀ ਕੋਸ਼ਿਸ਼ ਕਰ ਰਹੇ ਸਨ, ਉਹਨਾਂ ਵਿੱਚ ਫਸਕੇ ਰਹਿ ਜਾਣ। ਟਹਿਣੀਆਂ ਦੀਆਂ ਘਟਾਵਾਂ ਵਿੱਚੋਂ ਹੀ ਕੋਈ ਠੰਡੀ, ਕਾਲ਼ੀ ਅਤੇ ਭਿਅੰਕਰ ਚੀਜ਼ ਉਹਨਾਂ ਵੱਲ ਘੂਰ ਰਹੀ ਸੀ। ਬਹੁਤ ਹੀ ਬਿੱਖੜਾ ਪੈਂਡਾ ਸੀ ਉਹ। ਅਤੇ ਲੋਕ, ਜੋ ਥੱਕ ਕੇ ਚੂਰ ਹੋ ਗਏ ਸਨ, ਹਿੰਮਤ ਹਾਰ ਬੈਠੇ। ਪਰ ਸ਼ਰਮ ਦੇ ਮਾਰੇ ਉਹ ਆਪਣੀ ਕਮਜ਼ੋਰੀ ਨਾ ਪ੍ਰਵਾਨ ਕਰਦੇ ਅਤੇ ਆਪਣਾ ਗੁੱਸਾ ਅਤੇ ਖਿੱਝ ਦਾਨਕੋ 'ਤੇ ਲਾਹੁੰਦੇ ਜੋ ਉਹਨਾਂ ਦੇ ਅੱਗੇ-ਅੱਗੇ ਚੱਲ ਰਿਹਾ ਸੀ। ਉਹ ਉਸਤੇ ਇਲਜ਼ਾਮ ਲਗਾਉਂਦੇ ਕਿ ਉਹ ਉਹਨਾਂ ਦੀ ਅਗਵਾਈ ਕਰਨ ਦੀ ਯੋਗਤਾ ਨਹੀਂ ਰੱਖਦਾ—ਤਾਂ ਇਸ ਤਰ੍ਹਾਂ ਦੀ ਹਾਲਤ ਸੀ!

"ਉਹ ਰੁਕ ਗਏ ਅਤੇ ਉਸ ਕੰਬਦੇ ਹੋਏ ਹਨੇਰੇ ਅਤੇ ਜੰਗਲ ਦੀ ਜੇਤੂ ਗਰਜ ਦੇ ਵਿੱਚ ਥਕਾਵਟ ਅਤੇ ਗੁੱਸੇ ਨਾਲ਼ ਬੇਹਾਲ ਉਹਨਾਂ ਲੋਕਾਂ ਨੇ ਦਾਨਕੋ ਨੂੰ ਭਲਾ-ਬੁਰਾ ਕਹਿਣਾ ਸ਼ੁਰੂ ਕੀਤਾ।

"'ਤੂੰ ਕਮੀਨਾ ਅਤੇ ਦੁਸ਼ਟ ਹੈਂ! ਤੂੰ ਹੀ ਸਾਨੂੰ ਇਸ ਮੁਸੀਬਤ ਵਿੱਚ ਫਸਾਇਆ ਹੈ,' ਉਹ ਕਹਿ ਉਠੇ, 'ਇਸ ਲਈ ਤੈਨੂੰ ਹੁਣ ਆਪਣੀ ਜਾਨ ਤੋਂ ਹੱਥ ਧੋਣੇ ਪੈਣਗੇ!'

"ਦਾਨਕੋ ਉਹਨਾਂ ਸਾਹਮਣੇ ਛਾਤੀ ਤਾਣ ਖੜਾ ਹੋ ਗਿਆ ਅਤੇ ਚੀਖਕੇ ਬੋਲਿਆ—

"'ਤੁਸੀਂ ਕਿਹਾ—"ਸਾਡੀ ਅਗਵਾਈ ਕਰੋ।" ਅਤੇ ਮੈਂ ਤੁਹਾਡੀ ਅਗਵਾਈ ਕੀਤੀ। ਮੇਰੇ ਵਿੱਚ ਤੁਹਾਡੀ ਅਗਵਾਈ ਕਰਨ ਦੀ ਹਿੰਮਤ ਹੈ ਅਤੇ ਇਸੇ ਲਈ ਮੈਂ ਇਸਦਾ ਬੀੜਾ ਚੁੱਕਿਆ। ਪਰ ਤੁਸੀਂ? ਤੁਸੀਂ ਆਪਣੀ ਮਦਦ ਲਈ ਕੀ ਕੀਤਾ? ਚਲਦੇ ਹੀ ਰਹੇ ਅਤੇ ਹੋਰ ਲੰਮੇਰੇ ਰਾਹ ਲਈ ਆਪਣੀ ਸ਼ਕਤੀ ਸੁਰੱਖਿਅਤ ਨਹੀਂ ਰੱਖ ਸਕੇ। ਭੇਡਾਂ ਦੇ ਇੱਜੜ ਵਾਂਗ ਤੁਸੀਂ ਸਿਰਫ਼ ਚਲਦੇ ਹੀ ਰਹੇ।'

"ਉਹਦੇ ਇਨ੍ਹਾਂ ਸ਼ਬਦਾਂ ਨੇ ਉਨ੍ਹਾਂ ਨੂੰ ਹੋਰ ਵੀ ਜ਼ਿਆਦਾ ਭੜਕਾ ਦਿੱਤਾ।

" 'ਅਸੀਂ ਤੇਰੀ ਜਾਨ ਲੈ ਲਵਾਂਗੇ! ਤੇਰੀ ਜਾਨ ਲੈ ਲਵਾਂਗੇ।' ਉਹ ਚੀਕ ਉਠੇ।

"ਜੰਗਲ ਗੂੰਜ ਰਿਹਾ ਸੀ, ਗੂੰਜ ਰਿਹਾ ਸੀ, ਉਹਨਾਂ ਦੀਆਂ ਚੀਕਾਂ ਨੂੰ ਗੂੰਜਾਅ ਰਿਹਾ ਸੀ। ਬਿਜਲੀ ਹਨੇਰੇ ਦੀਆਂ ਕਾਤਰਾਂ ਖਿਲਾਰ ਰਹੀ ਸੀ। ਦਾਨਕੋ ਦੀ ਨਜ਼ਰ ਉਹਨਾਂ 'ਤੇ ਟਿਕੀ ਸੀ, ਜਿਹਨਾਂ ਲਈ ਉਸਨੇ ਇਨੇ ਕਸ਼ਟ ਸਹੇ ਸਨ ਅਤੇ ਉਸਨੇ ਦੇਖਿਆ ਕਿ ਉਹ ਦਰਿੰਦੇ ਬਣੇ ਹੋਏ ਹਨ। ਇੱਕ ਚੰਗੀ-ਤਗੜੀ ਭੀੜ ਨੇ ਉਹਨੂੰ ਘੇਰਿਆ ਹੋਇਆ ਸੀ, ਪਰ ਉਨ੍ਹਾਂ ਦੇ ਚਿਹਰਿਆਂ 'ਤੇ **ਸਦਭਾਵਨਾ** ਦਾ ਕੋਈ ਨਿਸ਼ਾਨ ਨਜ਼ਰ ਨਹੀਂ ਆ ਰਿਹਾ ਸੀ ਅਤੇ ਉਹਨਾਂ ਤੋਂ ਕਿਸੇ ਤਰਾਂ ਦੀ ਰਹਿਮ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਉਦੋਂ ਉਸਦੇ ਦਿਲ ਵਿੱਚ ਗੁੱਸੇ ਦੀ ਇੱਕ ਅੱਗ ਜਿਹੀ ਭੜਕੀ, ਪਰ ਲੋਕਾਂ ਪ੍ਰਤੀ ਤਰਸ ਨੇ ਉਸਨੂੰ ਸ਼ਾਂਤ ਕਰ ਦਿੱਤਾ। ਉਹ ਲੋਕਾਂ ਨੂੰ ਚਾਹੁੰਦਾ ਸੀ ਅਤੇ ਉਹਨੂੰ ਡਰ ਸੀ ਕਿ ਉਹਦੇ ਬਿਨਾ ਉਹ ਖ਼ਤਮ ਹੋ ਜਾਣਗੇ। ਉਹਨਾਂ ਨੂੰ ਬਚਾਉਣ ਅਤੇ ਸੁਖਾਲ਼ੇ ਰਾਹ 'ਤੇ ਲੈ ਜਾਣ ਦੀ ਇੱਕ ਵਡੇਰੀ ਇੱਛਾ ਦੀ ਜੋਤ ਉਹਦੇ ਦਿਲ ਵਿੱਚ ਬਲ਼ ਉਠੀ ਅਤੇ ਇਸ ਮਹਾਨ ਜੋਤ ਦੀਆਂ ਤੇਜ਼ ਲਾਟਾਂ ਉਸਦੀਆਂ ਅੱਖਾਂ ਵਿੱਚ ਨੱਚਣ ਲੱਗੀਆਂ... ਅਤੇ ਇਹ ਦੇਖਕੇ ਲੋਕਾਂ ਨੇ ਸੋਚਿਆ ਕਿ ਉਹ ਆਪੇ ਤੋਂ ਬਾਹਰ ਹੋ ਗਿਆ ਹੈ ਅਤੇ ਇਸੇ ਕਾਰਣ ਉਸਦੀਆਂ ਅੱਖਾਂ ਵਿੱਚ ਅੱਗ ਦੀ ਪ੍ਰਚੰਡ ਲੋਅ ਥਿਰਕ ਰਹੀ ਹੈ। ਉਹ ਬਘਿਆੜਾਂ ਵਾਂਗ ਚੌਕੰਨੇ ਹੋ ਗਏ—ਇਸੇ ਸ਼ੱਕ ਨਾਲ਼ ਕਿ ਉਹ ਹੁਣ ਉਹਨਾਂ 'ਤੇ ਟੁੱਟ ਪਵੇਗਾ ਅਤੇ ਉਸਦੇ ਆਲ਼ੇ-ਦੁਆਲ਼ੇ ਹੋਰ ਵੀ ਨੇੜ ਆ ਗਏ ਤਾਂਕਿ ਉਸਨੂੰ ਦਬੋਚ ਸਕਣ ਅਤੇ ਮਾਰ ਸੁੱਟਣ। ਉਹਨੇ ਉਹਨਾਂ ਦਾ ਇਹ ਇਰਾਦਾ ਭਾਂਪ ਲਿਆ, ਜਿਸ

ਨਾਲ਼ ਉਸਦੇ ਦਿਲ ਦੀ ਜੋਤ ਹੋਰ ਵੀ ਪ੍ਰਚੰਡ ਹੋ ਉਠੀ, ਕਿਉਂਕਿ ਉਨ੍ਹਾਂ ਦੇ ਇਸ ਵਿਚਾਰ ਨਾਲ਼ ਉਸਦਾ ਦਿਲ ਤੜਪ ਉਠਿਆ ਸੀ।

"ਅਤੇ ਜੰਗਲ ਆਪਣਾ ਸੋਗੀ ਗੀਤ ਗਾਉਂਦਾ ਜਾ ਰਿਹਾ ਸੀ, ਬੱਦਲ ਗਰਜਦੇ ਜਾ ਰਹੇ ਸਨ ਅਤੇ ਮੀਂਹ ਜ਼ੋਰ ਨਾਲ਼ ਵਰਦਾ ਜਾ ਰਿਹਾ ਸੀ...

"'ਲੋਕਾਂ ਲਈ ਮੈਂ ਕੀ ਕਰਾਂ?' ਦਾਨਕੋ ਦੀ ਅਵਾਜ਼ ਬੱਦਲਾਂ ਦੀ ਗਰਜ ਨੂੰ ਵਿੰਨ੍ਹਦੀ ਹੋਈ ਗੂੰਜ ਉਠੀ।

"ਅਤੇ ਯਕਦਮ ਉਹਨੇ ਆਪਣੀ ਛਾਤੀ ਚੀਰ ਦਿੱਤੀ, ਆਪਣੇ ਦਿਲ ਨੂੰ ਮਰੁੰਡ ਕੇ ਬਾਹਰ ਕੱਢਿਆ ਅਤੇ ਉਸਨੂੰ ਆਪਣੇ ਸਿਰ ਤੋਂ ਉੱਚਾ ਚੁੱਕ ਦਿੱਤਾ।

"ਉਹ ਸੂਰਜ ਵਾਂਗ ਦਹਿਕ ਰਿਹਾ ਸੀ, ਉਸਦਾ ਪ੍ਰਕਾਸ਼ ਸੂਰਜ ਤੋਂ ਵੀ ਜ਼ਿਆਦਾ ਤੇਜ਼ ਸੀ। ਜੰਗਲ ਦੀ ਗਰਜ ਸ਼ਾਂਤ ਹੋ ਗਈ ਅਤੇ ਇਸ ਮਸ਼ਾਲ ਦਾ—ਮਨੁੱਖ ਜਾਤੀ ਦੇ ਪ੍ਰਤੀ ਮਹਾਨ ਪ੍ਰੇਮ ਦੀ ਇਸ ਮਸ਼ਾਲ ਦਾ—ਪ੍ਰਕਾਸ਼ ਫੈਲ ਤੁਰਿਆ। ਪ੍ਰਕਾਸ਼ ਨਾਲ਼ ਹਨੇਰੇ ਦੇ ਪੈਰ ਪੁੱਟੇ ਗਏ ਅਤੇ ਉਹ ਕੰਬਦਾ-ਥਰਥਰਾਉਂਦਾ ਹੋਇਆ ਦਲਦਲ ਦੇ ਸੜੀ-ਗਲ਼ੀ ਗਰਕੀ ਵਿੱਚ ਛਾਲ਼ ਮਾਰ ਜੰਗਲ ਦੀਆਂ ਪਤਾਲ਼ੀ ਗਹਿਰਾਈਆਂ ਵਿੱਚ ਸਮਾ ਗਿਆ। ਅਤੇ ਲੋਕ ਹੈਰਾਨੀ ਦੇ ਮਾਰੇ ਬੁਤ ਬਣੇ ਉਥੇ ਖੜ੍ਹੇ ਰਹਿ ਗਏ।

"'ਵਧੇ ਚਲੋ!' ਦਾਨਕੋ ਨੇ ਚੀਖਕੇ ਕਿਹਾ ਅਤੇ ਆਪਣੇ ਬਲ਼ਦੇ ਹੋਏ ਦਿਲ ਨੂੰ ਪੂਰਾ ਉੱਚਾ ਚੁੱਕ ਕੇ ਲੋਕਾਂ ਦਾ ਰਾਹ ਜਗਮਗਾਉਂਦਾ ਹੋਇਆ ਤੇਜ਼ੀ ਨਾਲ਼ ਅੱਗੇ ਵਧ ਤੁਰਿਆ।

"ਮੰਤਰਮੁਗਧ ਜਿਹੇ ਲੋਕ ਉਹਦੇ ਪਿੱਛੇ ਹੋ ਲਏ। ਤਦ ਜੰਗਲ ਇੱਕ ਵਾਰ ਫਿਰ ਗੂੰਜਣ ਅਤੇ ਆਪਣੀਆਂ ਕਰੂੰਬਲਾਂ ਨੂੰ ਹੈਰਾਨੀ ਨਾਲ਼ ਹਿਲਾਉਣ ਲੱਗਾ। ਪਰ ਉਹਦਾ ਇਹ ਗੂੰਜਣਾ ਦੌੜਦੇ ਹੋਏ ਲੋਕਾਂ ਦੇ ਪੈਰਾਂ ਦੀ ਅਵਾਜ਼ ਵਿੱਚ ਗੁੰਮ ਗਿਆ। ਲੋਕ ਹੁਣ ਹਿੰਮਤ ਅਤੇ ਤੇਜ਼ੀ ਦੇ ਨਾਲ਼ ਭੱਜਦੇ ਹੋਏ ਅੱਗੇ ਵਧ ਰਹੇ ਸਨ— ਬਲ਼ਦੇ ਹੋਏ ਦਿਲ ਦਾ ਅਨੋਖਾ ਪ੍ਰਕਾਸ਼ ਉਹਨਾਂ ਨੂੰ ਤਾਕਤ ਦੇ ਰਿਹਾ ਸੀ। ਲੋਕ ਮਰਦੇ ਤਾਂ ਉਦੋਂ ਵੀ ਸਨ, ਪਰ ਹੰਝੂਆਂ ਅਤੇ ਸ਼ਿਕਵੇ-ਸ਼ਿਕਾਇਤਾਂ ਤੋਂ ਬਿਨ੍ਹਾਂ। ਦਾਨਕੋ ਸਭ ਤੋਂ ਅੱਗੇ ਵਧਿਆ ਜਾ ਰਿਹਾ ਸੀ ਅਤੇ ਉਸਦਾ ਦਿਲ ਦਹਿਕਦਾ ਹੀ ਜਾ ਰਿਹਾ ਸੀ, ਦਹਿਕਦਾ ਹੀ ਜਾ ਰਿਹਾ ਸੀ!

"ਇਕਦਮ ਜੰਗਲ ਨੇ ਉਹਨਾਂ ਲਈ ਰਾਹ ਬਣਾ ਦਿੱਤਾ, ਰਾਹ ਬਣਾ ਦਿੱਤਾ ਅਤੇ ਖੁਦ ਪਿੱਛੇ ਰਹਿ ਗਿਆ—ਚੁੱਪ ਅਤੇ ਘਣਾ। ਅਤੇ ਦਾਨਕੋ ਅਤੇ ਉਹ ਸਾਰੇ ਲੋਕ ਸੂਰਜ ਦੀ ਧੁੱਪ ਅਤੇ ਬਾਰਿਸ਼ ਨਾਲ਼ ਧੋਤੀ ਹਵਾ ਦੇ ਸਾਗਰ ਵਿੱਚ ਹਿਲੋਰੇ ਲੈਣ ਲੱਗੇ। ਤੂਫ਼ਾਨ ਉਹਨਾਂ ਦੇ ਪਿੱਛੇ, ਜੰਗਲ ਦੇ ਉੱਪਰ ਸੀ, ਜਦਕਿ ਇਥੇ ਸੂਰਜ ਸੋਨਾ ਖਿਲਾਰ ਰਿਹਾ ਸੀ, ਸਤੇਪੀ ਰਾਹਤ ਦਾ ਸਾਹ ਲੈ ਰਹੀ ਸੀ, ਮੀਂਹ ਦੇ ਮੋਤੀਆਂ ਵਿੱਚ ਘਾਹ ਚਮਕ ਰਿਹਾ ਸੀ ਅਤੇ ਦਰਿਆ ਸੋਨੇ ਦੀ ਤਰ੍ਹਾਂ ਚਮਚਮਾ ਰਿਹਾ ਸੀ... ਸ਼ਾਮ ਦਾ ਸਮਾਂ ਸੀ ਅਤੇ ਛਿਪਦੇ ਹੋਏ ਸੂਰਜ ਦੀਆਂ ਕਿਰਨਾਂ ਵਿੱਚ ਨਦੀ ਉਸੇ ਤਰ੍ਹਾਂ ਦੀ ਲਾਲ ਲੱਗ ਰਹੀ ਸੀ ਜਿਸ ਤਰ੍ਹਾਂ ਲਾਲ ਸੀ ਗਰਮ ਖ਼ੂਨ ਦੀ ਉਹ ਧਾਰਾ ਜੋ ਦਾਨਕੋ ਦੀ ਫਟੀ ਛਾਤੀ 'ਚੋਂ ਵਹਿ ਰਹੀ ਸੀ।

"ਬਹਾਦਰ ਦਾਨਕੋ ਨੇ ਅੰਤਹੀਣ ਸਤੇਪੀ ਦੇ ਵਿਸਤਾਰ 'ਤੇ ਨਜ਼ਰ ਸੁੱਟੀ, ਅਜ਼ਾਦ ਧਰਤੀ 'ਤੇ ਅਨੰਦ ਨਾਲ਼ ਛਲਕਦੀ ਨਜ਼ਰ, ਅਤੇ ਮਾਣ ਨਾਲ਼ ਹੱਸਿਆ। ਫਿਰ ਜ਼ਮੀਨ 'ਤੇ ਡਿੱਗਿਆ ਅਤੇ ਮਰ ਗਿਆ।

"ਲੋਕ ਤਾਂ ਖ਼ੁਸ਼ੀ ਵਿੱਚ ਮਸਤ ਅਤੇ ਉਮੀਦ ਨਾਲ਼ ਗੜੁੱਚ ਸਨ। ਉਹ ਉਸਨੂੰ ਮਰਦੇ ਹੋਏ ਨਹੀਂ ਦੇਖ ਸਕੇ ਅਤੇ ਨਾ ਇਹ ਕਿ ਉਸਦਾ ਬਹਾਦਰ ਦਿਲ ਉਸਦੇ ਮ੍ਰਿਤਕ ਸ਼ਰੀਰ ਕੋਲ਼ ਪਿਆ ਹਾਲੇ ਬਲ਼ ਰਿਹਾ ਸੀ। ਸਿਰਫ਼ ਇੱਕ ਚੌਕੰਨੇ ਆਦਮੀ ਦੀ ਨਜ਼ਰ ਉਸਦੇ ਵੱਲ ਗਈ ਅਤੇ ਉਸਨੇ ਡਰਕੇ ਉਸ ਗਰਵੀਲੇ ਦਿਲ ਨੂੰ ਰੋਂਦ ਦਿੱਤਾ... ਚਿੰਗਿਆੜੀਆਂ ਦਾ ਇੱਕ ਫੁਹਾਰਾ ਜਿਹਾ ਉਸ ਵਿੱਚੋਂ ਨਿੱਕਲਿਆ ਅਤੇ ਉਹ ਬੁਝ ਗਿਆ..."

"ਇਹੀ ਕਾਰਨ ਹੈ ਕਿ ਸਤੇਪੀ ਵਿੱਚ ਤੂਫਾਨ ਤੋਂ ਪਹਿਲਾਂ ਨੀਲੀਆਂ ਚਿੰਗਿਆੜੀਆਂ ਦਿਖਦੀਆਂ ਹਨ!"

(1894)

ਅਨੁਵਾਦ—ਅਜੇ ਪਾਲ

ਯੁੱਧ ਜੋ ਆ ਰਿਹਾ ਹੈ

ਯੁੱਧ ਜੋ ਆ ਰਿਹਾ ਹੈ
ਪਹਿਲਾ ਯੁੱਧ ਨਹੀਂ
ਇਸ ਤੋਂ ਵੀ ਪਹਿਲਾਂ ਯੁੱਧ ਹੋਏ
ਪਿਛਲਾ ਯੁੱਧ ਜਦੋਂ ਖਤਮ ਹੋਇਆ,
ਤੱਦ ਕੁਝ ਜੇਤੂ ਬਣੇ ਅਤੇ ਕੁਝ ਹਾਰੇ
ਹਾਰਿਆਂ ਵਿੱਚ ਆਮ ਆਦਮੀ
ਭੁੱਖਾ ਮਰਿਆ
ਜੇਤੂਆਂ ਵਿਚ ਵੀ ਮਰਿਆ ਉਹ
ਭੁੱਖਾ ਹੀ।

••

ਤੇਰੇ ਪੰਜੇ ਦੇਖ ਕੇ
ਡਰਦੇ ਹਨ ਬੁਰੇ ਆਦਮੀ
ਤੇਰਾ ਗੁੰਦਵਾਂ ਸਰੀਰ ਦੇਖ ਕੇ
ਖੁਸ਼ ਹੁੰਦੇ ਹਨ ਚੰਗੇ ਆਦਮੀ
ਇਹੋ ਮੈਂ ਚਾਹਾਂਗਾ ਸੁਣਨਾ
ਆਪਣੀ ਕਵਿਤਾ ਬਾਰੇ।

••

- ਬ੍ਰਤੋਲਤ ਬ੍ਰੈਖ਼ਤ

ਲੁਧਿਆਣੇ ਦੇ ਪਾਵਰਲੂਮ ਮਜ਼ਦੂਰਾਂ ਦਾ ਜੇਤੂ ਸੰਘਰਸ਼ : ਪ੍ਰਾਪਤੀਆਂ ਨੂੰ ਪੱਕੇ ਪੈਰੀਂ ਕਰਦੇ ਹੋਏ, ਘਾਟਾਂ ਕਮਜ਼ੋਰੀਆਂ ਤੋਂ ਸਬਕ ਲੈ ਕੇ ਅੱਗੇ ਵਧਣ ਦੀ ਲੋੜ

ਟੈਕਸਟਾਈਲ ਮਜ਼ਦੂਰ ਯੂਨੀਅਨ ਦੀ ਅਗਵਾਈ ਵਿੱਚ ਲੁਧਿਆਣੇ ਦੇ 150 ਟੈਕਸਟਾਈਲ ਕਾਰਖਾਨਿਆਂ ਦੇ ਮਜ਼ਦੂਰ 22 ਸਤੰਬਰ 2011 ਤੋਂ ਨਵੰਬਰ 2011 ਦੇ ਅੰਤ ਤੱਕ ਲਗਭਗ ਦੋ ਮਹੀਨੇ ਹੜਤਾਲ 'ਤੇ ਰਹੇ। ਮਜ਼ਦੂਰ ਆਪਣੀਆਂ ਕੁਝ ਮੰਗਾਂ ਮਨਵਾਉਣ ਵਿੱਚ ਸਫਲ ਰਹੇ ਅਤੇ ਜੇਤੂ ਅੰਦਾਜ਼ ਵਿੱਚ ਫੈਕਟਰੀਆਂ ਵਿੱਚ ਵਾਪਸ ਪਰਤੇ।

ਲੁਧਿਆਣੇ ਦੇ ਟੈਕਸਟਾਈਲ ਸੈਕਟਰ ਵਿੱਚ ਲੱਖਾਂ ਹੀ ਮਜ਼ਦੂਰ ਕੰਮ ਕਰਦੇ ਹਨ। ਹੋਰ ਸਾਰੇ ਸੈਕਟਰਾਂ ਦੀਆਂ ਫੈਕਟਰੀਆਂ ਵਾਂਗ ਹੀ ਟੈਕਸਟਾਈਲ ਫੈਕਟਰੀਆਂ ਵਿੱਚ ਵੀ ਮਾਲਕਾਂ ਦਾ ਜੰਗਲ ਰਾਜ ਕਾਇਮ ਹੈ। ਕਿਰਤ ਕਾਨੂੰਨਾਂ ਦਾ ਇੱਥੇ ਨਾਂ ਨਿਸ਼ਾਨ ਨਹੀਂ ਹੈ। ਕੰਮ ਦੇ ਘੰਟਿਆਂ ਦੀ ਕੋਈ ਹੱਦ ਨਹੀਂ ਹੈ। ਮਾਲਕ ਮਜ਼ਦੂਰਾਂ ਤੋਂ ਮਨਮਰਜੀ ਨਾਲ਼ ਕੰਮ ਲੈਂਦੇ ਹਨ ਅਤੇ ਮਨਮਰਜ਼ੀ ਨਾਲ਼ ਹੀ ਤਨਖ਼ਾਹ ਦਿੰਦੇ ਹਨ। ਮਜ਼ਦੂਰਾਂ ਦੀ ਕਮਾਈ ਇੰਨੀ ਨਿਗੂਣੀ ਹੁੰਦੀ ਹੈ ਕਿ ਮਜ਼ਦੂਰ ਨਾ ਤਾਂ ਚੰਗੀ ਖੁਰਾਕ ਖਾ ਸਕਦੇ ਹਨ, ਨਾ ਢੰਗ ਦਾ ਦਵਾ ਇਲਾਜ ਹਾਸਲ ਕਰ ਸਕਦੇ ਹਨ ਅਤੇ ਨਾ ਹੀ ਆਪਣੇ ਬੱਚਿਆਂ ਨੂੰ ਪੜ੍ਹਾ ਸਕਦੇ ਹਨ। ਘੱਟ ਕਮਾਈ ਕਾਰਨ ਲੱਖਾਂ ਮਜ਼ਦੂਰ ਗੰਦੀਆਂ ਬਸਤੀਆਂ 'ਚ ਜਾਂ ਮੁਰਗੀਖਾਨਿਆਂ ਦੀ ਤਰਜ਼ 'ਤੇ ਬਣੇ ਗੰਦੇ ਵਿਹੜਿਆਂ 'ਚ, ਇੱਕ ਕਮਰੇ 'ਚ ਚਾਰ-ਚਾਰ ਜਣੇ ਰਹਿਣ ਲਈ ਮਜ਼ਬੂਰ ਹਨ। ਮਾਲਕਾਂ ਵੱਲੋਂ ਗਾਲ਼ੀ ਗਲੌਜ, ਕੁੱਟ ਮਾਰ, ਕੰਮ ਕਰਾ ਕੇ ਪੈਸੇ ਨਾ ਦੇਣ ਦੀ ਘਟਨਾਵਾਂ ਇੱਥੇ ਆਮ ਵਾਪਰਦੀਆਂ ਰਹਿੰਦੀਆਂ ਹਨ। ਅਜਿਹੀਆਂ ਦਮਘੋਟੂ ਹਾਲਤਾਂ ਵਿੱਚ ਜਿਉਂਦਿਆਂ ਮਜ਼ਦੂਰਾਂ ਵਿੱਚ ਰੋਸ ਦਾ ਪੈਦਾ ਹੋਣਾ ਸੁਭਾਵਿਕ ਹੀ ਹੈ।

2010 ਵਿੱਚ ਵੀ ਟੈਕਸਟਾਈਲ ਮਜ਼ਦੂਰਾਂ ਨੇ ਆਪਣੇ ਹੱਕ ਲੈਣ ਲਈ ਲਗਭਗ 36 ਦਿਨ ਲੰਬੀ ਜੇਤੂ ਹੜਤਾਲ ਕੀਤੀ ਸੀ। ਇਸ ਵਾਰ ਟੈਕਸਟਾਈਲ ਮਜ਼ਦੂਰ ਯੂਨੀਅਨ ਨੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮਨਵਾਉਣ ਲਈ ਯੋਜਨਾਬੱਧ ਸੰਘਰਸ਼ ਕਰਨ ਦਾ ਫੈਸਲਾ ਲਿਆ। ਸਭ ਤੋਂ ਪਹਿਲਾਂ ਇੱਕ ਲੀਫਲੈਟ ਛਾਪ ਕੇ ਮਜ਼ਦੂਰਾਂ ਦੀ ਪੰਚਾਇਤ ਸੱਦੀ ਗਈ। ਵਰ੍ਹਦੇ ਮੀਂਹ 'ਚ ਵੀ 800 ਦੇ ਲਗਭਗ ਮਜ਼ਦੂਰ ਇਸ ਪੰਚਾਇਤ ਵਿੱਚ ਸ਼ਾਮਲ ਹੋਏ। ਮਜ਼ਦੂਰਾਂ ਦੀਆਂ ਮੰਗਾਂ ਸੂਤਰਬੱਧ ਕੀਤੀਆਂ ਗਈਆਂ। ਮਜ਼ਦੂਰਾਂ ਦੀਆਂ ਮੁੱਖ ਮੰਗਾਂ ਸਨ (1) ਤਨਖ਼ਾਹ/ਪੀਸ ਰੇਟ ਵਿੱਚ ਵਾਧਾ (2) ਈ. ਐਸ. ਆਈ. ਕਾਰਡ ਬਣਵਾਉਣਾ (3) ਬੋਨਸ ਅਤੇ ਛੁੱਟੀਆਂ ਦੇ ਪੈਸੇ ਲੈਣਾ ਆਦਿ। ਇੱਕ ਮੰਗ ਪੱਤਰ ਤਿਆਰ ਕਰਕੇ ਮਜ਼ਦੂਰਾਂ ਦੇ ਹੱਥ ਵੱਖ ਵੱਖ ਕਾਰਖਾਨਿਆਂ ਦੇ ਮਾਲਕਾਂ ਨੂੰ ਦਿੱਤਾ ਗਿਆ। ਕਿਰਤ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਦੋ ਵਾਰ ਮਾਲਕਾਂ ਅਤੇ ਯੂਨੀਅਨ ਦਰਮਿਆਨ ਵਾਰਤਾ ਹੋਈ, ਪਰ ਅਸਫ਼ਲ ਰਹੀ। ਮਾਲਕ ਕੋਈ ਵੀ ਮੰਗ ਮੰਨਣ ਤੋਂ ਇਨਕਾਰੀ ਸਨ ਅਤੇ ਗੱਲਬਾਤ ਦੀ ਪ੍ਰਕਿਰਿਆ ਨੂੰ ਲਮਕਾ ਕੇ ਟੈਕਸਟਾਈਲ ਸੀਜ਼ਨ ਨੂੰ ਲੰਘਾਉਣਾ ਚਾਹੁੰਦੇ ਸਨ। ਗੱਲਬਾਤ ਟੁੱਟਣ ਤੋਂ ਬਾਅਦ ਮਜ਼ਦੂਰ ਹੜਤਾਲ 'ਤੇ ਚਲੇ ਗਏ। ਬਾਅਦ ਵਿੱਚ ਹੋਰ ਇਲਾਕਿਆਂ ਦੇ ਮਜ਼ਦੂਰ ਵੀ ਇਸ ਸੰਘਰਸ਼ ਵਿੱਚ ਸ਼ਾਮਲ ਹੁੰਦੇ ਗਏ। ਇੱਕ ਵਾਰ ਤਾਂ ਹੜਤਾਲ ਵਿੱਚ ਸ਼ਾਮਲ ਕਾਰਖਾਨਿਆਂ ਦੀ ਸੰਖਿਆ 160 ਤੱਕ ਜਾ ਪਹੁੰਚੀ ਸੀ।

ਮਾਲਕਾਂ ਨੇ ਹੜਤਾਲ ਸ਼ੁਰੂ ਹੁੰਦਿਆਂ ਹੀ ਆਵਦੀ ਐਸੋਸ਼ੀਏਸ਼ਨ ਬਣਾ ਲਈ। ਪੁਲਿਸ, ਪ੍ਰਸ਼ਾਸਨ, ਕਿਰਤ ਮਹਿਕਮਾ, ਸਭ ਫੈਕਟਰੀ ਮਾਲਕਾਂ ਦੀ ਸੇਵਾ ਵਿੱਚ ਪੱਬਾਂ ਭਾਰ ਸੀ। ਮਾਲਕਾਂ ਨੇ ਹੜਤਾਲੀ ਮਜ਼ਦੂਰਾਂ ਨਾਲ਼ ਕਿਸੇ ਵੀ ਕਿਸਮ ਦੀ ਗੱਲਬਾਤ ਤੋਂ ਇਨਕਾਰ ਕਰਕੇ ਹੜਤਾਲ ਨੂੰ ਲਮਕਾਉਣ ਦਾ ਰਾਹ ਅਪਣਾਇਆ। ਉਨ੍ਹਾਂ ਨੂੰ ਉਮੀਦ ਸੀ ਕਿ ਭੁੱਖੇ ਮਰਦੇ ਮਜ਼ਦੂਰ ਜਲਦੀ ਹੀ ਨਿਰਾਸ਼ ਹੋ ਕੇ ਕੰਮ 'ਤੇ ਵਾਪਸ ਆ ਜਾਣਗੇ, ਪਰ ਅਜਿਹਾ ਨਾ ਹੋਇਆ। ਮਜ਼ਦੂਰ ਹੜਤਾਲ 'ਤੇ ਡਟੇ ਰਹੇ। ਆਖ਼ਰ ਦੋ ਮਹੀਨੇ ਲੰਬੀ ਹੜਤਾਲ ਤੋਂ ਬਾਅਦ ਮਾਲਕ ਝੁਕਣ ਲਈ ਮਜ਼ਬੂਰ ਹੋਏ। ਇਸ ਲੰਬੀ ਲੜਾਈ ਵਿੱਚ ਮਜ਼ਦੂਰ ਜੇਤੂ ਰਹੇ।

ਹੜਤਾਲ ਦੀਆਂ ਪ੍ਰਾਪਤੀਆਂ, ਘਾਟਾਂ, ਕਮਜ਼ੋਰੀਆਂ ਅਤੇ ਸਬਕ

(1) ਮਜ਼ਦੂਰ ਦੋ ਮਹੀਨੇ ਤੱਕ ਹੜਤਾਲ ਜਾਰੀ ਰੱਖ ਸਕਣਗੇ ਇਸ ਦੀ ਨਾ ਤਾਂ ਮਾਲਕਾਂ ਨੂੰ ਹੀ ਉਮੀਦ ਸੀ ਅਤੇ ਨਾ ਹੀ ਯੂਨੀਅਨ ਦੀ ਲੀਡਰਸ਼ਿਪ ਨੂੰ। ਮਜ਼ਦੂਰਾਂ ਨੇ ਏਨਾ ਲੰਬਾ ਸੰਘਰਸ਼ ਕਰਕੇ ਮਾਲਕਾਂ ਦੇ ਭਰਮਾਂ ਨੂੰ ਤੋੜਿਆ ਹੈ ਅਤੇ ਯੂਨੀਅਨ ਆਗੂਆਂ ਨੂੰ ਵੀ ਸਿਆਣੇ ਬਣਾਇਆ ਹੈ। ਇਸ ਸੰਘਰਸ਼ ਵਿੱਚ ਮਜ਼ਦੂਰਾਂ ਦੀ ਸਭ ਤੋਂ ਵੱਡੀ ਪ੍ਰਾਪਤੀ ਤਾਂ ਇਹ ਰਹੀ ਹੈ ਕਿ ਉਨ੍ਹਾਂ ਦੀ ਜੱਥੇਬੰਦੀ ਇਸ ਸੰਘਰਸ਼ 'ਚੋਂ ਹੋਰ ਵੀ ਮਜ਼ਬੂਤ ਹੋ ਕੇ ਨਿੱਕਲੀ ਹੈ। ਮਜ਼ਦੂਰਾਂ ਦਾ ਆਪਣੇ ਆਗੂਆਂ ਦੀ ਇਮਾਨਦਾਰੀ, ਦਲੇਰੀ ਅਤੇ ਸਿਆਣਪ ਉੱਪਰ ਭਰੋਸਾ ਹੋਰ ਵੀ ਵਧਿਆ ਹੈ। ਮਜ਼ਦੂਰਾਂ ਨੇ ਵੀ ਇਸ ਲੜਾਈ ਵਿੱਚ ਆਪਣੀ ਚੇਤੰਨਤਾ ਅਤੇ ਬਹਾਦਰੀ ਦਿਖਾਈ। ਨਾ ਤਾਂ ਉਨ੍ਹਾਂ ਨੂੰ ਮਾਲਕਾਂ ਵੱਲੋਂ ਫੈਲਾਈਆਂ ਇਹ ਅਫ਼ਵਾਹਾਂ ਕਿ ਯੂਨੀਅਨ ਆਗੂ ਵਿਕ ਚੁੱਕੇ ਹਨ, ਪ੍ਰਭਾਵਤ ਕਰ ਸਕੀਆਂ ਅਤੇ ਨਾ ਹੀ ਉਹਨਾਂ ਨੂੰ ਇਸ ਸੰਘਰਸ਼ ਉੱਪਰ ਮਾਲਕਾਂ ਵੱਲੋਂ ਲਾਇਆ ਦਹਿਸ਼ਤਗਰਦੀ ਦਾ ਠੱਪਾ ਡਰਾ ਸਕਿਆ। ਇਸ ਦੇ ਨਾਲ਼ ਮਜ਼ਦੂਰਾਂ ਦੀਆਂ ਕੁਝ ਮੰਗਾਂ ਵੀ ਮੰਨੀਆਂ ਗਈਆਂ। ਇਸ ਸੰਘਰਸ਼ 'ਚ

ਮਜ਼ਦੂਰਾਂ ਦੇ ਹੌਸਲੇ ਬੁਲੰਦ ਹੋਏ ਜਦ ਕਿ ਮਾਲਕਾਂ ਦੇ ਹੌਸਲੇ ਪਸਤ ਹੋਏ। ਇਸ ਸੰਘਰਸ਼ ਵਿੱਚ ਤਿੰਨ ਤਰ੍ਹਾਂ ਦੇ ਮਜ਼ਦੂਰ ਸਨ। ਇੱਕ ਤਾਂ ਉਨ੍ਹਾਂ ਇਲਾਕਿਆਂ ਦੇ ਮਜ਼ਦੂਰ ਸਨ ਜਿੱਥੇ ਯੂਨੀਅਨ ਦਾ ਪੁਰਾਣਾ ਅਧਾਰ ਸੀ ਅਤੇ 2010 ਦੀ ਹੜਤਾਲ ਤੋਂ ਬਾਅਦ ਇਨ੍ਹਾਂ ਇਲਾਕਿਆਂ ਦੇ ਮਜ਼ਦੂਰਾਂ ਦਾ ਇੱਕ ਹਿੱਸਾ ਯੂਨੀਅਨ ਦੀਆਂ ਹਫ਼ਤਾਵਾਰੀ ਮੀਟਿੰਗਾਂ 'ਚ ਲਗਾਤਾਰ ਸ਼ਾਮਲ ਹੁੰਦਾ ਰਿਹਾ। ਅਤੇ ਬਾਕੀ ਕਾਫ਼ੀ ਵੱਡੀ ਗਿਣਤੀ 'ਚ ਮਜ਼ਦੂਰ ਯੂਨੀਅਨ ਦੇ ਮੈਂਬਰ ਤਾਂ ਸਨ, ਪਰ ਉਹ ਨਾ ਤਾਂ ਯੂਨੀਅਨ ਦੀਆਂ ਹਫ਼ਤਾਵਾਰੀ ਮੀਟਿੰਗਾਂ 'ਚ ਆਉਂਦੇ ਸਨ ਅਤੇ ਨਾ ਹੀ ਕਿਸੇ ਹੋਰ ਮਾਧਿਅਮ ਰਾਹੀਂ ਯੂਨੀਅਨ ਨਾਲ਼ ਜੀਵੰਤ ਸੰਪਰਕ ਰੱਖਦੇ ਸਨ। ਤੀਸਰੇ, ਨਵੇਂ ਇਲਾਕਿਆਂ ਦੇ ਮਜ਼ਦੂਰ ਸਨ ਜੋ ਹੜਤਾਲ ਸ਼ੁਰੂ ਹੋਣ 'ਤੇ ਇਸ ਵਿੱਚ ਸ਼ਾਮਲ ਹੋਏ। ਇਨ੍ਹਾਂ ਮਜ਼ਦੂਰਾਂ ਦੀ ਗਿਣਤੀ ਬਹੁਤ ਥੋੜ੍ਹੀ ਸੀ। ਅਤੇ ਇਹ ਹੜਤਾਲ ਲਮਕਦੀ ਦੇਖ ਕੇ ਆਪਣੇ ਕਾਰਖਾਨਿਆਂ ਦੇ ਮਾਲਕਾਂ ਨਾਲ਼ ਜ਼ੁਬਾਨੀ ਕਲਾਮੀ ਸਮਝੌਤਾ ਕਰਕੇ ਜਲਦੀ ਹੀ ਕੰਮ ਉੱਪਰ ਵਾਪਸ ਚਲੇ ਗਏ। ਪਰ ਯੂਨੀਅਨ ਨਾਲ਼ ਫਿਰ ਵੀ ਜੁੜੇ ਰਹੇ। ਕਿਉਂਕਿ ਇਨ੍ਹਾਂ ਮਜ਼ਦੂਰਾਂ ਉੱਪਰ ਕੋਈ ਸਿਆਸੀ ਸਿੱਖਿਆ ਦਾ ਕੰਮ ਨਹੀਂ ਹੋਇਆ ਸੀ, ਇਸ ਲਈ ਇਨ੍ਹਾਂ ਦਾ ਵਾਪਸ ਜਾਣਾ ਸੁਭਾਵਿਕ ਹੀ ਸੀ। ਯੂਨੀਅਨ ਆਗੂਆਂ ਨੇ ਵੀ ਸਿਆਣਪ ਵਰਤੀ, ਇਨ੍ਹਾਂ ਮਜ਼ਦੂਰਾਂ ਦੀ ਭੰਡੀ ਕਰਕੇ ਇਨ੍ਹਾਂ ਨੂੰ ਯੂਨੀਅਨ ਤੋਂ ਦੂਰ ਕਰਨ ਦੀ ਬਜਾਏ ਇਨ੍ਹਾਂ ਨੂੰ ਆਪਣੇ ਨਾਲ਼ ਜੋੜੀ ਰੱਖਿਆ। ਦੂਜੇ ਯੂਨੀਅਨ ਦੇ ਪੁਰਾਣੇ ਅਧਾਰ ਵਾਲ਼ੇ ਇਲਾਕਿਆਂ ਦੇ ਮਜ਼ਦੂਰ ਸਨ, ਜੋ ਸੰਘਰਸ਼ ਲੰਬਾ ਖਿਚਦਾ ਦੇਖਕੇ ਜਾਂ ਤਾਂ ਪਿੰਡਾਂ ਨੂੰ ਚਲੇ ਗਏ, ਜਾਂ ਕਮਰਿਆਂ 'ਤੇ ਬੈਠੇ ਰਹਿੰਦੇ, ਜਾਂ ਕਿਤੇ ਇੱਧਰ ਉੱਧਰ ਕੰਮ ਕਰਨ ਲੱਗੇ ਅਤੇ ਸਮੇਂ ਸਮੇਂ 'ਤੇ ਸੰਘਰਸ਼ ਪ੍ਰੋਗਰਾਮਾਂ 'ਚ ਸ਼ਾਮਲ ਹੁੰਦੇ ਰਹਿੰਦੇ। ਇਸ ਸੰਘਰਸ਼ ਦੀ ਰੀੜ੍ਹ ਦੀ ਹੱਡੀ ਉਹ ਮਜ਼ਦੂਰ ਸਨ ਜਿਨ੍ਹਾਂ ਉੱਪਰ ਪੂਰਾ ਸਾਲ ਸਿਆਸੀ ਸਿੱਖਿਆ ਦਾ ਕੰਮ ਹੋਇਆ ਸੀ। ਇਹ ਮਜ਼ਦੂਰ ਅੰਤ ਤੱਕ ਡਟੇ ਰਹੇ ਅਤੇ ਹੋਰਨਾਂ ਡੋਲਦੇ-ਥਿੜ੍ਹਕਦੇ ਮਜ਼ਦੂਰਾਂ ਲਈ ਵੀ ਪ੍ਰੇਰਨਾ ਸਰੋਤ ਬਣੇ। ਇੱਥੇ ਯੂਨੀਅਨ ਲੀਡਰਸ਼ਿਪ ਦੀ ਇਹ ਕਮੀ ਰਹੀ ਕਿ ਉਹ ਹੜਤਾਲੀ ਮਜ਼ਦੂਰਾਂ ਦੇ ਜੀਵੰਤ ਸੰਪਰਕ ਵਿੱਚ ਨਹੀਂ ਰਹੀ। ਜਾਗਰੂਕ ਮਜ਼ਦੂਰਾਂ ਦੀਆਂ ਟੀਮਾਂ ਬਣਾ ਕੇ ਕਮਰਿਆਂ 'ਤੇ ਬੈਠੇ ਰਹਿਣ ਵਾਲ਼ੇ ਮਜ਼ਦੂਰਾਂ ਨਾਲ਼ ਜੀਵੰਤ ਸੰਪਰਕ ਕਾਇਮ ਰੱਖਣਾ ਚਾਹੀਦਾ ਸੀ ਅਤੇ ਉਨ੍ਹਾਂ ਨੂੰ ਰੋਜ਼-ਰੋਜ਼ ਦੇ ਸੰਘਰਸ਼ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਤ ਕਰਨਾ ਚਾਹੀਦਾ ਸੀ।

(2) 2010 ਦੇ ਸੰਘਰਸ਼ ਵਾਂਗ ਇਸ ਵਾਰ ਦੇ ਟੈਕਸਟਾਈਲ ਮਜ਼ਦੂਰਾਂ ਦੇ ਸੰਘਰਸ਼ ਦੀ ਵੱਡੀ ਕਮੀ ਇਹ ਰਹੀ ਕਿ ਇਸ ਵਿੱਚ ਮਜ਼ਦੂਰ ਔਰਤਾਂ ਅਤੇ ਮਜ਼ਦੂਰਾਂ ਦੀਆਂ ਪਤਨੀਆਂ ਦੀ ਸ਼ਮੂਲੀਅਤ ਨਾ ਮਾਤਰ ਹੀ ਰਹੀ। ਇਸ ਕਮੀ ਦਾ ਇੱਕ ਕਾਰਨ ਮਜ਼ਦੂਰਾਂ ਦਾ ਸੱਭਿਆਚਾਰਕ ਪਛੜੇਵਾਂ ਵੀ ਹੈ। ਇਸ ਦਿਸ਼ਾ ਵਿੱਚ ਮਜ਼ਦੂਰ ਆਗੂਆਂ ਨੂੰ ਵਧੇਰੇ ਸਚੇਤਨ ਯਤਨ ਕਰਨੇ ਪੈਣਗੇ। ਤਾਂ ਕਿ ਆਉਣ ਵਾਲ਼ੇ ਸਮੇਂ ਵਿੱਚ ਮਜ਼ਦੂਰ ਜਮਾਤ ਦੇ ਅੱਧੇ ਹਿੱਸੇ (ਔਰਤਾਂ) ਨੂੰ ਸੰਘਰਸ਼ ਦੀਆਂ ਮੂਹਰਲੀਆਂ ਸਫ਼ਾਂ ਵਿੱਚ ਲਿਆਂਦਾ ਜਾ ਸਕੇ।

(3) ਇਸ ਸੰਘਰਸ਼ ਦੀ ਤੀਸਰੀ ਕਮੀ ਇਹ ਰਹੀ ਕਿ ਇਸ ਦਾ ਟੈਕਸਟਾਈਲ ਸੈਕਟਰ ਦੇ ਹੋਰਾਂ ਖੇਤਰਾਂ ਵਿੱਚ ਫੈਲਾਅ ਨਹੀਂ ਹੋਇਆ। ਯੂਨੀਅਨ ਲੀਡਰਸ਼ਿਪ ਨੇ ਇਸ ਦਿਸ਼ਾ 'ਚ ਕੋਈ ਖਾਸ ਕੋਸ਼ਿਸ਼ਾਂ ਵੀ ਨਹੀਂ ਕੀਤੀਆਂ। ਜੇਕਰ ਹੋਰ ਖੇਤਰਾਂ ਦੇ ਮਜ਼ਦੂਰਾਂ ਦੇ ਹੜਤਾਲ 'ਤੇ ਜਾਣਾ ਸੰਭਵ ਨਹੀਂ ਵੀ ਸੀ ਤਾਂ ਵੀ ਉਨ੍ਹਾਂ (ਟੈਕਸਟਾਈਲ ਸੈਕਟਰ ਤੋਂ ਇਲਾਵਾ ਹੋਰਾਂ ਮਜ਼ਦੂਰਾਂ ਤੋਂ ਵੀ) ਤੋਂ ਹੜਤਾਲੀ ਮਜ਼ਦੂਰਾਂ ਲਈ ਆਰਥਿਕ ਸਹਿਯੋਗ ਇਕੱਠਾ ਕਰਨ ਅਤੇ ਸਮੇਂ ਸਮੇਂ 'ਤੇ ਉਨ੍ਹਾਂ ਦੀ ਧਰਨੇ ਮੁਜ਼ਹਾਰਿਆਂ 'ਚ ਸ਼ਮੂਲੀਅਤ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣੀਆਂ ਚਾਹੀਦੀਆਂ ਸਨ।

(4) ਟੈਕਸਟਾਈਲ ਮਜ਼ਦੂਰ ਇਸ ਵਾਰ ਵੀ 2010 ਦੀ ਹੜਤਾਲ ਵਿੱਚ ਹੋਈ ਜਿੱਤ ਤੋਂ ਬਹੁਤ ਉਤਸ਼ਾਹਤ ਸਨ। ਜਦੋਂ ਮਾਲਕ ਯੂਨੀਅਨ ਨਾਲ਼ ਵਾਰਤਾ ਨੂੰ ਲਮਕਾ ਰਹੇ ਸਨ ਤਾਂ ਮਜ਼ਦੂਰ ਯੂਨੀਅਨ ਲੀਡਰਸ਼ਿਪ 'ਤੇ ਜਲਦੀ ਤੋਂ ਜਲਦੀ ਅਣਮਿੱਥੇ ਸਮੇਂ ਦੀ ਹੜਤਾਲ ਲਈ ਦਬਾਅ ਪਾ ਰਹੇ ਸਨ। ਯੂਨੀਅਨ ਲੀਡਰਸ਼ਿਪ ਵੀ ਤਜ਼ਰਬੇ ਦੀ ਘਾਟ ਕਾਰਨ ਮਜ਼ਦੂਰਾਂ ਦੇ ਇਸ ਦਬਾਅ ਅੱਗੇ ਝੁਕ ਗਈ। ਨਹੀਂ ਤਾਂ ਅਣਮਿੱਥੀ ਹੜਤਾਲ 'ਤੇ ਜਾਣ ਦੀ ਬਜਾਏ ਮਾਲਕਾਂ ਉੱਪਰ ਸੰਘਰਸ਼ ਦਾ ਦਬਾਅ ਬਣਾਉਣ ਲਈ ਸੰਘਰਸ਼ ਦੇ ਹੋਰ ਰੂਪ ਜਿਵੇਂ ਕਿ ਟੂਲ ਡਾਊਨ ਥੋੜ੍ਹੇ ਥੋੜ੍ਹੇ ਅਰਸੇ ਮਗਰੋਂ ਇੱਕ ਰੋਜ਼ਾ ਹੜਤਾਲ, ਧਰਨਾ, ਮੁਜ਼ਾਹਰਾ ਆਦਿ ਵੀ ਅਪਣਾਏ ਜਾ ਸਕਦੇ ਸਨ। ਪਰ ਯੂਨੀਅਨ ਲੀਡਰਸ਼ਿਪ ਲਈ ਇਹ ਸਿੱਖਣ ਲਈ ਇਸ ਹੜਤਾਲ ਦੇ ਤਜ਼ਰਬੇ 'ਚੋਂ ਲੰਘਣਾ ਜ਼ਰੂਰੀ ਸੀ। ਸਭ ਕੁਝ ਕਿਤਾਬ ਪੜ੍ਹ ਕੇ ਹੀ ਨਹੀਂ ਸਿੱਖਿਆ ਜਾ ਸਕਦਾ। ਸਿੱਖਣ ਲਈ ਅਮਲੀ ਤਜ਼ਰਬੇ ਦੀ ਵੀ ਲੋੜ ਹੁੰਦੀ ਹੈ।

(5) ਇਸ ਸੰਘਰਸ਼ ਨੇ ਫੈਕਟਰੀ ਮਾਲਕਾਂ, ਕਿਰਤ ਅਧਿਕਾਰੀਆਂ, ਪੁਲਿਸ-ਪ੍ਰਸ਼ਾਸਨ ਦੇ ਗੱਠਜੋੜ ਨੂੰ ਵੀ ਮਜ਼ਦੂਰਾਂ ਦੀਆਂ ਨਜ਼ਰਾਂ 'ਚ ਨੰਗਾ ਕੀਤਾ। ਮਜ਼ਦੂਰਾਂ ਨੇ ਵਾਰ-ਵਾਰ ਕਿਰਤ ਮਹਿਕਮੇ ਦੇ ਦਫ਼ਤਰ ਅਤੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਅੱਗੇ ਧਰਨੇ ਦਿੱਤੇ, ਮੁਜ਼ਾਹਰੇ ਕੀਤੇ, ਪਰ ਮਜ਼ਦੂਰਾਂ ਨੂੰ ਲਾਰਿਆਂ ਤੋਂ ਬਿਨਾਂ ਕੁਝ ਨਾ ਮਿਲਿਆ। ਮਜ਼ਦੂਰਾਂ ਨੂੰ ਇਹ ਸੋਝੀ ਮਿਲ਼ੀ ਕਿ ਉਨ੍ਹਾਂ ਦੀ ਇੱਕੋ-ਇੱਕ ਉਮੀਦ ਉਨ੍ਹਾਂ ਦਾ ਏਕਾ ਅਤੇ ਜੱਥੇਬੰਦੀ ਹੈ। ਹੁਣ ਮਜ਼ਦੂਰ ਆਗੂਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਮਜ਼ਦੂਰਾਂ ਦੀ ਇਸ ਸੋਝੀ ਨੂੰ ਹੋਰ ਵਿਕਸਿਤ ਕਰਨ। ਮਜ਼ਦੂਰਾਂ ਨੂੰ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ ਕਿ ਮਜ਼ਦੂਰ ਜਮਾਤ ਦੀ ਅੰਤਮ ਮੁਕਤੀ ਇਸ ਲੁਟੇਰੇ ਪੂੰਜੀਵਾਦੀ ਢਾਂਚੇ ਨੂੰ ਬਦਲ ਕੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਨਾਲ਼ ਹੀ ਸੰਭਵ ਹੋਵੇਗੀ।

ਮਜ਼ਦੂਰ ਆਪਣੀਆਂ ਛੋਟੀਆਂ-ਛੋਟੀਆਂ ਆਰਥਿਕ ਲੜਾਈਆਂ (ਜੋ ਕਿ ਬੇਹੱਦ ਜ਼ਰੂਰੀ ਹਨ) 'ਚੋਂ ਖੁਦ-ਬ-ਖੁਦ ਸਮਾਜਵਾਦ ਲਈ ਲੜਨਾ ਨਹੀਂ ਸਿੱਖ ਲੈਣਗੇ। ਸਗੋਂ ਮਜ਼ਦੂਰਾਂ ਨੂੰ ਸਮਾਜਵਾਦੀ ਚੇਤਨਾ ਨਾਲ਼ ਲੈਸ ਕਰਨਾ ਮਜ਼ਦੂਰ ਆਗੂਆਂ ਦਾ ਕੰਮ ਹੈ। ਆਰਥਿਕ ਸੰਘਰਸ਼ ਦੀ ਜਿੱਤ ਦੀ ਖੁਸ਼ੀ ਵਿੱਚ ਮਗਨ ਹੋਣ ਦੀ ਬਜਾਏ ਸਾਨੂੰ ਲੈਨਿਨ ਦੀ ਇਹ ਸਿੱਖਿਆ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਆਰਥਿਕ ਸੰਘਰਸ਼, ਮਜ਼ਦੂਰਾਂ ਦੀ ਸਮਾਜਵਾਦੀ

(ਬਾਕੀ ਪੰਨਾ 24 'ਤੇ)

ਤੁਹਾਡੀ ਚਿੱਠੀ

ਸੰਪਾਦਕ ਜੀ,

ਪਿਛਲੀ ਦਿਨੀ ਪੰਜਾਬੀ ਦੇ ਇੱਕ ਅਖ਼ਬਾਰ ਵਿੱਚ ਦਿਲ ਦਹਿਲਾਉਣ ਵਾਲ਼ੀ ਖ਼ਬਰ ਪੜ੍ਹੀ ਅਤੇ ਮੈਨੂੰ ਲੱਗਿਆ ਇਸ ਦਾ ਜ਼ਿਕਰ ਪਾਠਕਾਂ ਨਾਲ਼ ਵੀ ਕਰਨਾ ਚਾਹੀਦਾ ਹੈ।

ਫਰਵਰੀ ਦੇ ਪਹਿਲੇ ਦਿਨਾਂ 'ਚ ਪੂੰਜੀਵਾਦੀ ਸਮਾਜ ਦੀ ਇੱਕ ਊਣਤਾਈ ਦਾ ਝਲਕਾਰਾ ਵੇਖਣ ਨੂੰ ਮਿਲਿਆ ਕਿ ਬੇਰੁਜ਼ਗਾਰੀ ਨਾਮੀ ਨਾਗ ਕਰੋੜਾਂ ਨੌਜਵਾਨਾਂ ਨੂੰ ਡੱਸ ਰਿਹਾ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਨੌਜਵਾਨ ਉਹ ਹਨ ਜਿਨ੍ਹਾਂ ਨੇ ਸਿੱਖਿਅਕ ਸੰਸਥਾਵਾਂ ਤੋਂ ਮਾਨਤਾਵਾਂ ਪ੍ਰਾਪਤ ਕੀਤੀਆਂ ਹੋਈਆਂ ਹਨ।

ਬੀਤੇ 2 ਫਰਵਰੀ ਨੂੰ ਚੰਡੀਗੜ੍ਹ ਪੁਲੀਸ ਵੱਲੋਂ 11 ਵਾਟਰ ਕੈਰੀਅਰ (ਦਰਜਾ-4 ਮੁਲਾਜ਼ਮ) ਵਾਸਤੇ ਪੋਸਟਾਂ ਕੱਢੀਆਂ। ਇਨ੍ਹਾਂ ਪੋਸਟਾਂ ਲਈ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਚੰਡੀਗੜ੍ਹ ਆਦਿ ਦੇ 23 ਹਜ਼ਾਰ ਮੁੰਡੇ ਤੇ ਕੁੜੀਆਂ ਨੇ ਅਰਜ਼ੀਆਂ ਦਿੱਤੀਆਂ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਐਮ.ਬੀ.ਏ, ਪੋਸਟ ਗਰੇਜੂਏਟ, ਗਰੈਜੂਏਟ, ਬੀ.ਐਸ.ਸੀ ਵਾਲ਼ੇ ਨੌਜਵਾਨਾਂ ਦੀ ਸੀ। ਭਾਵੇਂ ਇਨ੍ਹਾਂ ਨੌਜਵਾਨਾਂ ਦੀ ਯੋਗਤਾ ਸਿਰਫ਼ ਅੱਠਵੀਂ ਪਾਸ ਹੀ ਰੱਖੀ ਸੀ ਪਰ 75 ਫੀਸਦੀ ਨੌਜਵਾਨ ਉਮੀਦਵਾਰ ਨਿਰਧਾਰਤ ਯੋਗਤਾ ਤੋਂ ਵੱਧ ਪੜ੍ਹੇ ਲਿਖੇ ਸਨ।

ਇਹ ਨਜ਼ਾਰਾ ਪ੍ਰਤੱਖ ਸਬੂਤ ਹੈ ਕਿ ਦੇਸ਼ ਦੇ ਰਾਜਨੀਤਿਕ ਆਰਥਿਕ ਪ੍ਰਬੰਧ ਦੁਆਰਾ ਗ਼ਰੀਬ ਤੇ ਆਮ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ਼ ਕਿਸ ਤਰ੍ਹਾਂ ਭੱਦਾ ਤੇ ਗ਼ੈਰਮਨੁੱਖੀ ਵਿਵਹਾਰ ਹੋ ਰਿਹਾ ਹੈ। ਲੋਕਾਂ ਦੇ ਬੁਨਿਆਦੀ ਹੱਕਾਂ ਵਿੱਚੋਂ ਇੱਕ ਹੱਕ ਰੋਜ਼ਗਾਰ ਹੈ ਜੋ ਸਾਨੂੰ ਨਹੀਂ ਮਿਲ ਰਿਹਾ। ਇਸ ਭਰਤੀ ਦਾ ਗ਼ੈਰਮਨੁੱਖੀ ਪਹਿਲੂ ਇਸ ਗੱਲ ਤੋਂ ਨਜ਼ਰ ਆਉਂਦਾ ਹੈ ਕਿ ਭਰਤੀ ਲਈ ਆਏ ਉਮੀਦਵਾਰਾਂ ਕੋਲ਼ੋਂ ਵਾਰੋ ਵਾਰੀ ਗਲਾਸਾਂ ਵਿੱਚ ਪਾਣੀ ਭਰਵਾਉਣ ਉਪਰੰਤ ਗਲਾਸਾਂ ਨੂੰ ਟਰੇਅ ਵਿੱਚ ਪਰੋਸ ਕੇ ਉਨ੍ਹਾਂ ਨੂੰ ਸਾਹਿਬ ਲਈ ਪਾਣੀ ਲਿਜਾਣ ਲਈ ਤੋਰ ਦਿੱਤਾ ਜਾਂਦਾ ਤਾਂ ਜੋ ਇਹਨਾਂ ਦੇ ਸਲੀਕੇ ਦਾ ਟੈਸਟ ਹੋ ਜਾਵੇ ਇਸ ਤੋਂ ਵੱਧ ਜਲੀਲਪੁਣਾ ਕੀ ਹੋ ਸਕਦਾ ਹੈ।

ਥੋੜ੍ਹੀਆਂ ਜਿਹੀਆਂ ਪੋਸਟਾਂ ਲਈ ਹਜ਼ਾਰਾਂ ਗੁਣਾਂ ਉਮੀਦਵਾਰਾਂ ਦੀ ਭਾਗੀਵਾਲ ਨੇ ਇੱਕ ਵਾਰ ਫੇਰ ਦਿਖਾ ਦਿੱਤਾ ਕਿ ਮੁਨਾਫ਼ੇ ਤੇ ਅਧਾਰਿਤ ਇਹ ਪੂੰਜੀਵਾਦੀ ਢਾਂਚਾ ਲੋਕਾਂ ਨੂੰ ਕਦੇ ਵੀ ਉਨ੍ਹਾਂ ਦੇ ਬੁਨਿਆਦੀ ਹੱਕ ਨਹੀਂ ਦੇ ਸਕਦਾ। ਬੇਰੁਜ਼ਗਾਰੀ ਲਗਾਤਾਰ ਵੱਧ ਰਹੀ ਹੈ, ਰੁਜ਼ਗਾਰ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ। ਸਿੱਖਿਆ ਦੇ ਮੈਦਾਨ ਵਿੱਚ ਵੀ ਕਾਰਪੋਰੇਟ ਖਿਡਾਰੀ ਲਗਾਤਾਰ ਜਿੱਤਾਂ ਪ੍ਰਾਪਤ ਕਰ ਰਹੇ ਹਨ ਤੇ ਲੋਕ ਆਪਣੇ ਬੁਨਿਆਦੀ ਹੱਕਾਂ ਤੋਂ ਤੇਜ਼ੀ ਨਾਲ਼ ਵਾਂਝੇ ਹੋ ਰਹੇ ਹਨ। ਕਈ ਵਰੇ ਪਹਿਲਾਂ ਪਬਲਿਕ ਸੈਕਟਰ ਜਿੱਥੋਂ ਲੋਕਾਂ ਦੇ ਰੋਜ਼ਗਾਰ ਦਾ ਵੱਡਾ ਸਾਧਨ ਸੀ ਉਹ ਵੀ ਨਿੱਜੀ ਹੱਥਾਂ 'ਚ ਜਾ ਰਿਹਾ ਹੈ। ਖੇਤੀ ਵਿੱਚ ਵੀ ਪੂੰਜੀ ਦਾ ਅਥਾਹ ਫੈਲਾਅ ਹੋਇਆ ਹੈ ਜਿਸ ਕਰਕੇ ਇਸ ਖੇਤਰ ਵਿੱਚ ਵੀ ਰੋਜ਼ਗਾਰ ਲਗਾਤਾਰ ਘੱਟ ਰਿਹਾ ਹੈ। ਪਰ ਅਸਲ ਕਾਰਨ ਇਹ ਪੂੰਜੀਵਾਦੀ ਢਾਂਚਾ ਹੈ ਜਿਸ ਦਾ ਸਾਰੇ ਲੋਕਾਂ ਨੂੰ ਰੋਜ਼ਗਾਰ ਦੇਣਾ ਤੇ ਲੋਕਾਂ ਦੀ ਜ਼ਰੂਰਤ ਪੂਰੀ ਕਰਨਾ ਮਕਸਦ ਹੀ ਨਹੀਂ ਹੈ। ਕਿਉਂਕਿ ਇਸਦੇ ਕੇਂਦਰ ਵਿੱਚ ਮੁਨਾਫ਼ਾ ਹੁੰਦਾ ਹੈ ਨਾ ਕਿ ਮਨੁੱਖ। ਤੇ ਮੁਨਾਫ਼ਾ ਤਾਂ ਹੀ ਹੋ ਸਕਦਾ ਹੈ ਜੇ ਘੱਟੋ ਘੱਟ ਕਿਰਤ ਸ਼ਕਤੀ ਨਾਲ਼ ਵੱਧ ਤੋਂ ਵੱਧ ਉਤਪਾਦਨ ਕੀਤਾ ਜਾਵੇ। ਇਸੇ ਕਰਕੇ ਇਸ ਪ੍ਰਬੰਧ ਵਿੱਚ ਲੋਕਾਂ ਦੀ ਨਾ ਤਾਂ ਗ਼ਰੀਬੀ ਦੂਰ ਹੋ ਸਕਦੀ ਹੈ ਤੇ ਨਾ ਹੀ ਬੇਰੁਜ਼ਗਾਰੀ। ਜੋ ਢਾਂਚਾ ਹੀ ਲੁੱਟ ਤੇ ਟਿਕਿਆ ਹੋਵੇ ਉੱਥੇ ਰਾਜਨੀਤਿਕ ਤੇ ਆਰਥਿਕ ਢਾਂਚੇ ਤੋਂ ਅਸੀਂ ਕੀ ਉਮੀਦ ਕਰ ਸਕਦੇ ਹਾਂ ਇਸ ਢਾਂਚੇ ਨੇ ਗ਼ਰੀਬਾਂ ਤੇ ਨੌਜਵਾਨਾਂ ਨਾਲ਼ ਖਿਲਵਾੜ ਹੀ ਕੀਤਾ ਹੈ, ਕਰ ਰਿਹਾ ਹੈ ਤੇ ਕਰਦਾ ਰਹੇਗਾ। ਇਸ ਢਾਂਚੇ ਵਾਸਤੇ ਨੌਜਵਾਨ ਭੇਡ-ਬੱਕਰੀਆਂ ਤੋਂ ਬਿਨਾਂ ਕੁਝ ਨਹੀਂ ਹਨ ਤੇ ਜਿਹੜਾ ਢਾਂਚਾ ਸਾਡੀਆਂ ਜ਼ਿੰਦਗੀਆਂ ਨਾਲ਼ ਖੇਡ ਤੇ ਮਜ਼ਾਕ ਕਰ ਰਿਹਾ ਹੈ ਇਸ ਨੂੰ ਢਾਹ ਦੇਣਾ ਚਾਹੀਦਾ ਹੈ। ਜਿਸ ਦੀ ਜ਼ਿੰਮੇਵਾਰੀ ਨੌਜਵਾਨਾਂ ਨੂੰ ਆਪਣੇ ਸਿਰ ਤੇ ਲੈਣੀ ਪਵੇਗੀ ਤੇ ਸਾਨੂੰ ਲੈ ਲੈਣੀ ਚਾਹੀਦੀ ਹੈ।

ਸਮਰ
ਲੁਧਿਆਣਾ।

ਜਦੋਂ ਤੱਕ ਸੰਪਤੀ ਮਨੁੱਖੀ ਸਮਾਜ ਦੀ ਜਥੇਬੰਦੀ ਦਾ ਆਧਾਰ ਹੈ, ਸੰਸਾਰ ਵਿਚ ਕੌਮਾਂਤਰੀਵਾਦ ਦਾ ਜਨਮ ਨਹੀਂ ਹੋ ਸਕਦਾ। ਕੌਮਾਂ-ਕੌਮਾਂ ਦੀ, ਭਰਾਵਾਂ-ਭਰਾਵਾਂ ਦੀ, ਔਰਤ ਮਰਦ ਦੀ ਲੜਾਈ ਦਾ ਕਾਰਨ ਇਹੋ ਸੰਪਤੀ ਹੈ। ਸੰਸਾਰ ਵਿਚ ਜਿੰਨਾ ਅਨਿਆਂ ਅਤੇ ਵਿਭਚਾਰ ਹੈ, ਜਿੰਨੀ ਈਰਖਾ ਅਤੇ ਸਾੜਾ ਹੈ, ਜਿੰਨੀ ਮੂਰਖਤਾ ਅਤੇ ਅਗਿਆਨਤਾ ਹੈ, ਉਸ ਦਾ ਮੂਲ ਰਹੱਸ ਇਹੋ ਜ਼ਹਿਰ ਦੀ ਗੰਢ ਹੈ। ਜਦ ਤੱਕ ਸੰਪਤੀ ਉੱਪਰ ਵਿਅਕਤੀਗਤ ਅਧਿਕਾਰ ਰਹੇਗਾ, ਤਦ ਤਕ ਮਨੁੱਖੀ ਸਮਾਜ ਦਾ ਭਲਾ ਨਹੀਂ ਹੋ ਸਕਦਾ। ਮਜ਼ਦੂਰਾਂ ਦੇ ਕੰਮ ਦਾ ਸਮਾਂ ਘੱਟ ਕਰੋ, ਬੇਰੁਜ਼ਗਾਰਾਂ ਨੂੰ ਗੁਜ਼ਾਰਾ ਦਿਓ, ਜਗੀਰਦਾਰਾਂ ਅਤੇ ਸਰਮਾਏਦਾਰਾਂ ਦੇ ਅਧਿਕਾਰ ਘੱਟ ਕਰੋ, ਮਜ਼ਦੂਰਾਂ ਕਿਸਾਨਾਂ ਦੇ ਹੱਕਾਂ ਨੂੰ ਵਧਾਓ। ਸਿੱਕੇ ਦਾ ਮੁੱਲ ਘਟਾਓ, ਇਸ ਤਰ੍ਹਾਂ ਦੇ ਚਾਹੇ ਜਿੰਨੇ ਵੀ ਸੁਧਾਰ ਤੁਸੀਂ ਕਰੋ, ਪਰ ਇਹ ਜ਼ਰ-ਜ਼ਰ ਦੀਵਾਰ ਇਸ ਤਰ੍ਹਾਂ ਦੀ ਟੀਪ-ਟਾਪ ਨਾਲ ਖੜ੍ਹੀ ਨਹੀਂ ਰਹਿ ਸਕਦੀ। ਇਸ ਨੂੰ ਨਵੇਂ ਸਿਰੇ ਤੋਂ ਢਾਹ ਕੇ ਬਣਾਉਣਾ ਹੋਵੇਗਾ। ...ਪਰ ਸੰਸਾਰ ਦਾ ਜਿੰਨਾ ਨੁਕਸਾਨ ਲਕਸ਼ਮੀ ਨੇ ਕੀਤਾ ਹੈ ਓਨਾ ਸ਼ੈਤਾਨ ਨੇ ਨਹੀਂ ਕੀਤਾ। ਇਹ ਦੇਵੀ ਨਹੀਂ ਡੈਣ ਹੈ। ਸੰਪਤੀ ਨੇ ਮਨੁੱਖ ਨੂੰ ਦਾਸ ਬਣਾ ਲਿਆ ਹੈ। ਉਸ ਦੀ ਸਾਰੀ ਮਾਨਸਿਕ, ਆਤਮਿਕ ਅਤੇ ਸਰੀਰਕ ਤਾਕਤ ਸਿਰਫ਼ ਸੰਪਤੀ ਇਕੱਠੀ ਕਰਨ ਵਿਚ ਬੀਤ ਜਾਂਦੀ ਹੈ। ਮਰਦੇ ਦਮ ਤੱਕ ਵੀ ਸਾਨੂੰ ਇਹੋ ਹਸਰਤ ਰਹਿੰਦੀ ਹੈ ਕਿ ਹਾਏ! ਇਸ ਸੰਪਤੀ ਦਾ ਕੀ ਹਾਲ ਹੋਵੇਗਾ? ਅਸੀਂ ਸੰਪਤੀ ਲਈ ਜਿਊਂਦੇ ਹਾਂ, ਉਸੇ ਲਈ ਮਰਦੇ ਹਾਂ, ਅਸੀਂ ਵਿਦਵਾਨ ਬਣਦੇ ਹਾਂ ਸੰਪਤੀ ਲਈ, ਗੇਰੂਆ ਚੋਗਾ ਧਾਰਨ ਕਰਦੇ ਹਾਂ ਸੰਪਤੀ ਲਈ, ਘਿਓ ਵਿੱਚ ਆਲੂ ਮਲਾ ਕੇ ਅਸੀਂ ਕਿਉਂ ਬੇਚਦੇ ਹਾਂ? ਦੁੱਧ ਵਿੱਚ ਪਾਣੀ ਕਿਉਂ ਮਿਲਾਉਂਦੇ ਹਾਂ? ਤਰ੍ਹਾਂ-ਤਰ੍ਹਾਂ ਦੇ ਵਿਗਿਆਨਕ ਹਿੰਸਾ ਯੰਤਰ ਕਿਉਂ ਬਣਾਉਂਦੇ ਹਾਂ? ਵੇਸ਼ਵਾਵਾਂ ਕਿਉਂ ਬਣਦੀਆਂ ਹਨ? ਅਤੇ ਡਾਕੇ ਕਿਉਂ ਪੈਂਦੇ ਹਨ? ਇਸ ਦਾ ਇੱਕੋ-ਇੱਕ ਕਾਰਨ ਸੰਪਤੀ ਹੈ। ਜਦੋਂ ਤੱਕ ਸੰਪਤੀਹੀਣ ਸਮਾਜ ਨਹੀਂ ਬਣੇਗਾ, ਜਦੋਂ ਤੱਕ ਸੰਪਤੀ ਵਿਅਕਤੀਵਾਦ ਦਾ ਅੰਤ ਨਹੀਂ ਹੋਵੇਗਾ ਸੰਸਾਰ ਨੂੰ ਸ਼ਾਂਤੀ ਨਹੀਂ ਮਿਲੇਗੀ।

-ਮੁਨਸ਼ੀ ਪ੍ਰੇਮ ਚੰਦ

ਐਲਾਨਨਾਮੇ ਦਾ ਫਾਰਮ : ਫਾਰਮ 4
(ਨਿਯਮ 8 ਦੇ ਤਹਿਤ)

ਮੈਗਜ਼ੀਨ ਦਾ ਨਾਂ	ਤਬਦੀਲੀ ਪਸੰਦ ਨੌਜਵਾਨਾਂ ਦੀ ਲਲਕਾਰ
ਮੈਗਜ਼ੀਨ ਦੀ ਭਾਸ਼ਾ	ਪੰਜਾਬੀ
ਆਵਰਤਤਾ	ਮਾਸਿਕ
ਮੈਗਜ਼ੀਨ ਦੀ ਕੀਮਤ	10 ਰੁਪਏ
ਪ੍ਰਕਾਸ਼ਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਕਾਸ਼ਨ ਸਥਾਨ	ਸਰਹਿੰਦ ਸ਼ਹਿਰ, ਪੰਜਾਬ।
ਪ੍ਰਿੰਟਰ ਦਾ ਨਾਂ	ਲਖਵਿੰਦਰ ਸਿੰਘ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਪ੍ਰਿੰਟਿੰਗ ਪ੍ਰੈੱਸ ਦਾ ਨਾਂ	ਸੈਂਟੋ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਫਾਟਕ, ਜਲੰਧਰ, ਪੰਜਾਬ।
ਸੰਪਾਦਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ
ਪਤਾ	ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜਿਲ੍ਹਾ-ਫਤਿਹਗੜ੍ਹ ਸਾਹਿਬ, ਪੰਜਾਬ -140406
ਮਾਲਕ ਦਾ ਨਾਂ	ਲਖਵਿੰਦਰ ਸਿੰਘ
ਕੌਮੀਅਤ	ਭਾਰਤੀ

ਮੈਂ, ਲਖਵਿੰਦਰ ਸਿੰਘ, ਇਹ ਐਲਾਨ ਕਰਦਾ ਹਾਂ ਕਿ ਉਪਰੋਕਤ ਤੱਥ ਮੇਰੀ ਵੱਧ ਤੋਂ ਵੱਧ ਜਾਣਕਾਰੀ ਮੁਤਾਬਿਕ ਸੱਚ ਹਨ।

ਹਸਤਾਖਰ

(ਲਖਵਿੰਦਰ ਸਿੰਘ)

ਪ੍ਰਕਾਸ਼ਕ, ਪ੍ਰਿੰਟਰ ਅਤੇ ਮਾਲਕ

(**ਟਾਈਟਲ ਪੰਨੇ ਤੋਂ ਜਾਰੀ**)

ਤਿਆਰ ਕੀਤਾ ਪ੍ਰੋਗਰਾਮ ਪੇਸ਼ ਕੀਤਾ।

ਪਰ ਇਨਕਲਾਬ ਦੇ ਵਿਰੋਧੀ ਵੀ ਚੁੱਪ ਨਹੀਂ ਸਨ। ਸੱਜੇ ਪੱਖੀ, ਫ਼ੌਜ ਅਤੇ ਅਮਰੀਕੀ ਸਾਮਰਾਜ ਲੋਕਾਂ ਦੀ ਇਸ ਚੁਣੀ ਹੋਈ ਸਰਕਾਰ ਨੂੰ ਨੇਸਤਾ ਨਾਬੂਦ ਕਰਨ ਦੀਆਂ ਗੋਂਦਾਂ ਗੁੰਦ ਰਹੇ ਸਨ। ਉਲਟ ਇਨਕਲਾਬ ਦਾ ਖਤਰਾ ਦਿਨ-ਬ-ਦਿਨ ਵਧਦਾ ਜਾ ਰਿਹਾ ਸੀ। 26 ਮਈ ਨੂੰ ਪਾਬਲੋ ਨੇਰੂਦਾ ਨੇ ਆਪਣੇ ਸੰਦੇਸ਼ ਰਾਹੀਂ ਚਿੱਲੀ ਅਤੇ ਦੂਜੇ ਦੇਸ਼ਾਂ ਦੇ ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਫਾਸੀਵਾਦੀ ਉਲਟ ਇਨਕਲਾਬ ਦੇ ਖਤਰੇ ਦੇ ਖਿਲਾਫ਼ ਉਸ ਦੇ ਯਤਨਾਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸਾਰੀ ਸੱਭਿਆਚਾਰਕ ਲਹਿਰ ਨੇ ਇਸ ਸੱਦੇ ਦਾ ਹੁੰਗਾਰਾ ਭਰਿਆ। ਪੂਰਾ ਦੇਸ਼ ਸੱਭਿਆਚਾਰਕ ਸਰਗਰਮੀਆਂ ਨਾਲ਼ ਭਰ ਗਿਆ। ਇਸ ਮੁਹਿੰਮ ਵਿੱਚ ਗਾਉਣ ਤੋਂ ਇਲਾਵਾ ਵਿਕਟੋਰ ਨੇ ਨੈਸ਼ਨਲ ਟੈਲੀਵਿਜ਼ਨ ਲਈ ਫਾਸੀਵਾਦ ਤੇ ਇੱਕ ਲੜੀਵਾਰ ਤਿਆਰ ਕੀਤਾ।

ਪਰ ਉਲਟ ਇਨਕਲਾਬ ਨਾਲ਼ ਨਿਪਟਣ ਲਈ ਚਿੱਲੀ ਦੀ ਖੱਬੇਪੱਖੀ ਲੀਡਰਸ਼ਿਪ ਤਿਆਰ ਨਹੀਂ ਸੀ। ਉਹ ਮਜ਼ਦੂਰ ਜਮਾਤ ਨੂੰ ਸਹੀ ਅਗਵਾਈ ਦੇਣੋ ਅਸਮਰੱਥ ਸੀ। ਉਸ ਨੇ ਮਜ਼ਦੂਰ ਜਮਾਤ ਨੂੰ ਗ੍ਰਹਿਯੁੱਧ ਲਈ ਹਥਿਆਰਬੰਦ ਨਹੀਂ ਕੀਤਾ। ਸਗੋਂ ਵਿਰੋਧੀਆਂ ਨਾਲ਼ ਗੱਲਬਾਤ ਦਾ ਰਾਹ ਅਪਣਾਇਆ। ਸਿੱਟੇ ਵਜੋਂ 11 ਸਿਤੰਬਰ, 1973 ਨੂੰ ਜਦ ਉਲਟ ਇਨਕਲਾਬ ਸ਼ੁਰੂ ਹੋਇਆ ਤਾਂ ਇਹ ਇੱਕ ਤਰ੍ਹਾਂ ਨਾਲ ਇੱਕ ਪਾਸੜ ਲੜਾਈ ਸੀ। ਇਸ ਰਾਜਪਲਟੇ ਵਿੱਚ ਰਾਸ਼ਟਰਪਤੀ ਅਲੈਂਡੇ ਨੂੰ ਕਤਲ ਕਰ ਦਿੱਤਾ।

ਜਿਹੇ ਹਾਲਾਤਾਂ ਵਿੱਚ ਵਿਕਟੋਰ ਨੂੰ ਵੀ ਆਪਣੀ ਹੋਣੀ ਦਾ ਅੰਦਾਜ਼ਾ ਹੋ ਗਿਆ ਸੀ। ਰਾਜਪਲ਼ਟੇ ਤੋਂ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਆਪਣੀ ਪ੍ਰਸਿੱਧ ਰਚਨਾ 'ਮੈਨੀਫੈਸਟੋ' ਲਿਖੀ, ਜਿਸ ਵਿੱਚ ਉਨ੍ਹਾਂ ਨੇ ਆਪਣੇ ਗਾਉਣ ਦੇ ਮਕਸਦ ਬਾਰੇ ਲਿਖਿਆ, "ਮੇਰੀ ਗਿਟਾਰ ਅਮੀਰਾਂ ਲਈ ਨਹੀਂ ਹੈ, ਮੇਰੇ ਗੀਤ ਉਸ ਪੌੜੀ ਲਈ ਹਨ, ਸਿਤਾਰਿਆਂ ਤੇ ਪਹੁੰਚਣ ਲਈ ਅਸੀਂ, ਜਿਸ ਨੂੰ ਬਣਾ ਰਹੇ ਹਾਂ।"

ਜਦ ਉਲ਼ਟ ਇਨਕਲਾਬ ਸ਼ੁਰੂ ਹੋਇਆ ਤਾਂ ਸਾਥੀਆਂ ਦੇ ਹੁਕਮ ਅਨੁਸਾਰ ਵਿਕਟੋਰ ਟੈਕਨੀਕਲ ਯੂਨੀਵਰਸਿਟੀ ਚਲੇ ਗਏ। ਉਲ਼ਟ ਇਨਕਲਾਬੀਆਂ ਨੇ ਯੂਨੀਵਰਸਿਟੀ ਨੂੰ ਘੇਰਾ ਪਾ ਲਿਆ। ਵਿਕਟੋਰ ਇਨਕਲਾਬੀ ਗੀਤ ਗਾ ਕੇ ਸਾਰੀ ਰਾਤ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਹੌਂਸਲਾ ਵਧਾਉਂਦੇ ਰਹੇ। ਅਗਲੇ ਦਿਨ ਵਿਕਟੋਰ ਜਾਰਾ ਉਨ੍ਹਾਂ ਹਜ਼ਾਰਾਂ ਲੋਕਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੂੰ ਫੌਜ ਨੇ ਗ੍ਰਿਫ਼ਤਾਰ ਕਰਕੇ ਚਿੱਲੀ ਸਟੇਡੀਅਮ ਲਿਆਂਦਾ ਗਿਆ ਸੀ। ਪ੍ਰਸਿੱਧੀ ਕਰਕੇ ਵਿਕਟੋਰ ਉਲਟ ਇਨਕਲਾਬੀਆਂ ਦੇ ਖ਼ਾਸ ਨਿਸ਼ਾਨੇ 'ਤੇ ਸੀ। ਉਸ ਨੂੰ ਤਸੀਹੇ ਦਿੱਤੇ ਗਏ। ਉਸ ਦਾ ਮਜ਼ਾਕ ਉਡਾਇਆ ਗਿਆ। ਜੁਆਬ ਵਿੱਚ ਵਿਕਟੋਰ ਨੇ ਆਪਣਾ ਪ੍ਰਸਿੱਧ ਗੀਤ "ਵੈਨਸਰੀਮੋਸ" ਗਾਇਆ ਜਿਸ ਦੇ ਸ਼ਾਬਦਿਕ ਅਰਥ ਹਨ 'ਅਸੀਂ ਜਿੱਤਾਂਗੇ!' ਬਾਅਦ ਵਿੱਚ ਉਸ ਨੂੰ ਸ਼ਹੀਦ ਕਰ ਦਿੱਤਾ ਗਿਆ। ਸ਼ਾਇਦ ਉਸ ਦਿਨ 16 ਸਿਤੰਬਰ, 1973 ਦੀ ਤਰੀਕ ਸੀ। ਤਸੀਹਿਆਂ ਤੋਂ ਇਲਾਵਾ ਵਿਕਟੋਰ ਦੇ ਮ੍ਰਿਤਕ ਸ਼ਰੀਰ ਵਿੱਚ ਗੋਲੀਆਂ ਦੇ 44 ਨਿਸ਼ਾਨ ਮੌਜੂਦ ਸਨ।

ਮਰਨ ਤੋਂ ਪਹਿਲਾਂ ਜਾਰਾ ਨੇ ਸਟੇਡੀਅਮ ਦੇ ਕੈਦੀਆਂ ਦੀਆਂ ਹਾਲਤਾਂ ਬਾਰੇ ਇੱਕ ਕਵਿਤਾ ਲਿਖੀ ਸੀ ਜੋ ਇੱਕ ਸਾਥੀ ਆਪਣੇ ਬੂਟਾਂ ਵਿਚ ਲੁਕੋ ਕੇ ਬਾਹਰ ਲਿਆਉਣ ਵਿੱਚ ਸਫ਼ਲ ਹੋਇਆ। ਕਵਿਤਾ ਨੂੰ ਆਮ ਤੌਰ ਤੇ ਅਸਟੈਡੀਓ ਚਿੱਲੀ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ –

... ਕਿੰਨਾ ਔਖਾ ਹੈ ਗਾਉਣਾ
ਜਦੋਂ ਲਾਜ਼ਮੀ ਹੀ ਮੈਨੂੰ ਭਿਆਨਕਤਾ ਬਾਰੇ ਗਾਉਣਾ ਚਾਹੀਦਾ ਹੈ
ਭਿਆਨਕਤਾ ਜਿਸ ਵਿਚ ਮੈਂ ਜੀਅ ਰਿਹਾ ਹਾਂ
ਭਿਆਨਕਤਾ ਜਿਸ ਵਿੱਚ ਮੈਂ ਮਰ ਰਿਹਾ ਹਾਂ
ਆਪਣੇ ਆਪ ਨੂੰ ਏਨੇ ਵੱਡੇ
ਤੇ ਏਨੇ ਸਾਰੇ ਅਨੰਤਾਂ ਵਿੱਚ ਦੇਖਣਾ।
ਮੇਰੇ ਗੀਤ ਦਾ ਇਹ ਅੰਤ ਹੈ
ਮੈਂ ਜੋ ਦੇਖਦਾ ਹਾਂ, ਮੈਂ ਉਹ ਕਦੇ ਵੀ ਨਹੀਂ ਸੀ ਦੇਖਿਆ
ਮੈਂ ਜੋ ਮਹਿਸੂਸਿਆ ਹੈ ਅਤੇ ਜੋ ਮਹਿਸੂਸਦਾ ਹਾਂ
ਜਨਮ ਦੇਵੇਗਾ ਉਹ ਇੱਕ ਲਹਿਰ ਨੂੰ ...

ਅਸਟੈਡੀਓ ਚਿੱਲੀ ਦੇ ਲਿਖਣ ਦੇ ਹਾਲਾਤ ਜੂਲੀਅਸ ਫੂਚਿਕ ਦੀ ਪ੍ਰਸਿਧ ਰਚਨਾ "ਫਾਂਸੀ ਦੇ ਤਖ਼ਤੇ ਤੋਂ" ਨਾਲ ਮਿਲ਼ਦੇ ਜੁਲ਼ਦੇ ਹਨ।

ਵਿਕਟੋਰ ਫ਼ੌਜ ਵਿਚਲੇ ਜਮਾਤੀ ਪਾੜੇ ਬਾਰੇ ਸੁਚੇਤ ਵੀ ਸੀ। ਕਾਫ਼ੀ ਸਮਾਂ ਪਹਿਲਾਂ ਕਿਉਲਾਪਾਯੂਨ ਲਈ ਉਨ੍ਹਾਂ ਨੇ ਐੱਲ ਸੋਲਡਾਡੋ ਨਾਂ ਦੇ ਗੀਤ ਵਿਚ ਇਸ ਵਿਸ਼ੇ ਨੂੰ ਛੋਹਿਆ ਹੈ। "ਨਾ ਮਾਰ ਸਿਪਾਹੀਆ ਵੇ, ਮੈਨੂੰ ਨਾ ਮਾਰ/ ਜਾਣਦਾ ਹਾਂ, ਹੱਥ ਤੇਰੇ ਨੇ ਕੰਬ ਰਹੇ ਵੇ, ਮੈਨੂੰ ਨਾ ਮਾਰ/ ਹਾਂ ਮੈ ਤੇਰਾ ਭਰਾ, ਮੈਨੂੰ ਨਾ ਮਾਰ।" 1960 ਵਿੱਚ ਆਪਣੇ ਯੂਰੋਪ ਦੇ ਦੌਰੇ ਸਮੇਂ ਉਸ ਨੇ ਲਿਖਿਆ, "ਵਿਰੋਧ ਦਾ ਗੀਤ' ਸ਼ਬਦ ਉਚਿਤ ਨਹੀਂ ਹੈ ਕਿਉਂ ਕਿ ਇਹ ਅਸਪਸ਼ਟ ਹੈ ਅਤੇ ਇਸ ਦੀ ਗਲਤ ਵਰਤੋਂ ਹੋਈ ਹੈ। ਮੈਂ 'ਇਨਕਲਾਬੀ ਗੀਤ' ਦੇ ਸ਼ਬਦ ਨੂੰ ਤਰਜੀਹ ਦਿੰਦਾ ਹਾਂ। ਆਪਣੀ ਰਚਨਾ ਬਾਰੇ ਉਨ੍ਹਾਂ ਦਾ ਤਰਕ ਸੀ, "ਕਲਾਕਾਰ ਨੂੰ ਇੱਕ ..... ਸਿਰਜਕ ਅਤੇ ਆਪਣੇ ਤੱਤ ਰੂਪ ਵਿੱਚ ਇੱਕ ਇਨਕਲਾਬੀ ਹੋਣਾ ਚਾਹੀਦਾ ਹੈ ... ਇੱਕ ਮਨੁੱਖ ਜੋ ਆਪਣੀ ਸੰਚਾਰ ਦੀ ਮਹਾਨ ਤਾਕਤ ਕਾਰਣ ਇੱਕ ਗੁਰੀਲੇ ਜਿੰਨਾ ਹੀ ਖਤਰਨਾਕ ਹੋਵੇ।" ਵਿਕਟੋਰ ਦੀ ਪਤਨੀ ਜੌਹਨ ਜਾਰਾ ਨੇ ਆਪਣੀਆਂ ਯਾਦਾਂ ਸੰਬੰਧੀ "ਵਿਕਟਰ ਜਾਰਾ- ਐਨ ਅਨਫਿਨਿਸ਼ਡ ਸੌਂਗ" ਵਿੱਚ ਉਨ੍ਹਾਂ ਸਾਰੇ ਹਾਲਾਤਾਂ ਨੂੰ ਬਿਆਨ ਕੀਤਾ ਹੈ।

ਵਿਕਟੋਰ ਜਾਰਾ ਦੇ ਗੀਤ ਪਿਆਰ, ਸ਼ਾਂਤੀ ਅਤੇ ਸਮਾਜਿਕ ਨਿਆਂ ਦੀ ਗੱਲ ਕਰਦੇ ਸਨ ਪਰ ਉਸ ਦੇ ਵਹਿਸ਼ੀਆਨਾ ਢੰਗ ਨਾਲ਼ ਕੀਤੇ ਕਤਲ ਨੇ ਵਿਕਟੋਰ ਜਾਰਾ ਨੂੰ ਸਮੁੱਚੇ ਲਤੀਨੀ ਅਮਰੀਕਾ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿੱਚ ਮਨੁੱਖੀ ਹੱਕਾਂ ਅਤੇ ਨਿਆਂ ਲਈ ਸੰਘਰਸ਼ ਦਾ ਪ੍ਰਤੀਕ ਬਣਾ ਦਿੱਤਾ ਹੈ।●

ਵਿਕਟੋਰ ਜਾਰਾ



• ਕੁਲਵਿੰਦਰ

"ਜਦ ਤੱਕ ਅਸੀਂ ਉਸ ਦੇ ਗੀਤ ਗਾਉਂਦੇ ਹਾਂ, ਜਦ ਤੱਕ ਉਸ ਦਾ ਹੌਸਲਾ ਸਾਨੂੰ ਹੋਰ ਜ਼ਿਆਦਾ ਹੌਸਲੇ ਲਈ ਪ੍ਰੇਰਿਤ ਕਰਦਾ ਰਹੇਗਾ, ਵਿਕਟੋਰ ਜਾਰਾ ਨਹੀਂ ਮਰੇਗਾ।" – ਪੀਟ ਸੀਗਰ (ਅਮਰੀਕੀ ਲੋਕਪੱਖੀ ਗਾਇਕ)

3 ਦਸੰਬਰ, 2009 ਨੂੰ ਵਿਕਟੋਰ ਜਾਰਾ ਨੂੰ ਮੁੜ ਦਫ਼ਨਾਉਣ ਮੌਕੇ ਜੁੜਿਆ ਹਜ਼ਾਰਾਂ ਲੋਕਾਂ ਦਾ ਇਕੱਠ ਉਨ੍ਹਾਂ ਤਾਕਤਾਂ ਲਈ ਇੱਕ ਨਵੀਂ ਵੰਗਾਰ ਬਣ ਰਿਹਾ ਸੀ, ਜਿਨ੍ਹਾਂ ਨੇ 36 ਸਾਲ ਪਹਿਲਾਂ ਉਸ ਦੀ ਵਿਦਰੋਹੀ ਅਵਾਜ਼ ਨੂੰ ਖਾਮੋਸ਼ ਕਰਨ ਦਾ ਭਰਮ ਪਾਲਿਆ ਸੀ। ਵਿਕਟਰ ਜਾਰਾ ਚਿੱਲੀ ਦੇ ਉਨ੍ਹਾਂ ਹਜ਼ਾਰਾਂ ਲੋਕਾਂ ਵਿੱਚ ਸ਼ਾਮਲ ਸੀ, ਜਿਨ੍ਹਾਂ ਨੂੰ ਅਮਰੀਕੀ ਸਾਮਰਾਜ ਦੇ ਇਸ਼ਾਰਿਆਂ ਤੇ ਚਿੱਲੀ ਦੇ ਸੱਜ ਪਿਛਾਖੜੀ ਫੌਜੀ ਜਰਨੈਲਾਂ ਵਲੋਂ 11 ਸਿਤੰਬਰ, 1973 ਨੂੰ ਸਲਵਾਡੋਰ ਅਲੈਂਡੇ ਦੀ ਸਰਕਾਰ ਦੇ ਰਾਜਪਲਟੇ ਮਗਰੋਂ ਸ਼ਿਕਾਰ ਬਣਾਇਆ ਗਿਆ ਸੀ।

ਸੈਨਟਿਆਗੋ ਦੇ ਨੇੜੇ 28 ਸਿਤੰਬਰ, 1932 ਨੂੰ ਇਕ ਗਰੀਬ ਕਿਸਾਨ ਪਰਿਵਾਰ ਵਿੱਚ ਜਨਮ ਲੈਣ ਵਾਲੇ ਵਿਕਟੋਰ 6 ਸਾਲਾਂ ਦੀ ਉਮਰ ਵਿੱਚ ਕੰਮ ਕਰਨਾ ਪਿਆ। ਗਰੀਬੀ ਕਾਰਣ ਉਸ ਦੇ ਪਿਤਾ ਮੈਨੁਅਲ ਜਾਰਾ ਸ਼ਰਾਬੀ ਬਣ ਗਿਆ। ਉਸ ਦੇ ਘਰ ਛੱਡਣ ਕਾਰਣ ਪਰਿਵਾਰ ਹੋਰ ਵੀ ਮੁਸੀਬਤ ਵਿੱਚ ਫਸ ਗਿਆ। ਉਸ ਦੀ ਮਾਂ ਅਮਨੰਦਾ ਨੇ ਨਾ ਸਿਰਫ ਬੱਚਿਆਂ ਨੂੰ ਪਾਲਿਆ, ਸਗੋਂ ਉਨ੍ਹਾਂ ਨੂੰ ਚੰਗੀ ਸਿੱਖਿਆ ਅਤੇ ਸੱਭਿਆਚਾਰ ਵੀ ਦਿੱਤਾ। ਅਮਨੰਦਾ ਸੰਗੀਤ ਦੀ ਵੀ ਗਿਆਤਾ ਸੀ ਅਤੇ ਸਥਾਨਕ ਸਮਾਜਕ ਪ੍ਰੋਗਰਾਮਾਂ ਵਿੱਚ ਗਾਉਂਦੀ ਸੀ।

ਪੰਦਰਾਂ ਸਾਲਾਂ ਦੀ ਉਮਰ ਵਿਚ ਮਾਂ ਦੀ ਮੌਤ ਨੇ ਵਿਕਟੋਰ ਦੇ ਮਨ ਨੂੰ ਝਿੰਜੋੜ ਦਿਤਾ। ਉਸ ਨੇ ਅਕਾਊਂਟੈਂਟ ਬਣਨ ਦੀ ਸੋਚੀ। ਪਰ ਮਨ ਦੀ ਅਸ਼ਾਂਤੀ ਉਸ ਨੂੰ ਇੱਕ ਪਾਦਰੀ ਬਣਨ ਵੱਲ ਲੈ ਗਈ। ਕੁਝ ਸਾਲਾਂ ਬਾਅਦ ਉਹ ਗਿਰਜੇ ਤੋਂ ਮਨ ਉਚਾਟ ਹੋ ਗਿਆ। ਬਾਅਦ ਵਿੱਚ ਉਸ ਨੇ ਕਈ ਸਾਲ ਫ਼ੌਜ ਵਿੱਚ ਲਾਏ। ਪਰ ਉਥੇ ਵੀ ਉਸ ਦਾ ਮਨ ਨਹੀਂ ਲੱਗਿਆ ਅਤੇ ਉਸ ਨੇ ਫ਼ੌਜ ਚੋਂ ਵਾਪਸ ਆ ਕੇ ਆਪਣੇ ਸੰਗੀਤ ਅਤੇ ਨਾਟਕ ਦੇ ਸ਼ੌਕ ਨੂੰ ਅਪਣਾ ਲਿਆ।

ਵਿਕਟੋਰ ਦੇ ਸੰਗੀਤਕ ਸਫ਼ਰ ਦੀ ਸ਼ੁਰੂਆਤ 1950 ਵਿਆਂ ਵਿੱਚ ਸੰਗੀਤ ਟੋਲੀ ਕੁਨਕੁਮੇਨ ਨਾਲ਼ ਸ਼ਾਮਲ ਹੋਣ ਨਾਲ਼ ਹੋਈ। ਉਹ ਲਤੀਨੀ ਅਮਰੀਕੀ ਲੋਕ ਸੰਗੀਤ ਦੀ ਨੁਈਵਾ ਕੈਨੀਕਾਨ ਲਹਿਰ ਨਾਲ ਜੁੜ ਗਿਆ। ਉਸ ਦੇ ਗੀਤ ਰਵਾਇਤੀ ਲੋਕ ਸੰਗੀਤ ਅਤੇ ਖੱਬੇਪੱਖੀ ਰਾਜਨੀਤਕ ਵਿਚਾਰਧਾਰਾ ਦਾ ਸੁਮੇਲ ਹੁੰਦੇ ਸਨ।

ਵਿਕਟੋਰ ਦੇ ਸ਼ੁਰੂਆਤੀ ਦੌਰ ਦੇ ਗੀਤ ਵਿਅਕਤੀਆਂ ਦੇ ਰੂਪ ਵਿੱਚ ਮਜ਼ਦੂਰਾਂ ਦੀ ਜ਼ਿੰਦਗੀ ਦੇ ਬਿਆਨ ਸਨ। ਟੀ.ਗੈਕੂਰੇਡੋ ਵਿੱਚ ਦੋ ਨੌਜੁਆਨਾਂ ਅਮਨੰਦਾ ਅਤੇ ਮੈਨੁਅਲ ਦੀ ਕਹਾਣੀ ਦੱਸਦਾ ਹੈ, ਜੋ ਇਕ ਫੈਕਟਰੀ ਦੇ ਬਾਹਰ ਥੋੜ੍ਹੇ ਚਿਰ ਲਈ ਮਿਲਦੇ ਹਨ। ਮੈਨੁਅਲ ਮਜ਼ਦੂਰ ਸੰਘਰਸ਼ ਵਿੱਚ ਸ਼ਾਮਲ ਹੋ ਜਾਂਦਾ ਹੈ। ਇਸ ਦੇ ਦਰਦ ਭਰੇ ਨਤੀਜੇ ਸਾਹਮਣੇ ਆਉਂਦੇ ਹਨ।

ਸੋਵੀਅਤ ਯੂਨੀਅਨ ਦੀ ਯਾਤਰਾ ਨੇ ਉਸ ਨੂੰ ਕਮਿਊਨਿਸਟ ਬਣਾ ਦਿਤਾ। ਉਸ ਦੀ ਵਾਪਸੀ ਅਜਿਹੇ ਮੌਕੇ ਹੋਈ ਜਦ ਚਿੱਲੀ ਵਿੱਚ ਮਜ਼ਦੂਰਾਂ ਦੇ ਕਿਸਾਨਾਂ ਦੇ ਸੰਘਰਸ਼ ਦੀ ਲਹਿਰ ਦੀ ਚੜ੍ਹਤ ਸੀ। 1964 ਦੀਆਂ ਚੋਣਾਂ ਵਿੱਚ ਕ੍ਰਿਸ਼ਚੀਅਨ ਡੈਮੋਕ੍ਰੇਟ ਫਰਈ ਰਾਸ਼ਟਰਪਤੀ ਬਣਿਆ। ਪਰ ਛੇਤੀਂ ਹੀ ਲੋਕਾਂ ਦਾ ਨਵੀਂ ਸਰਕਾਰ ਤੋਂ ਮੋਹ ਭੰਗ ਹੋ ਗਿਆ ਅਤੇ ਰੈਡੀਕਲ ਲਹਿਰ ਦੀ ਮੁੜ ਤੋਂ ਚੜ੍ਹਤ ਹੋ ਗਈ। ਇਸ ਦੀ ਝਲਕ ਇਸ ਨਵੀਂ ਕਿਸਮ ਦੇ ਸੰਗੀਤ ਵਿੱਚ ਮਿਲਦੀ ਸੀ। 1960 ਵਿਆਂ ਦੇ ਪੱਛਮੀਂ ਰਾਕ ਸੰਗੀਤ ਦੀ ਥਾਂ ਰੈਡੀਕਲ ਸੰਗੀਤ ਨੇ ਲੈ ਲਈ। ਕਈ ਸੰਗੀਤ ਟੋਲੀਆਂ ਬਣ ਗਈਆਂ, ਜਿਨ੍ਹਾਂ ਵਿੱਚ ਇੰਟੀ-ਲਿਲਿਮਾਨੀ ਅਤੇ ਕਿਉਲਾਪਾਯੂਨ ਵੀ ਸ਼ਾਮਲ ਸਨ। ਉਨ੍ਹਾਂ ਨੇ 'ਐਲਟੀਪਲੇਨੋ' ਦੇ ਭੁੱਲੇ ਵਿਸਰੇ ਲੋਕਾਂ ਅਤੇ ਸਥਾਨਕ ਮਾਪੂਚੀ ਲੋਕ ਸਾਜ਼ਾਂ ਨੂੰ ਇਸ ਵਿਚ ਸ਼ਾਮਲ ਕਰ ਲਿਆ। ਇੰਟੀ-ਲਿਲਿਮਾਨੀ ਨੇ ਸਥਾਨਕ ਲੋਕਾਂ ਦੇ ਸੰਗੀਤ ਅਤੇ ਸਾਜ਼ਾਂ ਨੂੰ ਅਪਣਾ ਲਿਆ ਜਦ ਕਿ ਕਿਉਲਾਪਾਯੂਨ ਨੇ ਕੂਚ ਕਰਨ ਅਤੇ ਲੈਅ ਲਈ ਯੋਗ ਤਾਕਤਵਰ ਸੰਗੀਤ ਦੇ ਸਟਾਈਲ ਨੂੰ ਅਪਣਾ ਲਿਆ। ਵਿਕਟੋਰ ਨੇ ਇਸ ਵਿੱਚ ਪ੍ਰਮੁੱਖ ਭੂਮਿਕਾ ਅਦਾ ਕੀਤੀ। ਇਨ੍ਹਾਂ ਸੰਗੀਤ ਟੋਲੀਆਂ ਦੇ ਬਹੁਤੇ ਮੈਂਬਰ ਮੱਧਵਰਗ ਚੋਂ ਆਏ ਵਿਦਿਆਰਥੀ ਸਨ। ਵਿਕਟੋਰ ਦਾ ਕਈ ਵਾਰ ਆਪਣੇ ਗਰੀਬ ਪਿਛੋਕੜ ਕਾਰਣ ਝਗੜਾ ਵੀ ਹੋ ਜਾਂਦਾ ਸੀ। ਦੋਵੇਂ ਸੰਗੀਤ ਟੋਲੀਆਂ ਖੱਬੇ ਪੱਖੀ ਯੂਨੀਡਾਡ ਪਾਪੂਲਰ (ਡੀ.ਪੀ) ਦੀਆਂ ਜਨਤਕ ਰੈਲੀਆਂ ਦਾ ਸਮਾਨਾਰਥੀ ਬਣ ਗਈਆਂ। ਸੰਗੀਤ ਦੀ ਤਾਕਤ ਮਜ਼ਦੂਰ ਜਮਾਤ ਦੀ ਇਨਕਲਾਬੀ ਭਾਵਨਾ ਨੂੰ ਦਰਸਾਉਂਦੀ ਸੀ।

1967 ਵਿਕਟੋਰ ਨੇ ਚੀ-ਗਵੇਰਾ ਦੀ ਯਾਦ ਵਿਚ ਇੱਕ ਗੀਤ ਰਿਕਾਰਡ ਕੀਤਾ। ਗੀਤ ਚੀ ਦੀ ਬਹਾਦਰੀ ਦੀ ਵਡਿਆਈ ਤਾਂ ਕਰਦਾ ਸੀ ਪਰ ਉਸ ਦੀ ਗੁਰੀਲਾ ਨੀਤੀ ਦੀ ਹਮਾਇਤ ਨਹੀਂ ਕਰਦਾ ਸੀ। ਅਜਿਹਾ ਚਿੱਲੀ ਦੇ ਮਜ਼ਦੂਰਾਂ ਦੇ ਜਨਤਕ ਘੋਲਾਂ ਦੀ ਵਿਸ਼ਾਲ ਲਹਿਰ ਦੀ ਤਾਕਤਵਰ ਰਵਾਇਤ ਕਰਕੇ ਸੀ।

1969 ਵਿਚ ਜਦ ਸੱਜੇ ਪੱਖੀ ਮੰਤਰੀ ਐਡਮੁੰਡੋ ਪਰੇਜ਼ ਯੁਕੋਵਿਕ ਨੇ ਪੁਲੀਸ ਨੂੰ ਕਿਸਾਨਾਂ ਤੇ ਹਮਲਾ ਕਰਨ ਦਾ ਹੁਕਮ ਦਿੱਤਾ ਤਾਂ ਵਿਕਟਰ ਨੇ ਇੱਕ ਗੀਤ ਲਿਖਿਆ ਜਿਸ ਵਿਚ ਯੁਕੋਵਿਕ ਨੂੰ ਇਹ ਤਾੜਨਾ ਕੀਤੀ ਗਈ ਸੀ ਕਿ "ਦੱਖਣੀ (ਚਿਲੀ) ਦੀ ਪੂਰੀ ਵਰਖਾ ਦਾ ਪਾਣੀ ਵੀ ਤੇਰੇ ਹੱਥਾਂ ਨੂੰ ਸਾਫ਼ ਨਹੀਂ ਕਰ ਸਕਦਾ।"

1970 ਦੀਆਂ ਚੋਣਾਂ ਵਿਚ ਡੀ.ਪੀ ਦੇ ਸਾਂਝੇ ਮੋਰਚੇ ਦੇ ਉਮੀਦਵਾਰ ਸਲਵਾਡੋਰ ਅਲੈਂਡੇ ਰਾਸ਼ਟਰਪਤੀ ਚੁਣੇ ਗਏ। ਨਵੀਂ ਸਰਕਾਰ ਦੀ ਸਥਾਪਨਾ ਨਾਲ ਕਲਾ ਅਤੇ ਸੱਭਿਆਚਾਰ ਦੇ ਨਵੇਂ ਦਿਸਹੱਦੇ ਖੁੱਲ ਗਏ। 1970 ਵਿੱਚ ਕਿਉਲਾਪਾਯੂਨ ਅਤੇ ਰਵਾਇਤੀ ਸਾਜ਼ਿੰਦਿਆਂ ਨੇ ਮਿਲ ਕੇ ਇੱਕ ਨਵੀਂ ਪਹਿਲਕਦਮੀ ਤਹਿਤ "ਲਾ ਮਤਾਂਜਾ ਡੀ ਸਾਂਤਾ ਮਾਰੀਆ" ਨਾਂ ਦੇ ਗੀਤਾਂ ਦੀ ਰਚਨਾ ਕੀਤੀ ਜੋ ਸੋਨੇ ਦੀਆਂ ਖਾਨਾਂ ਦੇ 3000 ਹੜਤਾਲੀ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਕਹਾਣੀ ਦੱਸਦੇ ਸਨ ਜਿਨ੍ਹਾਂ ਨੂੰ 1907 ਵਿੱਚ ਲੀਕਿਊ ਵਿਖੇ ਜਿਬਾਹ ਕੀਤਾ ਗਿਆ ਸੀ। ਇਹ ਪੂਰੇ ਦੇਸ਼ ਵਿੱਚ ਵਿਆਪਕ ਸਮੂਹਾਂ ਵਿੱਚ ਪੇਸ਼ ਕੀਤੇ ਗਏ। 1971 ਵਿੱਚ ਵਿਕਟੋਰ ਨੇ ਲਿਖਿਆ, "ਸਾਨੂੰ ਪੇਸ਼ਕਾਰੀ ਵਾਲੀ ਹਰ ਥਾਂ ਤੇ ਜਥੇਬੰਦ ਹੋਣਾ ਚਾਹੀਦਾ ਹੈ ਅਤੇ ਜੇ ਸੰਭਵ ਹੋਵੇ ਤਾਂ ਸਾਨੂੰ ਉੱਥੇ ਇੱਕ ਰਚਨਾਤਮਕ ਵਰਕਸ਼ਾਪ ਕਰਨੀ ਚਾਹੀਦੀ ਹੈ। ਸਾਨੂੰ ਲੋਕਾਂ ਤੱਕ ਉੱਪਰ ਉੱਠਣਾ ਚਾਹੀਦਾ ਹੈ, ਇਹ ਨਹੀਂ ਸੋਚਣਾ ਚਾਹੀਦਾ ਕਿ ਅਸੀਂ ਆਪਣੇ ਆਪ ਨੂੰ ਹੇਠਾਂ ਗਿਰਾ ਰਹੇ ਹਾਂ। ਸਾਡਾ ਕੰਮ ਉਨ੍ਹਾਂ ਨੂੰ ਉਹ ਦੇਣਾ ਹੈ, ਜੋ ਉਨ੍ਹਾਂ ਦਾ ਹੀ ਹੈ –ਉਨ੍ਹਾਂ ਦੀਆਂ ਸੱਭਿਆਚਾਰਕ ਜੜ੍ਹਾਂ – ਅਤੇ ਸੱਭਿਆਚਾਰਕ ਪ੍ਰਗਟਾਵੇ ਦੀ ਭੁੱਖ ਨੂੰ ਤ੍ਰਿਪਤ ਕਰਨ ਦੇ ਸਾਧਨ।"

ਚਿੱਲੀ ਦੇ ਕਵੀ ਪਾਬਲੋ ਨੇਰੂਦਾ ਨੂੰ 1972 ਵਿੱਚ ਸਾਹਿਤ ਦਾ ਨੋਬਲ ਇਨਾਮ ਮਿਲਿਆ। ਨੈਸ਼ਨਲ ਸਟੇਡੀਅਮ ਵਿੱਚ ਇੱਕ ਪ੍ਰੋਗਰਾਮ ਦਾ ਅਯੋਜਨ ਕੀਤਾ ਗਿਆ। ਹਰੇਕ ਡੈਲੀਗੇਸ਼ਨ ਨੇ ਵਿਕਟੋਰ ਜਾਰਾ ਅਤੇ ਸਾਥੀਆਂ ਦੁਆਰਾ

(ਬਾਕੀ ਹਿੱਸਾ ਪੰਨਾ 32 'ਤੇ)

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।

ਜਨਚੇਤਨਾ

•ਇੱਕ ਸੱਭਿਆਚਾਰਕ ਮੁਹਿੰਮ •ਇੱਕ ਵਿਚਾਰਕ ਪ੍ਰੋਜੈਕਟ •ਬਦਲਵੇਂ ਮੀਡੀਆ ਦਾ ਇੱਕ ਮਾਡਲ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

ਮਾਰਕਸਵਾਦ

1. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ)	30 ਰੁ
2. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ)	20 ਰੁ
3. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ)	125 ਰੁ
4. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ)	50 ਰੁ
5. ਪੂੰਜੀ ਦੀ ਉਤਪਤੀ (ਮਾਰਕਸ)	45 ਰੁ
6. ਫ਼ਿਊਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼)	60 ਰੁ
7. ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼)	50 ਰੁ
8. ਰਿਹਾਇਸ਼ੀ ਘਰਾਂ ਦਾ ਸਵਾਲ (ਫ਼ਰੈਡਰਿਕ ਏਂਗਲਜ਼)	35 ਰੁ
9. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼)	60 ਰੁ
10. ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼)	20 ਰੁ
11. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼)	35 ਰੁ
12. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼)	15 ਰੁ
13. ਲੁਡਵਿਗ ਫ਼ਿਊਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼)	30 ਰੁ
14. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼)	65 ਰੁ
15. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼ ਅਤੇ ਲੈਨਿਨ)	10 ਰੁ
16. ਕਾਰਲ ਮਾਰਕਸ ਅਤੇ ਉਸਦੀ ਸਿੱਖਿਆ (ਲੈਨਿਨ)	35 ਰੁ
17. ਰਾਜ ਅਤੇ ਇਨਕਲਾਬ (ਲੈਨਿਨ)	50 ਰੁ
18. ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ)	
19. ਖੇਤੀ ਵਿੱਚ ਪੂੰਜੀਵਾਦ (ਲੈਨਿਨ)	15 ਰੁ
20. ਰਾਜ (ਲੈਨਿਨ)	10 ਰੁ
21. ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ)	70 ਰੁ
22. ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ)	125 ਰੁ
23. ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ)	65 ਰੁ
24. ਸਾਹਿਤ ਅਤੇ ਕਲਾ ਬਾਰੇ (ਲੈਨਿਨ)	150 ਰੁ
25. ਸੋਸ਼ਲਿਜ਼ਮ ਤੇ ਜੰਗ (ਲੈਨਿਨ)	45 ਰੁ
26. ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ)	65 ਰੁ
27. ਵਿਰਸਾ ਜਿਸਨੂੰ ਅਸੀਂ ਤਿਆਗਦੇ ਹਾਂ (ਲੈਨਿਨ)	25 ਰੁ
28. ਪ੍ਰੋਲੇਤਾਰੀ ਇਨਕਲਾਬ ਅਤੇ ਗ਼ੱਦਾਰ ਕਾਊਤਸਕੀ (ਲੈਨਿਨ)	70 ਰੁ
29. ਆਰਥਕ ਰੋਮਾਂਸਵਾਦ ਦਾ ਚਰਿੱਤਰ ਚਿਤਰਨ	50 ਰੁ
30. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ)	20 ਰੁ
31. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖ਼ਤਾਂ	25 ਰੁ
32. ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ)	60 ਰੁ
33. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖ਼ਾਨੋਵ)	40 ਰੁ

ਮਾਰਕਸਵਾਦ ਤੇ ਹੋਰ ਕਿਤਾਬਾਂ

1. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ਼ ਪੋਲੀਟੀਕਲ ਇਕਾਨਮੀ)	60 ਰੁ
2. ਦਵੰਦਵਾਦ ਜ਼ਰੀਏ ਲੋਕਾਂ ਦੀ ਸੇਵਾ	10 ਰੁ
3. ਫ਼ਿਲਾਸਫ਼ੀ ਕੋਈ ਗੋਰਖ ਧੰਦਾ ਨਹੀਂ	10 ਰੁ
4. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ)	125 ਰੁ
5. ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ)	60 ਰੁ
6. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ)	60 ਰੁ
7. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ)	100 ਰੁ
8. ਅਜਿੱਤ ਬਾਲਸ਼ਵਿਕ ਨਤਾਸ਼ਾ	30 ਰੁ
9. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ	75 ਰੁ

ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਬਾਰੇ

1. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ)	40 ਰੁ
2. ਇਨਕਲਾਬ ਅੰਦਰ ਇਨਕਲਾਬ (ਆਰਿਸ ਹੰਟਰ)	20 ਰੁ

ਸਮਕਾਲੀ ਸਿਆਸੀ ਸਾਹਿਤ

1. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ	10 ਰੁ
2. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ	05 ਰੁ
3. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ	10 ਰੁ
4. ਪੈਰਿਸ ਕਮਿਊਨ ਦੀ ਅਮਰ ਕਹਾਣੀ	10 ਰੁ
5. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ	10 ਰੁ
6. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ	10 ਰੁ
7. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ)	15 ਰੁ
8. ਜੰਗਲਨਾਮਾ-ਇੱਕ ਰਾਜਨੀਤਿਕ ਪੜਚੋਲ	03 ਰੁ
9. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ)	10 ਰੁ
10. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ	20 ਰੁ
11. ਕਿਉਂ ਮਾਓਵਾਦ	10 ਰੁ
12. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ	20 ਰੁ
13. ਸੋਵੀਅਤ ਯੂਨੀਅਨ ਸਬੰਧੀ ਪ੍ਰਚਾਰੇ ਜਾਂਦੇ ਝੂਠ	10 ਰੁ
14. ਚੋਰ, ਭ੍ਰਿਸ਼ਟ, ਅੱਯਾਸ਼ ਨੇਤਾਸ਼ਾਹੀ	03 ਰੁ
15. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ)	60 ਰੁ
16. ਫ਼ਾਸੀਵਾਦ ਕੀ ਹੈ ਅਤੇ ਇਸ ਨਾਲ ਕਿਵੇਂ ਲੜੀਏ ?	15 ਰੁ
17. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ)	20 ਰੁ
18. ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ)	10 ਰੁ

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਕ੍ਰਾਸਿੰਗ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਂਜ, ਸਰਹਿੰਦ ਸ਼ਹਿਰ, ਜ਼ਿਲ੍ਹਾ - ਫਤਿਹਗੜ੍ਹ ਸਾਹਿਬ, ਪੰਜਾਬ, ਤੋਂ ਪ੍ਰਕਾਸ਼ਿਤ ਕੀਤਾ।